
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 10
June 14, 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਹੇਵਰਡ ਵਿਖੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ 126ਵਾਂ ਜਨਮ ਦਿਨ ਬੀਤੇ ਦਿਨੀਂ ਉਤਸ਼ਾਹ ਨਾਲ ਮਨਾਇਆ।
**(ਸਬੰਧਤ ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 23 ਅਤੇ 24 'ਤੇ)**



ਮਾਤਾ ਰਮਾ ਬਾਈ ਜੀ ਦੀਆਂ ਜੀਵਨ ਘਾਲਣਾਵਾਂ ਸਬੰਧੀ ਅੰਬੇਡਕਰ ਭਵਨ, ਜਲੰਧਰ ਵਿਖੇ ਇਕ ਪਾਤਰੀ ਨਾਟਕ ਪ੍ਰਸਤੁਤ **(ਰਿਪੋਰਟ ਤੇ ਤਸਵੀਰਾਂ ਦੇਖੋ ਸਫਾ 11 'ਤੇ)**



ਡਾ. ਬੀ. ਆਰ. ਅੰਬੇਡਕਰ ਮੈਮੋਰੀਅਲ ਟਰੱਸਟ ਨੇ ਬੁੱਧ ਵਿਹਾਰ, ਸਿਧਾਰਥ ਨਗਰ (ਜਲੰਧਰ) ਵਿਖੇ ਬੁੱਧ ਜੈਅੰਤੀ ਮਨਾਈ ਗਈ। **(ਰਿਪੋਰਟ ਤੇ ਤਸਵੀਰਾਂ ਦੇਖੋ ਸਫਾ 12 'ਤੇ)**

# ਮੋਦੀ-ਟਰੰਪ ਮੁਲਾਕਾਤ 'ਤੇ ਭਾਰਤੀ-ਅਮਰੀਕੀਆਂ ਨੂੰ ਆਸ

## ਐਚ1 ਵੀਜ਼ਾ ਸਮੇਤ ਕਈ ਅਹਿਮ ਮਸਲਿਆਂ 'ਤੇ ਹੋਵੇਗਾ ਵਿਚਾਰ


**ਵਾਸ਼ਿੰਗਟਨ (ਬਿਊਰੋ)-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਵਿਚਾਲੇ ਹੋਣ ਵਾਲੀ ਪਹਿਲੀ ਮੀਟਿੰਗ ਭਾਰਤ ਤੇ ਅਮਰੀਕਾ ਵਿਚਾਲੇ ਭਾਈਵਾਲੀ ਨੂੰ ਹੋਰ ਵਿਸਤਾਰ ਦੇਣ ਲਈ ਇੱਕ ਨਜ਼ਰੀਆ ਪੇਸ਼ ਕਰੇਗੀ। ਦੁਨੀਆਂ ਦੇ ਦੋ ਸਭ ਤੋਂ ਵੱਡੇ ਲੋਕਤੰਤਰਾਂ ਦੇ ਆਗੂ ਅਤਿਵਾਦ ਨਾਲ ਜੁੜੇ ਮੁੱਦਿਆਂ ਤੇ ਐਚ1ਬੀ ਵੀਜ਼ਾ ਨਿਯਮਾਂ 'ਚ ਸੰਭਾਵੀ ਤਬਦੀਲੀ ਨਾਲ ਜੁੜੀਆਂ ਭਾਰਤ ਦੀਆਂ ਫਿਕਰਾਂ ਵਰਗੇ ਦੁਵੱਲੇ ਮੁੱਦਿਆਂ 'ਤੇ ਚਰਚਾ ਲਈ 26 ਜੂਨ ਨੂੰ ਮੀਟਿੰਗ ਕਰਨਗੇ।



ਵ੍ਹਾਈਟ ਹਾਊਸ ਦੇ ਪ੍ਰੈੱਸ ਸਕੱਤਰ ਸੀਨ ਸਪਾਈਸਰ ਨੇ ਪੱਤਰਕਾਰਾਂ ਨੂੰ ਕਿਹਾ, 'ਤੁਸੀਂ ਆਸ ਕਰ ਸਕਦੇ ਹੋ ਕਿ ਦੋਵੇਂ ਆਗੂ ਇੱਕ ਅਜਿਹਾ ਨਜ਼ਰੀਆ ਪੇਸ਼ ਕਰਨਗੇ ਜੋ ਭਾਰਤ ਤੇ ਅਮਰੀਕਾ ਦੀ ਭਾਈਵਾਲੀ ਨੂੰ ਵੱਡੇ ਤੇ ਯੋਗ ਢੰਗ ਨਾ ਵਾਧਾ ਦੇਵੇ।' ਸਪਾਈਸਰ ਨੇ ਕਿਹਾ ਕਿ ਦੋਵੇਂ ਆਗੂ ਭਾਰਤ ਤੇ ਅਮਰੀਕਾ ਦੀ ਭਾਈਵਾਲੀ ਵਧਾਉਣ ਲਈ ਇੱਕ ਸਾਂਝਾ ਦ੍ਰਿਸ਼ਟੀਕੋਣ ਪੇਸ਼ ਕਰ ਸਕਦੇ ਹਨ। ਉਨ੍ਹਾਂ ਅਤਿਵਾਦੀ ਨਾਲ ਲੜਾਈ, ਆਰਥਿਕ ਵਿਕਾਸ ਨੂੰ ਜ਼ੋਰ ਦੇਣ, ਸੁਧਾਰਾਂ ਤੇ ਸੁਰੱਖਿਆ ਸਹਿਯੋਗ ਨੂੰ ਦਿੱਤੇ ਜਾਣ ਵਾਲੇ ਵਾਧੇ ਨੂੰ ਹਿੰਦ-ਪ੍ਰਸ਼ਾਂਤ ਖੇਤਰ ਦੀਆਂ ਸਾਂਝੀਆਂ ਪਹਿਲਕਦਮੀਆਂ ਦੱਸਿਆ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਟਰੰਪ ਤੇ ਪ੍ਰਧਾਨ ਮੰਤਰੀ ਮੋਦੀ ਅਮਰੀਕਾ ਤੇ ਭਾਰਤ ਲਈ ਅਜਿਹੀ ਭਾਈਵਾਲੀ ਲਈ ਇੱਕ ਸਾਂਝਾ ਨਜ਼ਰੀਆ ਤਿਆਰ ਕਰਨ 'ਤੇ ਕੰਮ ਕਰਨਗੇ, ਜੋ 1.6 ਅਰਬ ਨਾਗਰਿਕਾਂ ਲਈ ਚੰਗਾ ਹੋਵੇ। ਸ੍ਰੀ ਮੋਦੀ ਨੇ ਜਦੋਂ ਜਨਵਰੀ ਮਹੀਨੇ ਟਰੰਪ ਨੂੰ ਰਾਸ਼ਟਰਪਤੀ ਬਣਨ 'ਤੇ ਵਧਾਈ ਦੇਣ ਨਹੀ ਫੋਨ ਕੀਤਾ ਸੀ ਤਾਂ ਟਰੰਪ ਨੇ ਮੋਦੀ ਨੂੰ ਵਾਸ਼ਿੰਗਟਨ ਆਉਣ ਦਾ ਸੱਦਾ ਦਿੱਤਾ ਸੀ।

## ਪੰਜਾਬ ਸਰਕਾਰ ਦੇ ਪਹਿਲੇ ਬਜਟ 'ਚ ਉਡੇਗਾ ਰੇਤਾ- ਬਜਰੀ

**ਚੰਡੀਗੜ੍ਹ (ਬਿਊਰੋ)-** ਪੰਜਾਬ ਵਿਧਾਨ ਸਭਾ ਦੇ ਭਲਕੇ ਸ਼ੁਰੂ ਹੋਣ ਵਾਲੇ ਬਜਟ ਸੈਸ਼ਨ ਦੇ ਹੰਗਾਮਾ ਭਰਪੂਰ ਰਹਿਣ ਦੇ ਆਸਾਰ ਹਨ। ਇਹ ਸੈਸ਼ਨ 14 ਤੋਂ 23 ਜੂਨ ਤਕ ਚੱਲੇਗਾ। 20 ਜੂਨ ਨੂੰ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਚਾਲੂ ਮਾਲੀ ਵਰ੍ਹੇ ਦਾ ਬਜਟ ਪੇਸ਼ ਕਰਨਗੇ।



ਸਿੰਜਾਈ ਤੇ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਦੇ 'ਖਾਨਸਾਮੇ' ਨੂੰ ਰੇਤ ਦੀ ਖੱਡ ਅਲਾਟ ਹੋਣ ਦਾ ਮਾਮਲਾ ਇਸ ਸੈਸ਼ਨ ਦੌਰਾਨ ਵੱਡਾ ਮੁੱਦਾ ਬਣ ਸਕਦਾ ਹੈ। ਪੰਜਾਬ ਦੀ ਪਿਛਲੀ ਅਕਾਲੀ-ਭਾਜਪਾ ਸਰਕਾਰ 'ਤੇ ਵਿੱਤੀ ਬੇਨਿਯਮੀਆਂ ਦੇ ਦੋਸ਼ ਲਾਉਂਦਿਆਂ ਕਾਂਗਰਸ ਸਰਕਾਰ ਨੇ ਸਰਕਾਰੀ ਕਰਜ਼ੇ ਤੇ ਵਿੱਤੀ ਹਾਲਾਤ ਬਾਰੇ ਵ੍ਹਾਈਟ ਪੇਪਰ ਲਿਆਉਣ ਦਾ ਐਲਾਨ ਕੀਤਾ ਹੈ।

ਇਸ ਮੁੱਦੇ 'ਤੇ ਕਾਂਗਰਸੀਆਂ ਤੇ ਅਕਾਲੀਆਂ ਦੇ ਸਿੰਗ ਫਸਣ ਦੀ ਸੰਭਾਵਨਾ ਹੈ ਕਿਉਂਕਿ ਅਕਾਲੀ ਦਲ ਵੱਲੋਂ ਵੀ ਕਰਜ਼ੇ ਨੂੰ ਜਾਇਜ਼ ਠਹਿਰਾਉਣ ਵਾਸਤੇ ਸਫੇਦ ਪੱਤਰ ਤਿਆਰ ਕੀਤਾ ਜਾ ਰਿਹਾ ਹੈ। **(ਬਾਕੀ ਸਫਾ 8 ਤੇ)**

## ਟੈਰੇਜ਼ਾ ਮੇਅ ਬਣੀ ਰਹੇਗੀ ਬਰਤਾਨੀਆ ਦੀ ਪ੍ਰਧਾਨ ਮੰਤਰੀ

**ਲੰਡਨ-** ਬਰਤਾਨਵੀ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਵੱਲੋਂ ਮੱਧਕਾਲੀ ਚੋਣਾਂ ਕਰਾਉਣ ਦਾ ਉਠਾਇਆ ਗਿਆ ਜੋਖਮ ਉਨ੍ਹਾਂ ਲਈ ਨੁਕਸਾਨਦੇਹ ਸਾਬਤ ਹੋਇਆ ਤੇ ਦੇਸ਼ ਦੇ ਵੋਟਰਾਂ ਨੇ ਕਿਸੇ ਵੀ ਪਾਰਟੀ ਨੂੰ ਬਹੁਮਤ ਨਾ ਦਿੰਦਿਆਂ ਲਟਕਵੀਂ ਸੰਸਦ ਦਾ ਫ਼ਤਵਾ ਦਿੱਤਾ ਹੈ। ਬੀਬੀ ਮੇਅ ਦੀ ਕੰਜ਼ਰਵੇਟਿਵ ਪਾਰਟੀ ਸਭ ਤੋਂ ਵੱਡੀ ਪਾਰਟੀ ਜ਼ਰੂਰ ਬਣੀ ਪਰ ਆਮ ਬਹੁਮਤ ਤੋਂ ਇਸ ਦੀਆਂ ਸੀਟਾਂ 'ਚ ਅੱਠ ਦੀ ਕਮੀ ਰਹਿ ਗਈ। ਉਂਜ ਮਹਾਰਾਣੀ ਐਲਿਜ਼ਾਬੈਥ ਦੋਇਮ ਨੇ ਉਨ੍ਹਾਂ ਨੂੰ ਨਵੀਂ ਸਰਕਾਰ ਬਣਾਉਣ ਦਾ ਸੱਦਾ ਦੇ ਦਿੱਤਾ ਹੈ।



ਨਤੀਜਿਆਂ ਤੋਂ ਨਿਰਾਸ਼ ਬੀਬੀ ਮੇਅ (60) ਨੇ ਉਂਜ ਅਸਤੀਫ਼ੇ ਦੀ ਮੰਗ ਖ਼ਾਰਜ ਕਰਦਿਆਂ ਕਿਹਾ ਕਿ ਉਹ ਉੱਤਰੀ ਆਇਰਲੈਂਡ ਦੀ ਡੈਮੋਕ੍ਰੈਟਿਕ ਯੂਨੀਅਨਿਸਟ ਪਾਰਟੀ (ਡੀਯੂਪੀ) ਦੀ ਗ਼ੈਰਰਸਮੀ ਹਮਾਇਤ ਨਾਲ ਸਰਕਾਰ ਬਣਾਉਣਗੇ। ਉਨ੍ਹਾਂ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ, ''ਮੈਂ ਹੁਣੇ ਮਾਣਯੋਗ ਮਹਾਰਾਣੀ ਨੂੰ ਮਿਲੀ ਹਾਂ ਤੇ ਹੁਣ ਮੈਂ ਸਰਕਾਰ ਬਣਾਵਾਂਗੀ, ਜੋ ਸਥਿਰਤਾ ਮੁਹੱਈਆ ਕਰਵਾ ਸਕੇ ਤੇ ਇਸ ਬਹੁਤ ਨਾਜ਼ੁਕ ਮੌਕੇ ਬਰਤਾਨੀਆ ਨੂੰ ਅੱਗੇ ਲਿਜਾ ਸਕੇ।'' ਉਨ੍ਹਾਂ ਕਿਹਾ ਕਿ ਟੋਰੀਆਂ ਤੇ ਡੀਯੂਪੀ ਦਾ ਮਿਲਵਰਤਣ ਦਾ ਲੰਬਾ ਇਤਿਹਾਸ ਹੈ। **(ਬਾਕੀ ਸਫਾ 8 ਤੇ)**



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562) 3222 PENELOPE DR. STOCKTON, CA- 95212 (NEAR HWY 99 ON MORADA LANE)


ELITE REALTY SERVICES
Shangara Ram
Realtor
CalBRE# 01969522
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Cell: 916-479-5587, Fax: 916-917-5773
Office: 916-681-5112 shangararam2@gmail.com
7412 Elsie Ave., Sacramento, CA 95828

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

ELITE REALTY SERVICES
7412 Elsie Ave Sacramento, CA 95828
Shaan Nijjar (916) 751-8852
Realtor® CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Buy/ Sell Real Estate Residential or Commercial

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-338-5511
Email: IndiaMarketRoseville@gmail.com


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਗੁਰੂ ਅਰਜਨ ਦੇਵ ਦੀ ਦਾ ਸ਼ਹੀਦੀ ਦਿਵਸ ਅਤੇ ਦਰਬਾਰ ਸਾਹਿਬ 'ਤੇ ਭਾਰਤੀ ਹਮਲੇ ਦੀ 33 ਵੀ ਵਰੇ ਗੰਢ ਮੌਕੇ ਸੈਨ ਫਰਾਂਸਿਸਕੋ ਵਿਚ ਸਿੱਖਾਂ ਦੀ ਵਿਸ਼ਾਲ ਇਕੱਠ

**ਸੈਨ ਫਰਾਂਸਿਸਕੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਦੇ ਸਿੱਖ ਭਾਈਚਾਰੇ ਨੇ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਅਤੇ 1984 ਵਿਚ ਸਿੱਖਾਂ ਦੇ ਪਵਿੱਤਰ ਧਾਰਮਿਕ ਅਸਥਾਨ ਦਰਬਾਰ ਸਾਹਿਬ 'ਤੇ ਭਾਰਤ ਸਰਕਾਰ ਵਲੋਂ ਕੀਤੇ ਗਏ ਹਮਲੇ ਦੀ 33 ਵੀਂ ਵਰੇ ਗੰਢ ਸੈਨ ਫਰਾਂਸਿਸਕੋ ਵਿਖੇ ਨਗਰ ਕੀਰਤਨ ਦੇ ਰੂਪ ਚ ਸਮੂਹਕ ਤੌਰ ਤੇ ਮਨਾਈ। ਇਸ ਮੌਕੇ ਵਿਸਾਲ ਸਮਾਗਮ ਵਿਚ ਬੇਅ ਏਰੀਆ, ਸੈਕਰਾਮੈਂਟੋ ਅਤੇ ਕੇਂਦਰੀ ਵਾਦੀ ਤੇ ਹੋਰ ਵੱਖ ਵੱਖ ਥਾਵਾਂ ਤੋਂ ਹਜਾਂਰਾਂ ਸਿੱਖਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਕੱਢੀ ਗਈ ਪਰੇਡ ਵਿਚ ਇਸ ਗਲ ਨੂੰ ਪ੍ਰਮੁੱਖਤਾ ਨਾਲ ਉਭਾਰਿਆ ਗਿਆ ਕਿ 33 ਸਾਲ ਬੀਤ ਜਾਣ ਦੇ ਬਾਅਦ ਵੀ ਘੱਟ ਗਿਣਤੀ ਸਿੱਖਾਂ ਦੀਆਂ ਧਾਰਮਿਕ ਅਤੇ ਆਰਥਿਕ ਮੰਗਾਂ ਅਜੇ ਵੀ ਅਣਸੁਲਝੀਆਂ ਹਨ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਅਤੇ ਵੀ ਬਿਨਾਂ ਕਿਸੇ ਦੋਸ਼ ਅਤੇ ਅਪਰਾਧ ਦੇ ਜੇਲਾਂ ਵਿਚ ਬੰਦ ਹਨ। ਭਾਰਤ ਵਿਚ ਘੱਟ ਗਿਣਤੀਆਂ ਨੂੰ ਜਬਰ ਦਾ ਲਗਾਤਾਰ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਦਿੱਲੀ ਅਤੇ ਹੋਰਨਾਂ ਭਾਰਤੀ ਸ਼ਹਿਰਾਂ ਵਿਚ ਵਾਪਰੀ ਸਿੱਖ ਨਸਲਕੁਸ਼ੀ ਦੇ ਪੀੜਤ ਅਜੇ ਵੀ ਇਨਸਾਫ ਦੀ ਉਡੀਕ ਵਿਚ ਹਨ। ਸਮਾਗਮ ਦੇ ਮੁੱਖ ਬੁਲਾਰਿਆਂ ਜਿਨਾਂ ਚ ਭਾਈ ਬਲਬੀਰ ਸਿੰਘ ਰਾਗੀ, ਡਾ ਹੁਮਾ ਦਾਰ ਕਸਮੀਰ ਤੋਂ, ਭਾਈ ਹਰਪ੍ਰੀਤ ਸਿੰਘ ਟਰੰਟੋ, ਭਾਈ ਸੁੱਖਾ ਸਿੰਘ ਇੰਗਲੈਂਡ ਤੋਂ ਇਲਾਵਾ ਸਥਾਨਕ ਆਗੂਆਂ ਨੇ ਵਿਚਾਰ ਰੱਖ।



ਇਸ ਮੌਕੇ ਕਸਮੀਰ ਤੋਂ ਆਗੂ ਡਾ ਹੁਮਾ ਦਾਰ ਨੇ ਆਪਣੀ ਪ੍ਰਭਾਵਸਾਲੀ ਤਕਰੀਰ ਚ ਕਿਹਾ ਕਿ ਮੈਂ ਇਸ ਗੱਲੋਂ ਪਭਾਵਤ ਹੋਈ ਹਾਂ ਕਿ ਸਿੱਖਾ ਦੇ ਬੱਚਿਆਂ ਨੂੰ ਵੀ ਅਪਣੇ ਨਾਲ ਹੋਈਆਂ ਜਿਆਦਤੀਆਂ ਦਾ ਪਤਾ ਹੈ, ਉਨਾਂ ਕਿਹਾ ਕਿ ਕਸਮੀਰ ਤੇ ਲੋਕਾਂ ਨੇ ਤੇ ਸਿੱਖਾਂ ਨੇ ਭਾਰਤੀ ਹਕੂਮਤ ਤੋਂ ਬਰਾਬਰ ਦਰਦ ਹੰਡਾਇਆ ਤੇ ਸਿੱਖ ਤੇ ਕਸਮੀਰੀ ਅਜਾਦੀ ਤੱਕ ਜੂਝਦੇ ਰਹਿਣਗੇ। ਇਸ ਮੌਕੇ ਭਾਈ ਹਰਪ੍ਰੀਤ ਸਿੰਘ ਟਰੰਟੋ ਨੇ ਵੱਖ ਵੱਖ ਸਰਕਾਰਾਂ ਵਲੋ ਸਿੱਖਾਂ ਨਾਲ ਹੁੰਦੀਆਂ ਜਿਆਦਤੀਆਂ ਦਾ ਵੇਰਵਾ ਖੁੱਲ ਕੇ ਸੰਗਤਾਂ ਅੱਗੇ ਰੱਖਿਆ ਤੇ ਕਿਹਾ ਸਾਨੂੰ ਕੁੱਤਿਆਂ ਵਾਂਗ ਮਾਰਿਆ ਗਿਆ ਤੇ ਅੱਜ ਤੱਕ ਇਨਸਾਫ ਨਹੀਂ ਮਿਲਿਆ। ਭਾਈ ਸੁੱਖਾ ਸਿੰਘ ਜੋ ਇੰਗਲੈਂਡ ਤੋਂ ਆਏ ਸਨ ਨੇ ਵੀ ਸਹੀਦ ਸਿੰਘਾ ਦੀਆਂ ਸਹੀਦੀਆ ਤੇ ਭਾਰਤੀ ਸਰਕਾਰ ਵਲੋਂ ਕੀਤੀ ਗਈ ਸਿੱਖਾਂ ਦੀ ਨਸਲਕੁਸੀ ਦੀ ਅਸਿਹ ਦਾਸਤਾਨ ਬਿਆਨ ਕੀਤੀ ਹੋਰ ਬੁਲਾਰਿਆਂ ਨੇ ਕਿਹਾ ਕਿ ਅਸੀ ਇਥੇ ਹਰ ਸਾਲ ਇਕੱਠੇ ਹੁੰਦੇ ਹਾਂ ਤੇ ਦਰਬਾਰ ਸਾਹਿਬ ਦੀ ਰਾਖੀ ਲਈ ਆਪਣੀਆਂ ਜਾਨਾਂ ਵਾਰ ਗਏ ਸਾਡੇ ਭਰਾਵਾਂ ਤੇ ਭੈਣਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹਾਂ।

ਉਨਾਂ ਨੇ ਕਿਹਾ ਕਿ ਅਸੀ ਉਨਾਂ ਨੂੰ ਕਦੀ ਵੀ ਭੁਲ ਨਹੀ ਸਕਦੇ ਤੇ ਨਾ ਹੀ ਕਦੀ ਭੁਲਾਉਣਾ ਚਾਹੀਦਾ ਹੈ। ਉਨਾਂ ਨੇ ਕਿਹਾ ਕਿ ਵੱਖਰਾ ਸਿੱਖ ਰਾਜ ਹੀ ਸਿੱਖਾਂ ਦੀ ਸੁਰਖਿਆ ਦਾ ਇਕੋ ਇਕ ਹੱਲ ਹੈ। ਅਪਰੇਸ਼ਨ ਬਲਿਊ ਸਟਾਰ ਭਾਰਤੀ ਇਤਿਹਾਸ ਵਿਚ ਇਕ ਕਦੀ ਨਾ ਮਿਟਣ ਵਾਲਾ ਕਾਲਾ ਧੱਬਾ ਬਣ ਗਿਆ ਜਿਸ ਦੌਰਾਨ ਭਾਰਤੀ ਫੌਜ ਨੇ ਕਿਸੇ ਸਿਆਸੀ ਆਗੂ ਦੀ ਗ੍ਰਿਫਤਾਰੀ ਜਾ ਮਾਰਨ ਲਈ ਕਾਰਵਾਈ ਨਹੀਂ ਕੀਤੀ ਗਈ ਸਗੋਂ ਖੁਦਮੁਖਤਿਆਰੀ ਦੀ ਮੰਗ ਕਰ ਰਹੇ ਸਿੱਖਾਂ ਨੂੰ ਦਬਾਉਣ ਦਾ ਯਤਨ ਕੀਤਾ ਗਿਆ ਸੀ।

ਪਰ ਦਰਬਾਰ ਸਾਹਿਬ ਦੀ ਬੇਹੁਰਮਤੀ ਖਿਲਾਫ ਡੱਟੇ ਸਿੱਖਾਂ ਨੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਵਾਲਿਆਂ ਦੀ ਅਗਵਾਈ ਵਿਚ ਭਾਰਤੀ ਫੌਜ ਦਾ ਡਟਕੇ ਮੁਕਾਬਲਾ ਕੀਤਾ ਸੀ। ਇਸ ਹਮਲੇ ਦੀ ਕੋਈ ਜਾਂਚ ਨਹੀਂ ਕਰਵਾਈ ਗਈ ਕਿਸੇ ਨੂੰ ਜਵਾਬਦੇਹ ਨਹੀਂ ਬਣਾਇਆ ਗਿਆ। ਇਸ ਵਿਸਾਲ ਸਮਾਗਮ ਵਿੱਚ ਜਿਥੇ ਦੂਰ ਨੇੜਿਓਂ ਸਿੱਖ ਭਾਈਚਾਰੇ ਦੇ ਲੋਕ ਵੱਡੀ ਗਿਣਤੀ ਚ ਇਕੱਠੇ ਹੋਏ ਉਥੇ ਸਿੱਖ ਭਾਈਚਾਰੇ ਦੇ ਲੀਡਰ ਵੀ ਥੋਕ ਵਿੱਚ ਪਹੁੰਚੇ, ਜਿਨਾਂ ਚ ਡਾ ਪ੍ਰਿਤਪਾਲ ਸਿੰਘ ਏ ਜੀ ਪੀ ਸੀ, ਸ. ਜੌਨ ਸਿੰਘ ਗਿੱਲ, ਸ. ਜਸਜੀਤ ਸਿੰਘ ਸ. ਸੰਤ ਸਿੰਘ ਹੋਠੀ, ਸ. ਹਰਪ੍ਰੀਤ ਸਿੰਘ ਸੰਧੂ, ਹਰਜੋਤ ਸਿੰਘ ਖਾਲਸਾ, ਬਲਵੰਤ ਸਿੰਘ ਵਿਰਕ, ਜਸਵਿੰਦਰ ਸਿੰਘ ਜੰਡੀ,ਲਾਲੀ ਧਨੋਆ, ਭਿੰਦਾ ਗਾਖਲ, ਕੁਲਜੀਤ ਸਿੰਘ ਨਿੱਝਰ, ਹਰਨੇਕ ਸਿੰਘ ਅਟਵਾਲ, ਸ. ਬਲਰਾਜ ਸਿੰਘ ਢਿਲੋਂ, ਜਸਦੇਵ ਸਿੰਘ, ਕਸਮੀਰ ਸਿੰਘ ਸਾਹੀ, ਦਰਸਨ ਸਿੰਘ ਆਦਿ ਵੀ ਇਸ ਸਹੀਦੀ ਸਮਾਗਮ ਵਿੱਚ ਸਾਮਿਲ ਹੋਏ। ਇਸ ਮੌਕੇ ਧਾਰਮਿਕ ਸਟੇਜ ਤੋਂ ਸਾਰੀ ਕਾਰਵਾਈ ਸ ਦਵਿੰਦਰ ਸਿੰਘ ਬੱਬਰ ਨੇ ਚਲਾਈ। ਭਾਵੇਂ ਸਟੇਜ ਤੇ ਮੁੱਖ ਬੁਲਾਰਿਆਂ ਨੂੰ ਕਾਫੀ ਬਾਅਦ ਚ ਬੁਲਾਇਆ ਗਿਆ ਪਰ ਫਿਰਵੀ ਸੈਨ ਫਰਾਂਸਿਸਕੋ ਦੇ ਸਵਿਕ ਸੈਂਟਰ ਦੀ ਖੁੱਲੀ ਪਾਰਕ ਚ ਠੰਡੀ ਹਵਾ ਦੇ ਬਾਵਜੂਦ ਸਿੱਖ ਸੰਗਤ ਸਮਾਗਮ ਦੇ ਅਖੀਰ ਤੱਕ ਬੁਲਾਰਿਆਂ ਨੂੰ ਸੁਣਦੀ ਰਹੀ ਇਸ ਮੌਕੇ ਸਹੀਦਾ ਦੇ ਪਰਿਵਾਰਾਂ ਦੇ ਰਸਿਤੇਦਾਰਾਂ ਨੂੰ ਵੀ ਸਿਰੋਪਾਓ ਭੇਟ ਕਰਕੇ ਸਨਮਾਨ ਦਿੱਤਾ ਗਿਆ।

## ਗੁ: ਕਲਗੀਧਰ ਸਿਲਮਾ ਵਿਖੇ ਸਹੀਦੀ ਦਿਹਾੜਾ ਸਰਧਾ ਭਾਵਨਾ ਨਾਲ ਮਨਾਇਆ ਗਿਆ

**ਸਿਲਮਾ (ਕੈਲੇਫੋਰਨੀਆਂ) ਕੁਲਵੰਤ ਧਾਲੀਆਂ/ ਨੀਟਾ ਮਾਛੀਕੇ–** ਸਥਾਨਿਕ ਗੁ: ਕਲਗੀਧਰ ਸਿਲਮਾਂ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦੀ ਦਿਹਾੜਾ ਅਤੇ ਜੂਨ ਚੁਰਾਸੀ ਦੇ ਸਮੂਹ ਸ਼ਹੀਦਾ ਦੀ ਯਾਦ ਨੂੰ ਸਮਰਪਿਤ ਦਿਹਾੜਾ ਇਲਾਕੇ ਦੇ ਟਰੱਕ ਡਰਾਈਵਰ ਵੀਰਾਂ ਅਤੇ ਸਮੂਹ ਸੰਗਤਾ ਵਲੋ, ਬੜੀ ਸ਼ਰਦਾ ਤੇ ਭਾਵਨਾ ਦੇ ਨਾਲ ਮਨਾਇਆ ਗਿਆ ਹੈ, ਜੂਨ 9 ਨੂੰ ਸ੍ਰੀ ਅਖੰਡ ਪਾਠ ਪਰਾਰੰਬ ਹੋਏ ਅਤੇ ਜੂਨ 11 ਨੂੰ ਭੋਗ ਪਾਏ ਗਏ ਹੰਨ ਉਪਰੰਤ ਕੀਰਤਨ ਦਰਬਾਰ ਹੋਇਆ ਜਿਸ ਵਿੱਚ ਭਾਈ ਅਵਤਾਰ ਸਿੰਘ ਅਤੇ ਹਰਜੀਤ ਸਿੰਘ ਦੇ ਜਥੇ ਨੇ ਕੀਰਤਨ ਦੁਆਰਾ ਹਾਜਰੀਆਂ ਭਰੀਆਂ ਅਤੇ ਸਿੱਖ ਪੰਥ ਦੇ ਮਹਾਨ ਪ੍ਰਚਾਰਕ ਭਾਈ ਪਿੰਦਰਪਾਲ ਸਿੰਘ ਨੇ ਗੁਰ-ਇਤਿਹਾਸ ਦੀ ਕਥਾ ਦੁਆਰਾ ਸੰਗਤਾਂ ਨੂੰ ਸ਼ਬਦ ਗੁਰੂ ਨਾਲ ਜੋੜਿਆ। ਭਾਈ ਰਣਧੀਰ ਸਿੰਘ ਨੇ ਕਵਿਤਾ ਨਾਲ ਹਾਜਰੀ ਭਰੀ। ਕੜਾਹ ਪ੍ਰਸ਼ਾਦ ਦੀ ਦੇਗ ਉਪਰੰਤ ਗੁਰੂ ਕਾ ਲੰਗਰ ਅਤੁਟ ਵਰਤਿਆ। ਇਸ ਸਮੇਂ ਪ੍ਰਬੰਧਕਾਂ ਨੇ ਦੱਸਿਆ ਕਿ ਗੁਰੂਘਰ ਵਿਖੇ ਹਰ ਰੋਜ ਸ਼ਾਮ ਦੇ ਦੀਵਾਨ ਵਿੱਚ ਕਥਾ ਹੋਇਆ ਕਰੇਗੀ।



## ਜੂਨ ਚੁਰਾਸੀ ਦੇ ਸ਼ਹੀਦਾਂ ਦੀ ਯਾਦ ਵਿੱਚ ਫਰਿਜਨੋ ਦੇ ਗੁਰਦਵਾਰਾ ਨਾਨਕਸਰ ਚੈਰੀ ਰੋਡ ਵਿਖੇ ਸਮਾਗਮ

**ਫਰਿਜਨੋ (ਕੈਲੇਫੋਰਨੀਆਂ) ਕੁਲਵੰਤ ਧਾਲੀਆਂ ਨੀਟਾ ਮਾਛੀਕੇ–** ਭਾਰਤੀ ਫੌਜ ਵੱਲੋਂ ਅਕਾਲ ਤਖਤ ਨੂੰ ਢਹਿ ਢੇਰੀ ਕੀਤਿਆਂ ਬੇਸ਼ੱਕ 33 ਸਾਲ ਬੀਤ ਗਏ ਹਨ, ਲੇਕਿਨ ਦੇਸ਼ ਵਿਦੇਸ ਵਿੱਚ ਬੈਠੇ ਸਿੱਖ ਅੱਜ ਵੀ ਇਸ ਘੱਲੂਘਾਰੇ ਨੂੰ ਯਾਦ ਕਰਕੇ ਝਿਜੋੜੇ ਜਾਂਦੇ ਹਨ। ਜੂਨ ਦੇ ਮਹੀਨੇ ਵਿੱਚ ਦੁਨੀਆਂ ਭਰ ਵਿੱਚ ਤੀਜੇ ਘੱਲੂਘੇਰੇ ਨੂੰ ਯਾਦ ਕਰਦਿਆਂ ਸ਼ਹੀਦੀ ਸਮਾਗਮ ਕਰਵਾਏ ਜਾਂਦੇ ਹਨ। ਇਸੇ ਕੜੀ ਤਹਿਤ ਜੂਨ ਚੁਰਾਸੀ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਫਰਿਜਨੋ ਏਰੀਏ ਦੇ ਟਰੱਕਰ ਵੀਰਾਂ ਵੱਲੋਂ ਸਥਾਨਿਕ ਗੁਰਦਵਾਰਾ ਨਾਨਕਸਰ ਚੈਰੀ ਰੋਡ ਵਿਖੇ ਸ਼ਹੀਦੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੌਰਾਂਨ ਸ਼੍ਰੀ ਅਖੰਠ ਪਾਠ ਸਹਿਬ ਦੇ ਭੋਗ ਪਾਏ ਗਏ। ਭਾਈ ਹਰਭਜਨ ਸਿੰਘ ਅਤੇ ਦਾਰਾ ਸਿੰਘ ਦੇ ਜਥੇ ਨੇ ਕੀਰਤਨ ਕੀਤਾ ਅਤੇ ਭਾਈ ਇਕਬਾਲ ਸਿੰਘ ਰਾਜਪੁਰੇ ਵਾਲਿਆ ਖੂਨੀ ਸਾਕੇ ਦੀ ਦਾਸਤਾਨ ਸੁਣਾ ਹਰ ਅੱਖ ਨੰਮ ਕਰ ਦਿੱਤੀ। ਭਾਈ ਸੁਖਜਿੰਦਰ ਸਿੰਘ ਦੇ ਢਾਡੀ ਜਥੇ ਨੇ ਢਾਡੀ-ਵਾਰਾ ਨਾਲ ਗੁਰ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਗੁਰਦਵਾਰਾ ਨਾਨਕਸਰ ਦੇ ਪ੍ਰਬੰਧਕਾਂ ਵੱਲੋਂ ਭਾਈ ਇਕਬਾਲ ਸਿੰਘ ਰਾਜਪੁਰੇ ਨੂੰ ਸਿਰੋਪਾਓ ਦੇਕੇ ਨਿਵਾਜ਼ਿਆ ਗਿਆ। ਅਰਦਾਸ ਅਤੇ ਕੜਾਹ ਪ੍ਰਸ਼ਾਦ ਉਪਰੰਤ ਗੁਰੂ ਕਾ ਲੰਗਰ ਅਤੁਟ ਵਰਤਿਆ।



## ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਡੂੰਗਰ ਵੱਲੋਂ ਭੇਜਿਆ ਪ੍ਰਸੰਸਾ ਪੱਤਰ ਡਾ. ਸਰੋਆ ਨੇ ਅਮਰੀਕਨ ਅਧਿਕਾਰੀਆਂ ਨੂੰ ਸੌਂਪਿਆ

**ਨਿਊਯਾਰਕ–** ਬੀਤੇ ਦਿਨੀਂ ਨਿਊਯਾਰਕ ਦੇ ਸਿੱਖ ਭਾਈਚਾਰੇ ਦੀ ਇਕ ਵਿਸ਼ੇਸ਼ ਇਕੱਤਰਤਾ ਨਿਊਯਾਰਕ ਦੇ ਰਾਇਲ ਪੈਲੇਸ ਭਾਰਤੀ ਰੈਸਟੋਰੈਂਟ ਵਿਖੇ ਹੋਈ। ਇਸ ਇਕੱਤਰਤਾ 'ਚ ਸਿੱਖਾਂ ਨੂੰ ਦਸਤਾਰ ਧਾਰਨ ਕਰਨ ਦੀ ਨਿਊਯਾਰਕ ਪੁਲਿਸ 'ਚ ਡੇਢ ਦਰਜਨ ਦੇ ਕਰੀਬ ਸਿੱਖ ਪੁਲਿਸ ਅਫਸਰਾਂ ਨੂੰ ਇਜਾਜ਼ਤ ਦੇਣ ਵਿਚ ਵਿਸ਼ੇਸ਼ ਭੂਮਿਕਾ ਨਿਭਾਉਣ ਵਾਲੇ ਨਿਊਯਾਰਕ ਦੇ ਮੇਅਰ ਬਿਲ ਡੀ. ਬਿਲਾਸੀਓ ਨੂੰ ਸ਼੍ਰੋਮਣੀ



ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਆਪਣੀ ਨਿੱਜੀ ਸਕੱਤਰ ਡਾ. ਪਰਮਜੀਤ ਸਿੰਘ ਸਰੋਆ ਰਾਹੀਂ ਭੇਜਿਆ ਪ੍ਰਸੰਸਾ ਪੱਤਰ ਸੌਂਪਿਆ ਗਿਆ। ਪਿਛਲੇ ਸਮੇਂ ਦੌਰਾਨ ਨਿਊਯਾਰਕ ਦੇ ਮੇਅਰ ਅਤੇ ਪੁਲਿਸ ਕਮਿਸ਼ਨਰ ਨੇ ਪੁਲਿਸ 'ਚ ਕੰਮ ਕਰਦੇ ਡੇਢ ਦਰਜਨ ਦੇ ਕਰੀਬ ਦਸਤਾਰ ਪਹਿਨਣ ਦੀ ਇਜਾਜ਼ਤ ਦਿੱਤੀ ਸੀ, ਜਿਸ ਕਰਕੇ ਸਿੱਖ ਭਾਈਚਾਰੇ 'ਚ ਨਿਊਯਾਰਕ ਦੇ ਮੇਅਰ ਅਤੇ ਪੁਲਿਸ ਕਮਿਸ਼ਨਰ ਵੱਲੋਂ ਲਏ ਗਏ ਫੈਸਲੇ ਦੀ ਬਹੁਤ ਪ੍ਰਸੰਸਾ ਹੋਈ ਸੀ। ਪ੍ਰੋ. ਬਡੂਗਰ ਵੱਲੋਂ ਪ੍ਰਸੰਸਾ ਪੱਤਰ ਤੋਂ ਇਲਾਵਾ ਉਹਨਾਂ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਵੀ ਦੋਵੇਂ ਇਹਨਾਂ ਸ਼ਖਸੀਅਤਾਂ ਨੂੰ ਆਉਣ ਦਾ ਸੱਦਾ ਵੀ ਦਿੱਤਾ।

# ਖੇਤੀ ਕਰਜ਼ਿਆਂ ਦੇ ਮੁੱਦੇ 'ਤੇ ਕੇਂਦਰ ਨੇ ਹੱਥ ਖਿਚਿਆ- ਸੂਬਾ ਸਰਕਾਰਾਂ ਫਸੀਆਂ

**ਨਵੀਂ ਦਿੱਲੀ–** ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਕਿਸਾਨੀ ਕਰਜ਼ ਮੁਆਫ਼ੀ ਸਬੰਧੀ ਸੂਬਾ ਸਰਕਾਰਾਂ ਦੀਆਂ ਵਿੱਤੀ ਦੇਣਦਾਰੀਆਂ ਦਾ ਭਾਰ ਕੇਂਦਰ ਸਰਕਾਰ ਨਹੀਂ ਚੁੱਕੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਸੂਬੇ ਇਹ ਭਾਰ ਖ਼ੁਦ ਚੁੱਕਣ।

ਕਰਜ਼ ਮੁਆਫ਼ੀ ਲਈ ਮੱਧ ਪ੍ਰਦੇਸ਼ ਵਿੱਚ ਕਿਸਾਨਾਂ ਦੇ ਹਿੰਸਕ ਅੰਦੋਲਨ ਅਤੇ ਮਹਾਰਾਸ਼ਟਰ ਸਰਕਾਰ ਵੱਲੋਂ ਕੱਲ੍ਹ ਕਿਸਾਨੀ ਕਰਜ਼ ਮੁਆਫ਼ੀ ਦੇ ਕੀਤੇ ਐਲਾਨ ਦੇ ਪਿਛੋਕੜ ਵਿੱਚ ਕੇਂਦਰ ਸਰਕਾਰ ਦਾ ਰੁਖ਼ ਕਾਫ਼ੀ ਅਹਿਮ ਹੈ। ਉੱਤਰ ਪ੍ਰਦੇਸ਼ ਸਰਕਾਰ ਨੇ ਇਸ ਸਾਲ ਦੇ ਸ਼ੁਰੂ ਵਿੱਚ ਹੀ ਛੋਟੇ ਤੇ ਹਾਸ਼ੀਏ ਉਤੇ ਧੱਕੇ ਕਿਸਾਨਾਂ ਦਾ 36,359 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰਨ ਦਾ ਐਲਾਨ ਕੀਤਾ ਸੀ।

ਜਦੋਂ ਮਹਾਰਾਸ਼ਟਰ ਸਰਕਾਰ ਵੱਲੋਂ ਕਰਜ਼ ਮੁਆਫ਼ੀ ਬਾਰੇ ਕੱਲ੍ਹ ਕੀਤੇ ਐਲਾਨ ਸਬੰਧੀ ਪੁੱਛਿਆ ਗਿਆ ਤਾਂ ਸ੍ਰੀ ਜੇਤਲੀ ਨੇ ਸਪੱਸ਼ਟ ਕੀਤਾ ਕਿ ਕੇਂਦਰੀ ਖ਼ਜ਼ਾਨੇ ਵਿੱਚੋਂ ਕੋਈ ਫੰਡ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਕਿਹਾ, "ਮੈਂ ਸੂਬਿਆਂ ਨੂੰ ਪਹਿਲਾਂ ਹੀ ਸਪੱਸ਼ਟ ਕਰ ਚੁੱਕਾ ਹਾਂ ਕਿ ਕਿਸਾਨੀ ਕਰਜ਼ ਮੁਆਫ਼ੀ ਵਰਗੀਆਂ ਸਕੀਮਾਂ ਲਈ ਉਨ੍ਹਾਂ ਨੂੰ ਆਪਣੇ ਸਰੋਤਾਂ ਤੋਂ ਫੰਡ ਇਕੱਠਾ ਕਰਨਾ ਪਵੇਗਾ। ਇਸ ਤੋਂ ਇਲਾਵਾ ਕੇਂਦਰ ਸਰਕਾਰ ਕੋਲ ਕਹਿਣ ਲਈ ਹੋਰ ਕੁਝ ਨਹੀਂ ਹੈ।"



ਇਹ ਪਹਿਲੀ ਦਫ਼ਾ ਨਹੀਂ ਹੈ ਜਦੋਂ ਸ੍ਰੀ ਜੇਤਲੀ ਨੇ ਇਸ ਮਸਲੇ ਉਤੇ ਖੁੱਲ੍ਹ ਕੇ ਗੱਲ ਕੀਤੀ ਹੈ। ਇਸ ਤੋਂ ਪਹਿਲਾਂ ਵੀ ਉਹ ਅਜਿਹੀ ਕਿਸੇ ਵੀ ਮੁਆਫ਼ੀ ਦੀ ਸੰਭਾਵਨਾ ਤੋਂ ਇਨਕਾਰ ਕਰਦਿਆਂ ਕਹਿ ਚੁੱਕੇ ਹਨ ਕਿ ਕੇਂਦਰ ਸਰਕਾਰ ਕਿਸੇ ਇਕ ਰਾਜ ਦੀ ਮਦਦ ਕਰ ਕੇ ਚੋਣਵੀਂ ਪਹੁੰਚ ਨਹੀਂ ਅਪਣਾਏਗੀ। ਸੰਸਦ ਦੇ ਪਿਛਲੇ ਸੈਸ਼ਨ ਵਿੱਚ ਉਨ੍ਹਾਂ ਕਿਹਾ ਸੀ ਕਿ ਕਈ ਰਾਜਾਂ ਵਿੱਚ ਕਰਜ਼ ਮੁਆਫ਼ੀ ਦੀ ਮੰਗ ਉੱਠ ਰਹੀ ਹੈ। ਖੇਤੀਬਾੜੀ ਖੇਤਰ ਲਈ ਕੇਂਦਰ ਸਰਕਾਰ ਦੀਆਂ ਆਪਣੀਆਂ ਨੀਤੀਆਂ ਹਨ, ਜਿਨ੍ਹਾਂ ਤਹਿਤ ਵਿਆਜ ਕਟੌਤੀ ਤੇ ਹੋਰ ਤਰ੍ਹਾਂ ਦੀ ਸਹਾਇਤਾ ਮੁਹੱਈਆ ਕੀਤੀ ਜਾਂਦੀ ਹੈ। ਵਿੱਤ ਮੰਤਰੀ ਨੇ ਕਿਹਾ ਸੀ ਕਿ ਜੇ ਕਿਸੇ ਰਾਜ ਕੋਲ ਆਪਣੇ ਸਰੋਤ ਹਨ ਅਤੇ ਉਹ ਇਸ ਦਿਸ਼ਾ ਵਿੱਚ ਅੱਗੇ ਵਧਣਾ ਚਾਹੁੰਦਾ ਹੈ ਤਾਂ ਉਸ ਨੂੰ ਆਪਣੇ ਸਰੋਤ ਜੁਟਾਉਣੇ ਪੈਣਗੇ। ਕੇਂਦਰ ਵੱਲੋਂ ਇਕ ਰਾਜ ਦੀ ਮਦਦ ਕਰਨ ਅਤੇ ਹੋਰਾਂ ਦੀ ਨਾ ਕਰਨ ਦੀ ਸਥਿਤੀ ਪੈਦਾ ਨਹੀਂ ਹੋਵੇਗੀ।

ਮੌਜੂਦਾ ਹਾੜ੍ਹੀ ਸੀਜ਼ਨ ਵਿੱਚ ਬੰਪਰ ਫਸਲ ਉਤਪਾਦਨ ਦੇ ਬਾਵਜੂਦ ਕਈ ਰਾਜਾਂ ਵਿੱਚ ਕਿਸਾਨ ਸੰਕਟ ਵਿੱਚ ਹਨ ਕਿਉਂਕਿ ਘਰੇਲੂ ਤੇ ਕੌਮਾਂਤਰੀ ਬਾਜ਼ਾਰ ਵਿੱਚ ਕੀਮਤਾਂ ਤੇਜ਼ੀ ਨਾਲ ਡਿੱਗੀਆਂ ਹਨ, ਜਿਸ ਕਾਰਨ ਦੇਸ਼ ਵਿੱਚ ਅੰਦੋਲਨ ਵਰਗੀ ਸਥਿਤੀ ਪੈਦਾ ਹੋ ਗਈ ਹੈ। ਰਿਜ਼ਰਵ ਬੈਂਕ ਦੇ ਗਵਰਨਰ ਉਰਜਿਤ ਪਟੇਲ ਪਹਿਲਾਂ ਹੀ ਚੇਤਾਵਨੀ ਦੇ ਚੁੱਕੇ ਹਨ ਕਿ ਜੇ ਰਾਜ ਸਰਕਾਰਾਂ ਅਜਿਹੇ ਤਰੀਕਿਆਂ ਨਾਲਾ ਪੈਸਾ ਖਰਚਣਗੀਆਂ ਤਾਂ ਵਿੱਤੀ ਹਾਲਾਤ ਵੱਸ ਤੋਂ ਬਾਹਰ ਹੋ ਜਾਣਗੇ। ਇਸ ਨਾਲ ਮਹਿੰਗਾਈ ਵੀ ਵਧ ਸਕਦੀ ਹੈ।

ਰਿਜ਼ਰਵ ਬੈਂਕ ਨੇ ਪਿਛਲੇ ਹਫ਼ਤੇ 2017-18 ਲਈ ਐਲਾਨੀ ਆਪਣੀ ਦੋ ਮਹੀਨਿਆਂ ਦੀ ਮਾਲੀ ਨੀਤੀ ਦੀ ਸਮੀਖਿਆ ਵਿੱਚ ਕਿਹਾ ਸੀ ਕਿ ਕਿਸਾਨ ਕਰਜ਼ ਮੁਆਫ਼ੀ ਦੇ ਅਜਿਹੇ ਐਲਾਨਾਂ ਨਾਲ ਵਿੱਤੀ ਸੰਕਟ ਦਾ ਖ਼ਤਰਾ ਹੈ। ਇਸ ਨਾਲ ਮਹਿੰਗਾਈ ਦਰ ਵਧ ਸਕਦੀ ਹੈ। ਰਿਜ਼ਰਵ ਬੈਂਕ ਆਪਣੀ ਮਾਲੀ ਨੀਤੀ ਬਾਰੇ ਫੈਸਲੇ ਲੈਣ ਲਈ ਪਰਚੂਨ ਮਹਿੰਗਾਈ ਦਰ ਉਤੇ ਨੇੜਿਓਂ ਨਜ਼ਰ ਰੱਖਦਾ ਹੈ। ਉਹ ਮੰਗ ਤੇ ਸਪਲਾਈ ਵਿਚਾਲੇ ਤਵਾਜ਼ਨ ਬਿਠਾਉਣ ਲਈ ਰੈਪੋ ਦਰ ਵਰਗੇ ਹਥਿਆਰ ਵਰਤਦਾ ਹੈ। ਇਹ ਉਹ ਦਰ ਹੈ, ਜਿਸ ਉਤੇ ਇਹ ਕੇਂਦਰੀ ਬੈਂਕ ਦੂਜੇ ਬੈਂਕਾਂ ਨੂੰ ਕਰਜ਼ਾ ਦਿੰਦਾ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਗੁਰੂ ਹਰਗੋਬਿੰਦ ਜੀ ਅਤੇ ਸਤਿਗੁਰੂ ਕਬੀਰ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ








**ਸੈਕਰਾਮੈਂਟੋ-** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਬੀਤੇ ਐਤਵਾਰ 11 ਜੂਨ 2017 ਨੂੰ ਸ੍ਰੀ ਗੁਰੂ ਰਵਿਦਾਸ ਸਭਾ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੇ ਧੰਨ ਧੰਨ ਸਤਿਗੁਰੂ ਕਬੀਰ ਸਾਹਿਬ ਅਤੇ ਛੇਵੀਂ ਪਾਤਸ਼ਾਹੀ ਸ੍ਰੀ ਗੁਰ ਹਰਗੋਬਿੰਦ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ।

ਇਸ ਮੌਕੇ ਗੁਰੂ ਘਰ ਦੇ ਰਾਗੀ ਜਥੇ ਭਾਈ ਸਾਹਿਬ ਭਾਈ ਨਿਰਮਲ ਸਿੰਘ ਜੀ ਅਤੇ ਭਾਈ ਸਾਹਿਬ ਜਸਪਾਲ ਸਿੰਘ ਜੀ ਜਥੇ ਨੇ ਜਿੱਥੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ, ਉਥੇ ਸੰਤ ਭਗਵਾਨ ਦਾਸ ਜੀ (ਨਗਰ ਵਾਲਿਆਂ) ਜੀ ਨੇ ਇਲਾਹੀ ਬਾਣੀ ਦਾ ਰਸਭਿੰਨਾ ਸ਼ਬਦ ਗਾਇਨ ਕਰਦਿਆਂ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ ਲਈ ਪ੍ਰੇਰਿਆ। ਸਟੇਜ ਦੀ ਸੇਵਾ ਨਿਭਾਉਂਦਿਆਂ ਪ੍ਰਧਾਨ ਸ੍ਰੀ ਰਮੇਸ਼ ਬੰਗੜ ਜੀ ਨੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਗੁਰਪੁਰਬ ਦਿਹਾੜਿਆਂ ਦੀ ਵਧਾਈ ਦਿੱਤੀ ਅਤੇ ਸੰਗਤਾਂ ਅਤੇ ਸੰਤਾਂ ਦਾ ਕੋਟਿਨ-ਕੋਟਿ ਧੰਨਵਾਦ ਕੀਤਾ। ਇਸ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਸਿਖਸ ਫਾਰ ਜਸਟਿਸ ਵਲੋਂ ਅਪਰੇਸ਼ਨ ਬਲਿਊ ਸਟਾਰ ਸੰਬਧੀ ਟ੍ਰਿਬਿਊਨਲ ਗਠਨ ਕਰਨ ਲਈ ਯੂ ਐਨ ਨੂੰ ਅਪੀਲ-ਯੂ ਐਨ ਹੈਡਕੁਆਰਟਰ ਅੱਗੇ ਮੁਜ਼ਾਹਰਾ

**ਕੈਲੀਫੋਰਨੀਆ, (ਹੁਸਨ ਲੜੋਆ ਬੰਗਾ)**–ਸਾਕਾ ਨੀਲਾ ਤਾਰਾ ਦੀ 33 ਵੀਂ ਵਰ੍ਹੇ ਗੰਢ ਮੌਕੇ ਸੈਂਕੜੇ ਦੀ ਗਿਣਤੀ ਵਿਚ ਸਿੱਖਾਂ ਨੇ ਯੂ ਐਨ ਹੈਡਕੁਆਰਟਰ ਅੱਗੇ ਮੁਜ਼ਾਹਰਾ ਕੀਤਾ ਅਤੇ ਮਨੁੱਖੀ ਅਧਿਕਾਰ ਸੰਗਠਣ ਸਿਖਸ ਫਾਰ ਜਸਟਿਸ ਨੇ ਯੂ ਐਨ ਦੇ ਮਨੁੱਖੀ ਅਧਿਕਾਰਾਂ ਬਾਰੇ ਸਹਾਇਕ ਸਕੱਤਰ ਨੂੰ ਇਕ ਮੰਗ ਪੱਤਰ ਸੌਂਪਿਆ ਜਿਸ ਵਿਚ ਮੰਗ ਕੀਤੀ ਗਈ ਹੈ ਕਿ ਦਰਬਾਰ ਸਾਹਿਬ ’ਤੇ ਹਮਲੇ ਦੌਰਾਨ ਜੂਨ 1984 ਵਿਚ ਸਿੱਖ ਭਾਈਚਾਰੇ ਖਿਲਾਫ ਭਾਰਤ ਵਲੋਂ ਕੀਤੇ ਗਏ ਘੋਰ ਅਪਰਾਧਾਂ ਦੀ ਜਾਂਚ ਲਈ ਇਕ ਟ੍ਰਿਬਿਊਨਲ ਦਾ ਗਠਨ ਕੀਤਾ ਜਾਵੇ। ਆਂਦਰੇ ਗਿਲਮੌਰ ਨੂੰ ਦਿੱਤੇ ਗਏ ਇਕ ਮੰਗ ਪੱਤਰ ਵਿਚ ਕਿਹਾ ਗਿਆ ਹੈ ਕਿ ਅਪਰੇਸ਼ਨ ਬਲਿਊ ਸਟਾਰ ਮਨੁੱਖਤਾ ਬਾਰੇ ਕਾਨੂੰਨੀ ਵਿਵਸਥਾਵਾਂ ਦੀ ਸਪਸ਼ਟ ਉਲੰਘਣਾ ਸੀ। 1949 ਦੇ ਜਨੇਵਾ ਕਨਵੈਨਸ਼ਨ ਦੇ ਪ੍ਰੋਟੋਕੋਲ ਅਤੇ ਧਾਰਾ 3 ਵਿਚ ਦਿੱਤੀਆਂ ਉਕਤ ਵਿਵਸਥਾਵਾਂ ਵਿਚ ਨਾਗਰਿਕਾਂ ਦੀ ਰਾਖੀ ਦੇ ਨਾਲ ਨਾਲ ਸਭਿਆਚਾਰਕ ਵਸਤੂਆਂ ਅਤੇ ਧਾਰਮਿਕ ਸਥਾਨਾਂ ਦੀ ਰਾਖੀ ਦੀ ਗੱਲ ਲਾਜ਼ਮੀ ਕਰਾਰ ਦਿੱਤੀ ਹੋਈ ਹੈ। ਖੁਦਮੁਖਤਿਆਰੀ ਦੇ ਅਧਿਕਾਰ ਦੀਆਂ ਟਰਮਾਂ ਤਹਿਤ ਪੰਜਾਬ ਸੂਬੇ ਦੇ ਰੁਤਬੇ ਅਨੁਸਾਰ ਇਹ ਹਮਲਾ 14 ਦਸੰਬਰ 1974 ਦੇ ਜਨਰਲ ਅਸੈਂਬਲੀ ਰੈਸੋਲੂਸ਼ਨ 3314 ਤਹਿਤ ਵੱਡੇ ਹਮਲੇ ਦੀ ਕਾਰਵਾਈ ਬਣਦੀ ਹੈ। ਪੰਜਾਬ ਇੰਡੀਪੈਂਡੈਂਸ ਦੇ ਨਾਂਅ ’ਤੇ ਕੀਤੇ ਗਏ ਇਸ ਮੁਜ਼ਾਹਰੇ ਦੌਰਾਨ ਭਾਰੀ ਮੀਂਹ ਦੇ ਬਾਵਜੂਦ ਟਰਾਈ ਸਟੇਟ ਇਲਾਕੇ ਤੋਂ ਵੱਡੀ ਗਿਣਤੀ ਵਿਚ ਸਿੱਖਾਂ ਨੇ ਹੱਥਾਂ ਵਿਚ ਤਖਤੀਆਂ ਫੜੀਆਂ ਸਨ ਜਿਨ੍ਹਾਂ ’ਤੇ ਲਿਖਿਆ ਹੋਇਆ ਸੀ 'ਭਾਰਤੀ ਟੈਂਕਾਂ ਨੇ ਸਿੱਖਾਂ ਦੇ ਵੈਟੀਕਨ ਨੂੰ ਤਬਾਹ ਕਰ ਦਿੱਤਾ।' ਰੈਲੀ ਵਿਚ ਖਾਲਿਸਤਾਨ ਦੀ ਕਾਇਮੀ ਪੰਜਾਬ ਨੂੰ ਆਜ਼ਾਦ ਕਰਵਾਉਣ ਲਈ ਰਿਫਰੈਂਡਮ ਕਰਵਾਈ ਜਾਵੇ ਦੇ ਨਾਅਰੇ ਲਗਾਏ ਜਾ ਰਹੇ ਸਨ। ਯੂ ਐਨ ਟ੍ਰਿਬਿਊਨਲ ਦੇ ਗਠਨ ਦੀ ਮੰਗ ਨੂੰ ਜਾਇਜ਼ ਠਹਿਰਾਉਂਦਿਆਂ ਸਿਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਸਾਕਾ ਨੀਲਾ ਤਾਰਾ ਦੌਰਾਨ ਜੋ ਕੁਝ ਭਾਰਤੀ ਫੌਜ ਨੇ ਸਿੱਖ ਸ਼ਰਧਾਲੂਆਂ ਨਾਲ ਕੀਤਾ ਗਿਆ ਉਹ ਜੰਗੀ ਅਪਰਾਧ ਸੀ। ਅਟਾਰਨੀ ਪੰਨੂ ਨੇ ਕਿਹਾ ਕਿ ਯੂ ਐਨ ਨੂੰ ਪੂਰਾ ਅਧਿਕਾਰ ਹੈ ਕਿ ਉਹ ਇਕ ਟ੍ਰਿਬਿਊਨਲ ਕਾਇਮ ਕਰੇ ਤਾਂ ਜੋ ਉਸ ਦੇ ਮੈਂਬਰ ਦੇਸ਼ਾਂ ਵਲੋਂ ਆਪਣੇ ਦੀ ਨਾਗਰਿਕਾਂ ਖਿਲਾਫ ਫੌਜੀ ਅਪਰੇਸ਼ਨਾਂ ਦੌਰਾਨ ਕੀਤੀ ਗਏ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਦੀ ਜਾਂਚ ਕੀਤੀ ਜਾ ਸਕੇ।







ਅਪਰੇਸ਼ਨ ਬਲਿਊ ਸਟਾਰ ਨਾਲ ਸੰਬਧਤ ਨਾ ਝੁਠਲਾਏ ਜਾਣ ਵਾਲੇ ਤਥ ਹਨ-ਇਹ ਸਿੱਖ ਵੱਖਵਾਦੀਆਂ ਖਿਲਾਫ ਭਾਰਤ ਵਲੋਂ ਕੀਤੀ ਗਈ ਫੌਜੀ ਕਾਰਵਾਈ ਸੀ, ਇਹ ਭਿੰਡਰਾਵਾਲੇ ਦੀ ਅਗਵਾਈ ਵਿਚ ਸਿੱਖ ਵੱਖਵਾਦੀਆਂ ਨੂੰ ਸਜ਼ਾ ਦੇਣ ਲਈ ਕੀਤੀ ਗਈ ਸੀ ਜੋ ਕਿ ਪੰਜਾਬ ਵਿਚ ਖੁਦਮੁਖਤਿਆਰੀ ਦੇ ਅਧਿਕਾਰ ਦੀ ਮੰਗ ਕਰ ਰਹੇ ਸਨ, ਇਹ ਸਿਖ ਧਰਮ ਦੇ ਸਭ ਤੋਂ ਪਵਿੱਤਰ ਧਾਰਮਿਕ ਅਸਥਾਨ ’ਤੇ ਕੀਤੀ ਗਈ ਸੀ, ਹਮਲਾਵਰ ਭਾਰਤੀ ਫੌਜ ਵਲੋਂ ਔਰਤਾਂ ਤੇ ਬੱਚਿਆਂ ਸਮੇਤ ਹਜ਼ਾਰਾਂ ਦੀ ਗਿਣਤੀ ਵਿਚ ਆਮ ਨਾਗਰਿਕਾਂ ਨੂੰ ਮਾਰ ਮੁਕਾਇਆ ਗਿਆ ਸੀ ਤੇ 2 ਤੋਂ 12 ਸਾਲ ਦੇ ਬੱਚਿਆਂ ਸਮੇਤ ਹਜ਼ਾਰਾਂ ਹੋਰ ਨਾਗਰਿਕਾਂ ਨੂੰ ਬੰਦੀ ਬਣਾ ਲਿਆ ਗਿਆ ਸੀ। ਇਸ ਸਭ ਤੋਂ ਇਹ ਸਪਸ਼ਟ ਸਾਬਿਤ ਹੁੰਦਾ ਹੈ ਕਿ ਅਪਰੇਸ਼ਨ ਬਲਿਊ ਸਟਾਰ ਦੌਰਾਨ ਭਾਰਤ ਨੇ ਉਪਰੋਕਟ ਯੂ ਐਨ ਸੰਧੀਆਂ ਦੀ ਸਪਸ਼ਟ ਤੌਰ ’ਤੇ ਉਲੰਘਣਾ ਕੀਤੀ ਹੈ।

ਪੰਜਾਬ ਇੰਡੀਪੈਂਡੈਂਸ ਰੈਲੀ ਦਾ ਆਯੋਜਨ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿਲਸ ਨਿਊਯਾਰਕ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸਿੱਖ ਯੂਥ ਆਫ ਅਮਰੀਕਾ, ਸਿਖਸ ਫਾਰ ਜਸਟਿਸ ਵਲੋਂ ਈਸਟ ਕੋਸਟ ਕੋਆਰਡੀਨੇਸ਼ਨ ਕਮੇਟੀ ਦੇ ਸਹਿਯੋਗ ਨਾਲ ਕੀਤਾ ਗਿਆ ਸੀ।

# ਪੰਜਾਬ ਦੇ ਸੀਨੀਅਰ ਅਫ਼ਸਰਾਂ ਨੂੰ ਲੋਕਪਾਲ ਦੇ ਘੇਰੇ ’ਚ ਲਿਆਉਣ ਦੀ ਤਿਆਰੀ

**ਚੰਡੀਗੜ੍ਹ-** ਕੈਪਟਨ ਸਰਕਾਰ ਨੇ ਮਜ਼ਬੂਤ ਲੋਕਪਾਲ ਬਿਲ ਰਾਹੀਂ ਸੀਨੀਅਰ ਅਧਿਕਾਰੀਆਂ ਨੂੰ ਇਸ ਦੇ ਘੇਰੇ ਵਿੱਚ ਲਿਆਉਣ ਦੀਆਂ ਤਿਆਰੀਆਂ ਵਿੱਢ ਦਿੱਤੀਆਂ ਹਨ। ਇਸ ਬਿਲ ਬਾਰੇ ਪੰਜਾਬ ਮੰਤਰੀ ਮੰਡਲ ਦੀ ਭਲਕੇ ਹੋ ਰਹੀ ਮੀਟਿੰਗ ਵਿੱਚ ਚਰਚਾ ਹੋਵੇਗੀ ਤੇ ਇਸ ਤੋਂ ਇਲਾਵਾ ਕੁੱਝ ਹੋਰ ਅਹਿਮ ਬਿਲ ਜਿਨ੍ਹਾਂ ਵਿੱਚ ਏ.ਪੀ.ਐਮ.ਸੀ. ਸੋਧ ਬਿਲ, ਖਾਲਸਾ ਯੂਨੀਵਰਸਿਟੀ ਬਿਲ, ਮਾਰਕੀਟ ਕਮੇਟੀਆਂ ਦੇ ਚੇਅਰਮੈਨਾਂ ਨੂੰ ਹਟਾਉਣ ਸਬੰਧੀ ਬਿਲ ਸ਼ਾਮਲ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਲੋਕਪਾਲ ਬਿਲ ਦਾ ਖਰੜਾ ਤਿਆਰ ਹੋ ਚੁੱਕਾ ਹੈ ਤੇ ਉਸ ਨੂੰ ਕਾਨੂੰਨੀ ਪੁਣਛਾਣ ਲਈ ਐਡਵੋਕੇਟ ਜਨਰਲ ਕੋਲ ਭੇਜ ਦਿੱਤਾ ਗਿਆ ਹੈ। ਇਸ ਬਿਲ ਦੇ ਘੇਰੇ ਵਿੱਚ ਆਈ. ਏ. ਐਸ., ਆਈ. ਪੀ. ਐਸ.ਅਤੇ ਹੋਰ ਅਧਿਕਾਰੀਆਂ ਨੂੰ ਲਿਆਂਦਾ ਜਾਣਾ ਤੈਅ ਹੈ। ਮੰਤਰੀਆਂ ਤੋਂ ਇਲਾਵਾ ਮੁੱਖ ਮੰਤਰੀ ਅਤੇ ਹੋਰ ਚੁਣੇ ਹੋਏ ਨੁਮਾਇੰਦੇ ਇਸ ਦੇ ਘੇਰੇ ਵਿੱਚ ਲਿਆਉਣ ਦੀ ਤਿਆਰੀ ਹੈ ਪਰ ਇਸ ਦੀ ਪ੍ਰਵਾਨਗੀ ਮੰਤਰੀ ਮੰਡਲ ਵੱਲੋਂ ਦਿੱਤੀ ਜਾਣੀ ਹੈ। ਦੂਜਾ ਸੂਬੇ ਦੀ ਕਿਸਾਨੀ ਨਾਲ ਜੁੜਿਆ ਐਗਰੀਕਲਚਰ ਪ੍ਰਡਿਊਸ ਮਾਰਕੀਟਿੰਗ ਕਮੇਟੀ (ਏ.ਪੀ.ਐਮ.ਸੀ.) ਸੋਧ ਬਿਲ ਵੀ ਮੀਟਿੰਗ ਵਿੱਚ ਲਿਆਉਣ ਦੀ ਤਿਆਰੀ ਹੈ ਤੇ ਇਸ ਬਿਲ ਦੇ ਪਾਸ ਹੋਣ ਨਾਲ ਨਿਜੀ ਖੇਤਰ ਦੀਆਂ ਮੰਡੀਆਂ ਵੀ ਖੋਲ੍ਹੀਆਂ ਜਾ ਸਕਣਗੀਆਂ। ਖਾਲਸਾ ਯੂਨੀਵਰਸਿਟੀ ਨੂੰ ਖਤਮ ਕਰਨ ਲਈ ਬਿਲ ਵੀ ਤਿਆਰ ਹੈ ਤੇ ਇਸ ਸਬੰਧੀ ਪਹਿਲਾਂ ਹੀ ਆਰਡੀਨੈਂਸ ਜਾਰੀ ਕੀਤਾ ਜਾ ਚੁੱਕਾ ਹੈ। ਉਚੇਰੀ ਸਿੱਖਿਆ ਵਿਭਾਗ ਨੂੰ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਤੇ ਇਸ ਬਿਲ ਨੂੰ ਵਿੱਚ ਭਲਕੇ ਦੀ ਮੀਟਿੰਗ ਵਿੱਚ ਹਰ ਹਾਲਤ ਵਿੱਚ ਪੇਸ਼ ਕੀਤਾ ਜਾਵੇ। ਮੀਟਿੰਗ ਵਿੱਚ ਪਰਵਾਸੀ ਭਾਰਤੀਆਂ ਦੇ ਮਸਲਿਆਂ ਨੂੰ ਜਲਦੀ ਹੱਲ ਕਰਨ ਅਤੇ ਨਸ਼ੀਲੇ ਪਦਾਰਥਾਂ ਦੇ ਕੇਸਾਂ ਨਾਲ ਸਬੰਧਤ ਮਸਲਿਆਂ ਦੇ ਜਲਦੀ ਨਿਬੇੜੇ ਬਾਰੇ ਵਿਸ਼ੇਸ਼ ਅਦਾਲਤਾਂ ਬਣਾਉਣ ਲਈ ਵੀ ਚਰਚਾ ਕੀਤੇ ਜਾਣ ਦੀ ਆਸ ਹੈ।

# ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਇਕਾਈ ਦਾ ਵਫਦ ਧਰਮਸੋਤ ਨੂੰ ਮਿਲਿਆ



**ਭਾਦਸੋਂ-** ਬੀਤੇ ਦਿਨੀਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਇਕਾਈ ਬਲਾਕ ਭਾਦਸੋਂ-1, 2 ਨੇ ਜਿਲ੍ਹਾ ਪ੍ਰਧਾਨ ਸ. ਰਣਜੀਤ ਸਿੰਘ ਮਾਨ ਜੀ ਦੀ ਪ੍ਰਧਾਨਗੀ ਹੇਠ ਅਧਿਆਪਕ ਮਸਲਿਆ ਅਤੇ ਸਕੂਲੀ ਸਿੱਖਿਆ ਨੂੰ ਬਚਾਉਣ ਲਈ ਵਿਧਾਨ ਸਭਾ ਸੈਸ਼ਨ ਵਿੱਚ ਹੱਲ ਕਰਵਾਉਣ ਲਈ ਨਾਭਾ ਹਲਕੇ ਦੇ ਐਮ. ਐਲ. ਏ ਅਤੇ ਕੈਬਨਿਟ ਮੰਤਰੀ ਸ. ਸਾਧੂ ਸਿੰਘ ਧਰਮਸੋਤ ਨੂੰ ਮੰਗ ਪੱਤਰ ਦਿੱਤਾ ਗਿਆ ਅਤੇ ਭਾਦਸੋਂ-1 ਅਤੇ 2 ਬਲਾਕਾਂ ਲਈ ਯੂਨੀਅਨ ਦੀ ਨਵੀਂ ਟੀਮ ਦਾ ਗਠਨ ਕੀਤਾ ਗਿਆ। ਜਿਸ ਵਿੱਚ ਬਲਾਕ ਭਾਦਸੋਂ-1 ਦੇ ਸ੍ਰੀ ਗੁਰਮੁੱਖ ਸਿੰਘ ਕਕਰਾਲਾ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ ਸ. ਅਵਤਾਰ ਸਿੰਘ ਪਿੰਡ ਸੌਜਾ, ਸੀਨੀਅਰ ਮੀਤ ਪ੍ਰਧਾਨ ਸ. ਹਰਤੇਜ ਸਿੰਘ ਸੌਜਾ, ਜਨਰਲ ਸਕੱਤਰ ਸ੍ਰੀ ਜਸਵਿੰਦਰ ਪਾਲ ਸ਼ਰਮਾ ਪੱਕਾ ਬਾਗ ਨਾਭਾ, ਸਹਾਇਕ ਜਨਰਲ ਸਕੱਤਰ ਸ੍ਰੀ ਜਸਵੰਤ ਸਿੰਘ ਛੀਟਾਵਾਲਾ, ਅਮਨਦੀਪ ਸਿੰਘ ਕੌਲ ਮੀਤ ਪ੍ਰਧਾਨ, ਪਵਨ ਕੁਮਾਰ ਦੁਲੱਦੀ ਮੀਤ ਪ੍ਰਧਾਨ, ਸ੍ਰੀ ਗੁਰਵਿੰਦਰ ਸਿੰਘ ਸੌਜਾ ਮੀਤ ਪ੍ਰਧਾਨ, ਸ੍ਰੀ ਵਿਕਾਸ ਸਹਿਗਲ ਨਾਭਾ ਕੈਸੀਅਰ ਅਤੇ ਬਲਾਕ ਭਾਦਸੋਂ-2 ਦੀ ਪ੍ਰਧਾਨਗੀ ਸ੍ਰੀ ਬੀਰਬਲ ਅਤੇ ਜਨਰਲ ਸਕੱਤਰ ਰਾਮ ਕ੍ਰਿਸ਼ਨ ਜੀ ਸਰਕਾਰੀ ਮਿਡਲ ਸਕੂਲ ਖੋਖ ਨੂੰ ਬਣਾਇਆ ਗਿਆ। ਜਿਲ੍ਹਾ ਪ੍ਰਧਾਨ ਸ. ਰਣਜੀਤ ਸਿੰਘ ਮਾਨ ਅਤੇ ਸੀਨੀਅਰ ਮੀਤ ਪ੍ਰਧਾਨ ਸ. ਸੁਖਵਿੰਦਰ ਸਿੰਘ ਨਾਭਾ ਨੇ ਦੋਵੇਂ ਬਲਾਕਾਂ ਦੀ ਨਵੀਂ ਚੁਣੀ ਟੀਮ ਨੂੰ ਵਧਾਈ ਦਿੱਤੀ ਅਤੇ ਮਿਹਨਤ ਅਤੇ ਇੱਕਜੁਟਤਾ ਨਾਲ ਕੰਮ ਕਰਨ ਦੀ ਪ੍ਰੇਰਨਾ ਦਿੱਤੀ।

# ਸੁਖਬੀਰ ਬਾਦਲ ਦਾ ‘ਭਲਵਾਨ’ ਵਿਜੀਲੈਂਸ ਦੇ ਹੱਥੇ ਚੜ੍ਹਿਆ

**ਚੰਡੀਗੜ੍ਹ-** ਪੰਜਾਬ ਵਿਜੀਲੈਂਸ ਬਿਊਰੋ ਨੇ ਮੰਡੀ ਬੋਰਡ ਦੇ ਨਿਗਰਾਨ ਇੰਜਨੀਅਰ (ਐਸਈ) ਸੁਰਿੰਦਰਪਾਲ ਸਿੰਘ ਉਰਫ਼ ਪਹਿਲਵਾਨ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕਰ ਲਿਆ ਹੈ। ਸੂਬੇ ਵਿੱਚ ਸੱਤਾ ਤਬਦੀਲੀ ਬਾਅਦ ਵਿਜੀਲੈਂਸ ਵੱਲੋਂ ਬਾਦਲ ਪਰਿਵਾਰ ਦੇ ਕਿਸੇ ਕਰੀਬੀ ਨੂੰ ਸਲਾਖਾਂ ਪਿੱਛੇ ਡੱਕਣ ਦਾ ਇਹ ਪਹਿਲਾ ਮਾਮਲਾ ਹੈ। ਚਹੇਤੀਆਂ ਉਸਾਰੀ ਫਰਮਾਂ ਅਤੇ ਠੇਕੇਦਾਰਾਂ ਨੂੰ ਤਰਫ਼ਦਾਰੀ ਕਰਕੇ ਦਿੱਤੇ ਟੈਂਡਰਾਂ ਰਾਹੀਂ ਬੇਹਿਸਾਬੀ ਜਾਇਦਾਦ ਬਣਾਉਣ ਅਤੇ ਗ਼ੈਰਕਾਨੂੰਨੀ ਧਨ ਨੂੰ ਆਪਣੇ ਪਰਿਵਾਰ ਦੀਆਂ ਜਾਅਲੀ ਫਰਮਾਂ ਵਿੱਚ ਜਮ੍ਹਾਂ ਕਰਵਾਉਣ ਦੇ ਦੋਸ਼ ਹੇਠ ਇਸ ਨਿਗਰਾਨ ਇੰਜੀਨੀਅਰ ਸਮੇਤ ਮੈਸ: ਏਕ ਉਂਕਾਰ ਬਿਲਡਰਜ਼ ਐਂਡ ਕੰਟਰੈਕਟਰਜ਼ ਪ੍ਰਾਈ: ਲਿਮ: ਕੰਪਨੀ ਦੇ ਗੁਰਮੇਜ਼ ਸਿੰਘ ਗਿੱਲ ਤੇ ਮੋਹਿਤ ਕੁਮਾਰ, ਮੈਸ: ਰਜਿੰਦਰ ਐਂਡ ਕੰਪਨੀ ਦੇ ਗੁਰਿੰਦਰਪਾਲ ਸਿੰਘ ਉਰਫ਼ ਟਿੰਕੂ ਤੇ ਮੈਸ: ਓਏਸਿਜ਼ ਟੈਕਨਾਲੋਜੀ ਪ੍ਰਾਈ: ਲਿਮ: ਦੇ ਅਮਿਤ ਗਰਗ ਅਤੇ ਹੋਰ ਫਰਮਾਂKਕੰਪਨੀਆਂ ਦੇ ਪ੍ਰੋਪਰਾਈਟਰਾਂK ਪਾਰਟਨਰਾਂKਡਾਇਰੈਕਟਰਾਂ ਤੋਂ ਇਲਾਵਾ ਹੋਰ ਵਿਅਕਤੀਆਂ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13 (1) (ਡੀ), 13 (2) ਅਤੇ ਆਈਪੀਸੀ ਦੀ ਧਾਰਾ 420, 506, 120-ਬੀ ਤਹਿਤ ਕੇਸ ਦਰਜ ਕੀਤਾ ਗਿਆ ਹੈ। ਵਿਜੀਲੈਂਸ ਟੀਮਾਂ ਨੇ ਇਕੋ ਵੇਲੇ ਚੰਡੀਗੜ੍ਹ, ਲੁਧਿਆਣਾ ਅਤੇ ਮੁਹਾਲੀ ’ਚ ਇਸ ਵਿਅਕਤੀ ਅਤੇ ਕਈ ਕੰਪਨੀਆਂ ਦੇ 9 ਟਿਕਾਣਿਆਂ ’ਤੇ ਛਾਪੇ ਮਾਰੇ।

ਵਿਜੀਲੈਂਸ ਦੇ ਮੁੱਖ ਡਾਇਰੈਕਟਰ ਬੀ.ਕੇ. ਉੱਪਲ ਨੇ ਦੱਸਿਆ ਕਿ ਵਿਜੀਲੈਂਸ ਨੇ ਪੜਤਾਲ ਦੌਰਾਨ ਭ੍ਰਿਸ਼ਟਾਚਾਰ ਦੇ ਸਬੂਤ ਮਿਲਣ ਬਾਅਦ ਕੇਸ ਦਰਜ ਕਰਕੇ ਕਾਰਵਾਈ ਅਮਲ ’ਚ ਲਿਆਂਦੀ ਹੈ। ਵਿਜੀਲੈਂਸ ਮੁਖੀ ਨੇ ਦੱਸਿਆ ਕਿ ਸੁਰਿੰਦਰਪਾਲ ਸਿੰਘ ਨੇ ਆਪਣੀ ਪਤਨੀ ਮਨਦੀਪ ਕੌਰ ਅਤੇ ਮਾਤਾ ਸਵਰਨਜੀਤ ਕੌਰ ਦੇ ਨਾਂ ਉਤੇ ਤਿੰਨ ਕੰਪਨੀਆਂ ਰਜਿਸਟਰਡ ਕਰਾਈਆਂ, ਜਿਨ੍ਹਾਂ ਰਾਹੀਂ ਬੇਹਿਸਾਬੀ ਮਾਇਆ ਇਕੱਤਰ ਕਰਨ ਦਾ ਰਾਹ ਕੱਢਿਆ ਗਿਆ। ਵਿਜੀਲੈਂਸ ਮੁਤਾਬਕ ਅਸੈਸ ਐਗਰੋ ਸੀਡਜ਼ ਪ੍ਰਾਈ: ਲਿਮ: 4 ਮਾਰਚ, 2005 ਨੂੰ ਬਣਾਈ ਗਈ। ਐਵਾਰਡ ਐਗਰੋ ਟਰੇਡਰਜ਼ ਪ੍ਰਾਈ: ਲਿਮ: ਤੇ ਓਸਟਰ ਐਗਰੋ ਟਰੇਡਰਜ਼ ਪ੍ਰਾਈ: ਲਿਮ: ਕੰਪਨੀਆਂ 9 ਫਰਵਰੀ, 2009 ਨੂੰ ਬਣਾਈਆਂ ਗਈਆਂ। ਤਿੰਨੋਂ ਕੰਪਨੀਆਂ ਵਿੱਚ ਉਸ ਦੀ ਪਤਨੀ ਮਨਦੀਪ ਕੌਰ ਅਤੇ ਮਾਤਾ ਸਵਰਨਜੀਤ ਕੌਰ ਬਤੌਰ ਡਾਇਰੈਕਟਰਜ਼ 50-50 ਫ਼ੀਸਦ ਸ਼ੇਅਰਾਂ ਦੀਆਂ ਮਾਲਕ ਹਨ।

# ਸਤਿਗੁਰੂ ਰਵਿਦਾਸ ਵੈਲਫੇਅਰ ਮਿਸ਼ਨ ਆਰਗੇਨਾਈਜੇਸ਼ਨ ਇੰਟਰਨੈਸ਼ਨਲ (ਰਜਿ) ਸੰਸਥਾ ਵੱਲੋ ਫਰੀ ਕੋਚਿੰਗ ਦੇਣ ਲਈ ਕੋਚਿੰਗ ਸੈਂਟਰ ਦਾ ਉਦਘਾਟਨ

**ਲੁਧਿਆਣਾ-** ਸਤਿਗੁਰੂ ਰਵਿਦਾਸ ਵੈਲਫੇਅਰ ਮਿਸ਼ਨ ਆਰਗ਼ੇਨਾਈਜ਼ੇਸ਼ਨ ਇੰਟਰਨੈਸ਼ਨਲ (ਰਜਿ) ਸੰਸਥਾ ਵੱਲੋਂ ਲੋੜਵੰਦ ਬੱਚਿਆ ਅਤੇ ਪੁਲਿਸ ਕਰਮਚਾਰੀਆਂ ਦੇ ਬੱਚਿਆ ਨੂੰ ਆਈ.ਏ.ਐਸ. ਆਈ.ਪੀ.ਐਸ. ਪੀ.ਪੀ.ਐਸ. ਫਰੀ ਕੋਚਿੰਗ ਦੇਣ ਲਈ ਕੋਚਿੰਗ ਸੈਂਟਰ ਦਾ ਉਦਘਾਟਨ 09-06-2017 ਨੂੰ ਡੇਰਾ ਸੱਚਖੰਡ ਬੱਲਾ ਦੇ ਗੱਦੀ ਨਸ਼ੀਨ 108 ਸੰਤ ਨਿਰੰਜਨ ਦਾਸ ਜੀ ਮਹਾਰਾਜ ਤੇ ਸ਼੍ਰੀ ਰਾਜੇਸ਼ ਬਾਘਾ ਚੇਅਰਮੈਨ ਐਸ.ਸੀ. ਕਮਿਸ਼ਨਰ ਪੰਜਾਬ ਵੱਲੋਂ ਲੁਧਿਆਣਾ ਵਿਖੇ ਕੀਤਾ ਗਿਆ। ਉਦਘਾਟਨ ਸਮਾਰੋਹ ਵਿੱਚ ਵਿਸ਼ੇਸ਼ ਤੌਰ ਤੇ ਸੰਸਥਾ ਦੇ ਵਾਈਸ ਚੇਅਰਮੈਨ ਹਰਮੇਸ ਮਹਿਮੀ ਯੂ.ਕੇ. ਤੋ ਵਿਸ਼ੇਸ਼ ਤੌਰ ਤੇ ਪਹੁੰਚੇ। ਜਿਨ੍ਹਾਂ ਵੱਲੋਂ ਦੱਸਿਆ ਗਿਆ ਹੈ ਕਿ 250 ਬੱਚਿਆ ਦਾ ਪਹਿਲਾ ਟੈਸਟ ਲਿਆ ਗਿਆ ਜੋ ਪੂਰੇ ਦੇਸ਼ ਤੋ ਅਲੱਗ-2 ਪ੍ਰਾਂਤਾਂ ਤੋ ਬੱਚੇ ਆਏ ਹੋਏ ਸਨ ਤੇ ਮੈਰਿਟ ਦੇ ਆਧਾਰ ਤੇ 50 ਬੱਚੇ ਪਾਸ ਹੋਏ ਤੇ ਇੰਨਾ ਬੱਚਿਆ ਨੂੰ ਫਰੀ ਕੋਚਿੰਗ ਦਿੱਤੀ ਜਾਵੇਗੀ ਬਾਕੀ ਰਹਿਣ ਤੇ ਰੋਟੀ ਦਾ ਖਰਚਾ ਸੰਸਥਾ ਵੱਲੋਂ ਫਰੀ ਕੀਤਾ ਜਾਵੇਗਾ।





ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਸ਼੍ਰੀ ਰਾਜੇਸ਼ ਬਾਘਾ ਚੇਅਰਮੈਨ ਐਸ.ਸੀ. ਕਮਿਸ਼ਨਰ ਪੰਜਾਬ ਨੇ ਕਿਹਾ ਪੰਜਾਬ ਦੇ ਸਰਕਾਰੀ ਸਕੂਲਾਂ 'ਚ ਬਚਿਆ ਨੂੰ ਅਜੇ ਤਕ ਕਿਤਾਬਾਂ ਨਾ ਮਿਲਣ ਦਾ ਗੰਭੀਰ ਨੋਟਿਸ ਲਿਆ ਹੈ ਉਤੋਂ ਸਿਖਿਆ ਵਿਭਾਗ ਅਤੇ ਪੰਜਾਬ ਸਕੂਲ ਸਿਖਿਆ ਬੋਰਡ ਤੋਂ ਜਬਾਵਤਲਬੀ ਕਰ ਲਈ ਹੈ ਅਤੇ 05 07 17 ਤਕ ਜਵਾਬ ਦੇਣ ਲਈ ਕਿਹਾ ਹੈ ਹਾਲਾਂਕਿ ਸਿਖਿਆ ਵਿਭਾਗ ਅਤੇ ਪੰਜਾਬ ਸਕੂਲ ਸਿਖਿਆ ਬੋਰਡ ਦੇ ਅਧਿਕਾਰੀ ਕਮਿਸ਼ਨ ਅੱਗੇ ਪੇਸ਼ ਹੋਏ ਅਤੇ ਉਹਨਾਂ ਕਿਹਾ ਕੇ ਕਾਗ਼ਜ਼ ਦੇ ਕਮੀ ਦੇ ਕਾਰਣ ਕਿਤਾਬਾਂ ਨਹੀਂ ਛਾਪ ਸਕੇ ਪਰ ਕਮਿਸ਼ਨ ਦੇ ਚੇਅਰਮੈਨ ਰਾਜੇਸ ਬਾਘਾ ਨੇ ਹਦਾਇਤ ਕੀਤੇ ਕੇ ਜਲਦੀ ਇਸ ਮਾਮਲੇ ਚ ਕਾਰਵਾਈ ਕੀਤੇ ਜਾਵੇ ਪਰ ਅਧਿਕਾਰੀ ਨੇ ਕਿਹਾ ਕੇ ਆਨ ਲਾਈਨ ਕਿਤਾਬਾਂ ਦਾ ਸਹਾਰਾ ਲਿਆ ਜਾ ਰਿਹਾ ਹੈ ਇਸ ਤੇ ਕਮਿਸ਼ਨ ਨੇ ਸਖ਼ਤ ਨੋਟਿਸ ਲੈਂਦੇ ਕਿਹਾ ਕੇ ਆਮ ਕਿਤਾਬਾਂ ਬਚੇ ਪੜ੍ਹਦੇ ਨਹੀਂ ਆਨ ਲਾਈਨ ਕਿਤਾਬਾਂ ਕਿਥੋਂ ਪੜ੍ਹਨਗੇ ਬਾਘਾ ਨੇ ਭਲਾਈ ਵਿਭਾਗ ਨੂੰ ਕਿਹਾ ਇਸ ਮਾਮਲੇ ਚ ਸਖ਼ਤੀ ਵਰਤੀ ਜਾਵੇ, ਸ਼੍ਰੀ ਮਲਕੀਤ ਚੰਦ ਜਨਾਗਲ, ਸੰਤ ਸਤਵਿੰਦਰਜੀਤ ਸਿੰਘ ਹੀਰਾ ਸ਼੍ਰੀ ਸੰਜੇ ਸੂਦ ਸੀ.ਏ., ਸ਼੍ਰੀ ਰਾਜੇਸ਼ ਸ਼ਰਮਾ ਇਸ ਤੋ ਇਲਾਵਾ ਸੰਸਥਾ ਦੇ ਮੈਂਬਰ ਗੁਲਸ਼ਨ ਪਾਲ, ਪਰਮਜੀਤ ਮਹਿਮੀ ਲਾਬੜਾ ਮਾਸਟਰ ਤਰਲੋਕ ਗੁਰਦਾਸਪੁਰ ਦਰਸ਼ਨ ਪਾਠੀ, ਸੁਰਿੰਦਰ ਫਗਵਾੜਾ, ਅਨੀਤਾ ਕਿਰਨ, ਅਮ-ਰਜੀਤ ਜੱਸਲ, ਚਰਨਜੀਤ ਧਨੌਵਾਲੀ ਅਮਿਤਾਬ ਜੱਖੂ, ਕੁਲਵਿੰਦਰ ਮਹਿਮੀ, ਪ੍ਰਭ ਦਿਆਲ ਮੈਂਬਰ ਐਸ.ਸੀ. ਐਸ.ਟੀ. ਪੰਜਾਬ, ਰਾਜਕੁਮਾਰ ਫਿਲੌਰ, ਹੁਸਨ ਲਾਲ ਲਾਬੜਾ, ਨਛੱਤਰ ਸਿੰਘ ਮਾਨਸਾ, ਹਰਜਿੰਦਰ ਸਿੰਘ ਅਮਰਗੜ, ਸੂਬੇਦਾਰ ਬਹਾਦਰ ਸਿੰਘ, ਹਰਬੰਸ ਸਿੰਘ, ਕਮਲਜੀਤ ਸਿੰਘ ਸਹੋਤਾ, ਮਾਸਟਰ ਮੇਲਾ ਸਿੰਘ, ਬਲਜੀਤ ਸਿੰਘ ਸਰਾਭਾ, ਸੰਜੀਵ ਝੱਲੀ, ਕਸ਼ਮੀਰੀ ਲਾਲ ਮਾਨ, ਰਮਨਜੀਤ ਸਿੰਘ ਲਾਲੀ ਲੁਧਿਆਣਾ ਸਤਨਾਮ ਸਿੰਘ ਕੈਥ, ਧਰਮਿੰਦਰ ਸਿੰਘ ਯੂ.ਕੇ. ਸਵਰਨ ਦਾਸ ਬੰਗੜ ਯੂ.ਕੇ. ਨੇ ਵਿਸ਼ੇਸ਼ ਯੋਗਦਾਨ ਪਾਇਆ ਗਿਆ।

ਇਸ ਦੇ ਉਪਰੰਤ ਪ੍ਰਧਾਨ ਗੁਰਦੇਵ ਸਿੰਘ ਜੀ ਵੱਲੋਂ ਦੱਸਿਆ ਗਿਆ ਕਿ ਕੋਚਿੰਗ ਲੈਣ ਲਈ ਕਲਾਸਾਂ ਪੁਲਿਸ ਡੀ.ਏ.ਵੀ ਪਬਲਿਕ ਸਕੂਲ, ਪੁਲਿਸ ਲਾਈਨ ਲੁਧਿਆਣਾ ਵਿਖੇ ਸ਼ੁਰੂ ਹੋ ਗਈਆਂ ਹਨ ਅਤੇ ਸਕੂਲ ਵਿੱਚ ਕਲਾਸ ਰੂਮ ਦਾ ਉਦਘਾਟਨ ਸ਼੍ਰੀ ਸੁਰਿੰਦਰ ਲਾਂਬਾ ਆਈ.ਪੀ.ਐਸ. ਵਧੀਕ ਡਿਪਟੀ ਕਮਿਸ਼ਨਰ ਪੁਲਿਸ-3 ਲੁਧਿਆਣਾ ਵੱਲੋਂ ਕੀਤਾ ਗਿਆ ਅਤੇ ਬੱਚਿਆ ਨੂੰ ਪ੍ਰੇਤ ਕੀਤਾ ਗਿਆ ਅਤੇ ਗਾਈਡ ਲਾਈਨ ਦਿੰਦੇ ਰਹਿਣ ਦਾ ਵਾਅਦਾ ਕੀਤਾ ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਅਨੂ ਵਰਮਾ ਵੀ ਹਾਜਰ ਸਨ ਉਹਨਾਂ ਵੱਲੋਂ ਵੀ ਬੱਚਿਆ ਨੂੰ ਅਸ਼ੀਰਵਾਦ ਦਿੱਤਾ ਗਿਆ।

ਇਸ ਦੇ ਉਪਰੰਤ ਆਏ ਹੋਏ ਮਹਿਮਾਨਾਂ ਨੂੰ ਸਾਈ ਧਾਮ ਮੰਦਰ ਵਿੱਚ ਚਾਹ ਪਾਣੀ ਅਤੇ ਭੋਜਨ ਛਕਾਇਆ ਗਿਆ ਇਹ ਸਾਰੇ ਪ੍ਰੋਗਰਾਮ ਦਾ ਸਿਹਰਾ ਸੰਸਥਾ ਦੇ ਚੇਅਰਮੈਨ ਸਾਧੂ ਸਿੰਘ ਕਨੇਡਾ ਤੇ ਬਾਕੀ ਸਾਰੇ ਐਨ.ਆਰ.ਆਈ ਵੀਰਾ ਤੇ ਪੰਜਾਬ ਕਮੇਟੀ ਨੂੰ ਜਾਂਦਾ ਹੈ। ਇਸ ਪ੍ਰੋਗਰਾਮ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਅਖੀਰ ਵਿੱਚ ਪੰਜਾਬ ਪ੍ਰਧਾਨ ਗੁਰਦੇਵ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਸਿੱਖ ਗੁਰਦੁਆਰਾ ਸੈਨਹੋਜ਼ੇ ਵਿਖੇ 'ਛੋਟਾ ਘੱਲੂਘਾਰਾ' ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ

**ਸੈਨਹੋਜ਼ੇ (ਪ੍ਰਮਿੰਦਰ ਸਿੰਘ ਪ੍ਰਵਾਨਾ)-** ਕੈਲੇਫੋਰਨੀਆ ਦੇ ਵਿਸ਼ਾਲ ਸਿੱਖ ਗੁਰਦੁਆਰਾ ਸੈਨਹੋਜ਼ੇ ਵਿਖੇ ਸਜੇ ਹਫਤਾਵਾਰੀ ਦੀਵਾਨਾਂ ਵਿਚ ਅਮਰੀਕੀ ਪੰਜਾਬੀ ਕਵੀਆਂ ਵੱਲੋਂ 'ਛੋਟਾ ਘੱਲੂਘਾਰਾ' ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਛੋਟਾ ਘੱਲੂਘਾਰਾ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ।

ਕਵਿਤਾਵਾਂ ਦੇ ਦੌਰ ਵਿਚ ਕਵੀ ਸ਼ਾਮਲ ਹੋਏ: ਤਰਸੇਮ ਸਿੰਘ ਸੁਮਨ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮਾਂਟ, ਮਹਿੰਦਰ ਸਿੰਘ ਰਜਪੂਤ, ਪ੍ਰੋ. ਸੁਰਜੀਤ ਸਿੰਘ ਨਨੂਆ, ਤੇਜਿੰਦਰ ਸਿੰਘ ਆਦਿ।



## ਕਮਲ ਬੰਗਾ ਨੂੰ ਸ਼ੁਭ ਇਛਾਵਾਂ



ਅਧਿਆਪਕ ਵਿਦਿਆਰਥੀ ਦਾ ਰਿਸ਼ਤਾ ਵੀ ਹੁੰਦਾ ਹੈ ਆਪਣੇ ਧੀਆਂ ਪੁੱਤਰਾਂ ਵਾਂਗ ਕਦੀ ਹੁੰਦਾ ਸੀ। ਇਹ ਰਿਸ਼ਤਾ ਗੁਰੂ ਚੇਲੇ ਵਾਲਾ ਪਰ ਅੱਜ ਨਹੀਂ ਜਦੋਂ ਪਿਤਾ ਪੁੱਤਰ ਨੂੰ ਉਨਤੀ ਕਰਦਾ ਦੇਖਦਾ ਹੈ ਤਾਂ ਉਸ ਦੀ ਖੁਸ਼. ਸਾਂਭੀ ਨਹੀਂ ਜਾਂਦੀ ਇਸੇ ਤਰ੍ਹਾਂ ਜਦੋਂ ਕੋਈ ਹੋਣਹਾਰ ਵਿਦਿਆਰਥੀ ਉਨਤੀ ਦੀਆਂ ਪੌੜੀਆਂ ਚੜ੍ਹਦਾ ਹੈ ਅਤੇ ਆਪਣੀ ਮਿੱਥੀ ਮੰਜ਼ਿਲ ਵੱਲ ਵਧਦਾ ਹੈ ਤਾਂ ਅਧਿਆਪਕ ਦਾ ਚਾਅ ਵੀ ਸਾਂਭਿਆ ਨਹੀਂ ਜਾਂਦਾ ਜਿਸ ਤਰ੍ਹਾਂ ਪੁੱਤਰ ਹੁੰਦੇ ਨੇ ਵਿਹੜੇ ਦੀਆਂ ਛਾਵਾਂ ਉਸੇ ਤਰ੍ਹਾਂ ਵਿਦਿਆਰਥੀ ਵੀ ਅਧਿਆਪਕ ਦੇ ਮਨ ਰੂਪੀ ਵਿਹੜੇ ਦੀਆਂ ਹੁੰਦੀਆਂ ਠੰਡੀਆਂ ਛਾਵਾਂ ਹੁੰਦੇ ਨੇ ਖੁਸ਼ੀਆਂ ਯਾਦਾਂ, ਚਾਅਵਾਂ ਉਮੰਗਾਂ ਦੇ ਸੋਮੇ ਕਮਲ ਬੰਗਾ ਜੀ ਦੀਆ ਹਰ ਹਫਤੇ ਪੜ੍ਹ ਕੇ ਕਵਿਤਾਵਾਂ ਮਨ ਨੂੰ ਬੜੀ ਪ੍ਰਸੰਨਤਾ ਹੁੰਦੀ ਹੈ ਤੇ ਚਾਅ ਸਾਂਭਿਆ ਨਹੀਂ ਜਾਂਦਾ ਕਿਉਂਕਿ ਕਮਲ ਬੰਗਾ ਹੋਣੀ ਮੇਰੇ ਪੁਰਾਣੇ ਵਿਦਿਆਰਥੀ ਨੇ। ਕਮਲ ਬੰਗਾ ਨੂੰ ਸ਼ੁਭ ਇੱਛਾਵਾਂ ਅਤੇ ਇਹਨਾਂ ਦੀ ਕਲਮ ਇਸੇ ਤਰ੍ਹਾਂ ਪੰਜਾਬੀ ਸਾਹਿਤ ਤੇ ਪੰਜਾਬੀ ਬੋਲੀ ਦੀ ਸੇਵਾ ਕਰਦੀ ਰਹੇ।

**- ਮਾਸਟਰ ਨਿਰਮਲ ਸਿੰਘ ਲਾਲੀ**

33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ
ਹਰ ਉਮਰ 'ਚ
ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ
ਹਰ ਮੌਸਮ 'ਚ
ਅਮਰ ਕੋਰਸ®
ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ
ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ
Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ
ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।
ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, **ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ**, ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, **ਸੁਪਨਦੋਸ਼**, ਵੀਰਜ ਪਤਲਾ, **ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ**, ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, **ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।**



ਵੈਦ ਅਮਰਜੀਤ ਅਮਰ
ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।
ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ
ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)
ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।
ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ
ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ
ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888
ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

ਦੇਸ਼ ਦੁਆਬਾ

# ਔਰਤ ਤੇਰੀ ਇਹੀ ਕਹਾਣੀ

ਭਾਰਤ ਵਿਚ ਗਰੀਬ, ਦਲਿਤ ਵਰਗ ਦੀਆਂ ਔਰਤਾਂ ਤੇ ਜ਼ੁਲਮ ਹੋਣਾ ਆਮ ਗੱਲ ਹੈ ਪਰ ਲੋਕਾਂ ਦੀ ਸੁਰੱਖਿਆ ਕਰਨ ਵਾਲੀਆਂ ਪੁਲਿਸ ਵਰਗੀਆਂ ਸੰਸਥਾਵਾਂ ਵਿਚ ਵੀ ਜੇਕਰ ਔਰਤਾਂ ਸੁਰੱਖਿਅਤ ਨਹੀਂ ਤਾਂ ਹੋਰ ਕਿੱਥੇ ਹੋਣਗੀਆਂ? ਲੁਧਿਆਣਾ ਜ਼ਿਲ੍ਹੇ ਦੇ ਥਾਣਾ ਜੋਧਾਂ ਵਿਚ 27 ਸਾਲਾ ਔਰਤ ਕਾਂਸਟੇਬਲ ਅਮਨਪ੍ਰੀਤ ਨੇ ਥਾਣੇ ਦੇ ਹੀ ਮੁਨਸ਼ੀ ਦੀ ਛੇੜਛਾੜ ਤੋਂ ਤੰਗ ਆ ਕੇ ਆਤਮ ਹੱਤਿਆ ਕਰ ਲਈ। ਇਸ ਵਿਚ ਸਭ ਤੋਂ ਦੁਖਦਾਇਕ ਪਹਿਲੂ ਇਹ ਹੈ ਕਿ ਉਸ ਨੇ ਇਕ ਹਫਤਾ ਪਹਿਲਾਂ ਹੀ ਡੀ. ਐਸ. ਪੀ. ਨੂੰ ਲਿਖਤੀ ਸ਼ਿਕਾਇਤ ਕੀਤੀ ਸੀ ਪਰ ਪੁਲਿਸ ਅਧਿਕਾਰੀਆਂ ਦਾ ਵਤੀਰਾ ਬੜਾ ਨਿਰਾਸ਼ਾ ਭਰਿਆ ਰਿਹਾ ਕਿ ਉਹਨਾਂ ਦੋਸ਼ੀ ਉਤੇ ਕਾਰਵਾਈ ਕਰਨ ਦੀ ਬਜਾਏ ਉਲਟਾ ਅਮਨਪ੍ਰੀਤ ਦੀ ਹੀ ਬਦਲੀ ਕਰ ਦਿੱਤੀ। ਤ੍ਰਾਸਦੀ ਵਾਲੀ ਗੱਲ ਇਹ ਹੈ ਕਿ ਅਮਨਪ੍ਰੀਤ ਦੇ ਪਿਤਾ ਪੁਲਿਸ ਵਿਚ ਸਿਪਾਹੀ ਸਨ, ਜਿਹਨਾਂ ਦੀ ਮੌਤ ਤੋਂ ਬਾਅਦ ਮਾਤਾ ਨੂੰ ਸਾਲ 2000 ਵਿਚ ਉਹਨਾਂ ਦੀ ਥਾਂ ਨੌਕਰੀ ਮਿਲੀ ਸੀ, ਜਿਸ ਦਾ 2004 ਵਿਚ ਕਤਲ ਹੋ ਗਿਆ ਸੀ। ਇਸ ਤੋਂ ਬਾਅਦ 2014 ਵਿਚ ਅਮਨਪ੍ਰੀਤ ਬਤੌਰ ਸਿਪਾਹੀ ਭਰਤੀ ਹੋਈ ਅਤੇ ਹੁਣ ਉਸ ਨੇ ਵੀ ਮੌਤ ਨੂੰ ਗਲੇ ਲਗਾ ਲਿਆ ਹੈ। ਪਰਿਵਾਰ ਵਿਚ ਉਹੋ ਹੀ ਕਮਾਉਣ ਵਾਲੀ ਸੀ। ਇਸ ਘਟਨਾ ਤੋਂ ਗੁੱਸੇ ਵਿਚ ਆਏ ਪਰਿਵਾਰਕ ਮੈਂਬਰਾਂ, ਸਿਆਸੀ ਆਗੂਆਂ ਅਤੇ ਆਮ ਲੋਕਾਂ ਨੇ ਪੂਰਾ ਦਿਨ ਥਾਣਾ ਜੋਧਾਂ ਘੇਰੀ ਰੱਖਿਆ ਅਤੇ 5 ਘੰਟੇ ਤੱਕ ਲੁਧਿਆਣਾ-ਰਾਇਕੋਟ ਮਾਰਗ 'ਤੇ ਜਾਮ ਲਗਾਇਆ। ਲੋਕਾਂ ਦੇ ਰੋਹ ਨੂੰ ਦੇਖਦੇ ਹੋਏ ਐਸ. ਐਸ. ਪੀ. ਸਮੇਤ ਮੌਕੇ 'ਤੇ ਪਹੁੰਚੇ ਹੋਰ ਪੁਲਿਸ ਅਧਿਕਾਰੀਆਂ ਨੇ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਅਤੇ ਥਾਣਾ ਮੁਖੀ ਨੂੰ ਮੁਅੱਤਲ ਕਰ ਦਿੱਤਾ। ਦੂਜੇ ਦਿਨ ਲੋਕਾਂ ਨੇ ਫਿਰ 9 ਘੰਟੇ ਤੱਕ ਲੁਧਿਆਣਾ-ਰਾਇਕੋਟ ਮਾਰਗ ਰੋਕੀ ਰੱਖਿਆ। ਭਾਰਤ ਵਿਚ ਇਕ ਪਾਸੇ ਤਾਂ ਲਿੰਗ ਸਮਾਨਤਾ ਦੀ ਗੱਲ ਕੀਤੀ ਜਾ ਰਹੀ ਹੈ ਪਰ ਦੂਜੇ ਪਾਸੇ ਅਜਿਹੀਆਂ ਘਟਨਾਵਾਂ ਸ਼ਰਮ ਨਾਲ ਸਿਰ ਝੁਕਾਉਂਦੀਆਂ ਹਨ। ਸੁਰੱਖਿਆ ਬਲਾਂ ਨੂੰ ਮੁਸ਼ਕਿਲ ਕੰਮ ਵਾਲੇ ਹਾਲਾਤਾਂ ਵਿਚੋਂ ਲੰਘਣਾ ਪੈਂਦਾ ਹੈ। ਇਸਦੇ ਬਾਵਜੂਦ ਔਰਤਾਂ, ਜਿਹਨਾਂ ਨੂੰ ਬਹੁਤ ਕੋਮਲ ਮਨ ਵਾਲੀਆਂ ਮੰਨਿਆ ਜਾਂਦਾ ਹੈ, ਉਹ ਸੁਰੱਖਿਆ ਬਲਾਂ ਵਿਚ ਨੌਕਰੀ ਕਰਨ ਲਈ ਵੱਡੀ ਪੱਧਰ ਤੇ ਅੱਗੇ ਆ ਰਹੀਆਂ ਹਨ। ਉਹਨਾਂ ਨਾਲ ਜਿਨਸੀ ਛੇੜਛਾੜ ਹੋਵੇਗੀ ਤਾਂ ਔਰਤਾਂ ਸੁਰੱਖਿਆ ਬਲਾਂ ਵਿਚ ਨੌਕਰੀ ਕਰਨ ਤੋਂ ਕਤਰਾਉਣਗੀਆਂ, ਜੋ ਕਿ ਪਹਿਲਾਂ ਵੀ ਹੁੰਦਾ ਆਇਆ ਹੈ। ਭਾਰਤ ਵਿਚ ਕੰਮ ਵਾਲੀਆਂ ਥਾਵਾਂ ਤੇ ਜਿਨਸੀ ਛੇੜਛਾੜ ਦਾ ਸਿਲਸਿਲਾ ਆਮ ਹੈ। ਅਜਿਹੀਆਂ ਘਟਨਾਵਾਂ ਵਿਚ ਜ਼ਿਆਦਾਤਰ ਮਾਮਲੇ ਸਾਹਮਣੇ ਨਹੀਂ ਆਉਂਦੇ। ਹਾਲਾਂਕਿ ਇਹਨਾਂ ਨੂੰ ਰੋਕਣ ਲਈ ਸਮੇਂ-ਸਮੇਂ 'ਤੇ ਕਦਮ ਚੁੱਕੇ ਜਾ ਰਹੇ ਹਨ ਪਰ ਫਿਰ ਵੀ ਅਜਿਹੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਔਰਤਾਂ ਨਾਲ ਹੋਣ ਵਾਲੇ ਅਪਰਾਧਾਂ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਕਾਨੂੰਨ ਹੋਂਦ ਵਿਚ ਲਿਆਂਦੇ ਗਏ ਹਨ, ਜਿਹਨਾਂ ਨੂੰ ਲਾਗੂ ਕਰਨ ਵਾਲੀਆਂ ਸੰਸਥਾਵਾਂ ਹੀ ਸਹੀ ਤਰੀਕੇ ਨਾਲ ਲਾਗੂ ਨਹੀਂ ਕਰਦੀਆਂ, ਇਸ ਕਰਕੇ ਭਾਰਤ ਵਿਚ ਔਰਤਾਂ ਅੱਜ ਵੀ ਅਸੁਰੱਖਿਅਤ ਮਹਿਸੂਸ ਕਰਦੀਆਂ ਹਨ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਕੀ ਸਾਡੇ ਮਾਤਾ-ਪਿਤਾ ਦੋ ਹਨ? ਮਦਰ-ਫਾਦਰ ਡੇ ਕਿਵੇਂ ਮਨਾਈਏ?



ਅਵਤਾਰ ਸਿੰਘ ਮਿਸ਼ਨਰੀ
510-432-5827

ਹਾਂ ਸਾਡੇ ਮਾਤਾ ਅਤੇ ਪਿਤਾ ਦੋ ਹਨ, ਇੱਕ ਨਿਰੰਕਾਰੀ ਅਤੇ ਦੂਜੇ ਸੰਸਾਰੀ। ਸਮੁੱਚੇ ਸੰਸਾਰ ਦੇ ਜੀਵਾਂ ਨੂੰ ਪੈਦਾ ਕਰਨ ਵਾਲਾ ਸਾਡਾ ਸਭ ਦਾ ਮਾਈ-ਬਾਪ ਕਰਤਾ ਕਰਤਾਰ ਹੈ, ਜਿਸ ਨੇ ਕੁਦਰਤ ਰਚ ਕੇ ਸਭ ਜੀਵ ਜੰਤ ਪੈਦਾ ਕੀਤੇ ਹਨ। ਭਗਤਾਂ, ਸਿੱਖ ਗੁਰੂਆਂ, ਭੱਟਾਂ ਅਤੇ ਬਾਣੀਕਾਰ ਗੁਰਸਿੱਖਾਂ ਨੇ ਗੁਰੂ ਗ੍ਰੰਥ ਸਾਹਿਬ ਵਿਖੇ ਦਰਸਾਇਆ ਹੈ ਕਿ-ਏਕੁ ਪਿਤਾ ਏਕਸ ਕੇ ਹਮ ਬਾਰਿਕ....॥ (੬੧੧) ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥(੨੬੮) ਇਕੋ ਭਾਈ ਮਿਤੁ ਇਕੁ ਇਕੋ ਮਾਤ ਪਿਤਾ॥ (੪੫) ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ (੧੦੩) ਤੂੰ ਗੁਰੁ ਪਿਤਾ ਤੂੰਹੈ ਗੁਰੁ ਮਾਤਾ ਤੂੰ ਗੁਰੁ ਬੰਧਪੁ ਮੇਰਾ ਸਖਾ ਸਖਾਇ ॥੩॥(੧੬੭) ਦੀਨਾ ਨਾਥ ਅਨਾਥ ਕਰੁਣਾ ਮੈ ਸਾਜਨ ਮੀਤ ਪਿਤਾ ਮਹਤਰੀਆ ॥(੨੦੩) ਮਾਤ ਪਿਤਾ ਸੁਤ ਬੰਧਪੋ ਤੂੰ ਮੇਰੇ ਪ੍ਰਾਣ ਅਧਾਰ ॥(੨੦੩) ਸਭ ਕੋ ਮਾਤ ਪਿਤਾ ਪ੍ਰਤਿਪਾਲਕ ਜੀਅ ਪ੍ਰਾਨ ਸੁਖ ਸਾਗਰੁ ਰੇ ॥(੨੦੯) ਭਾਈ ਪੂਤੁ ਪਿਤਾ ਪ੍ਰਭੁ ਮਾਤਾ ॥੩॥(੨੪੦) ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥(੨੫੦) ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥(੨੮੪) ਹਮ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ ॥(੪੫੦) ਆਪੇ ਪਿਤਾ ਮਾਤਾ ਹੈ ਆਪੇ ਆਪੇ ਬਾਲਕ ਕਰੇ ਸਿਆਣੇ ॥ (੫੫੨) ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ ॥(੭੮੩) ਮਾਤ ਪਿਤਾ ਬੰਧਪ ਤੂਹੈ ਤੂ ਸਰਬ ਨਿਵਾਸੁ ॥ (੮੧੮) ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥(੯੨੧) ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ ॥ (੧੧੦੧) ਤੂ ਮੇਰਾ ਪਿਤਾ ਤੂਹੈ ਮੇਰਾ ਮਾਤਾ ॥ (੧੧੪੪) ਹਮ ਬਾਰਿਕ ਪ੍ਰਤਿਪਾਰੇ ਤੁਮਰੇ ਤੂ ਬਡ ਪੁਰਖੁ ਪਿਤਾ ਮੇਰਾ ਮਾਇਆ ॥੧॥ ਰਹਾਉ ॥ (੧੧੧੯) ਮਤਿ ਮਾਤਾ ਸੰਤੋਖੁ ਪਿਤਾ ਸਰਿ ਸਹਜ ਸਮਾਯਉ॥ (੧੩੯੭) ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ (੮) ਮੇਰਾ ਮਾਤ ਪਿਤਾ ਗੁਰੁ ਸਤਿਗੁਰੁ ਪੂਰਾ ਗੁਰ ਜਲ ਮਿਲਿ ਕਮਲੁ ਵਿਗਸੈ ਜੀਉ ॥੩॥ (੯੪) ਮਾਤਾ ਮਤਿ ਪਿਤਾ ਸੰਤੋਖੁ ॥ (੧੫੧) ਤੂੰ ਗੁਰੁ ਪਿਤਾ ਤੂੰਹੈ ਗੁਰੁ ਮਾਤਾ ਤੂੰ ਗੁਰੁ ਬੰਧਪੁ ਮੇਰਾ ਸਖਾ ਸਖਾਇ ॥੩॥(੧੬੭) ਹਮ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ ॥ (੪੫੦)

ਉਪ੍ਰੋਕਤ ਪ੍ਰਮਾਣਾਂ ਤੋਂ ਸਿੱਧ ਹੁੰਦਾ ਹੈ ਕਿ ਰੂਹਾਨੀ ਤੌਰ ਤੇ ਮਾਤਾ ਪਿਤਾ ਪ੍ਰਮਾਤਮਾਂ ਹੈ, ਗਿਆਨ ਦਾਤਾ ਗੁਰੂ ਪਿਤਾ ਹੈ। ਪਾਣੀ ਵੀ ਕੁਦਰਤੀ ਪਿਤਾ, ਮਤਿ ਮਾਤਾ ਅਤੇ ਪਿਤਾ ਸੰਤੋਖ ਹੈ। ਜੋ ਸਭ ਦਾ ਰੂਹਾਨੀ ਮਾਤਾ ਪਿਤਾ ਹੈ ਕਰਤਾ-ਕਰਤਾਰ ਉਹ ਜਨਮ ਮਰਨ ਰਹਿਤ ਹੈ, ਇਸ ਕਰਕੇ ਉਸ ਦਾ ਤਾਂ, ਫਾਦਰ ਡੇ ਦੱਸਿਆ ਹੀ ਨਹੀਂ ਜਾ ਸਕਦਾ-ਪਿਤਾ ਕਾ ਜਨਮੁ ਕਿ ਜਾਨੈ ਪੂਤੁ॥ (੨੮੪) ਉਸ ਦਾ ਫਾਦਰ ਡੇ ਤਾਂ ਹਰ ਵੇਲੇ ਹੈ-ਸਾਹਿਬੁ ਮੇਰਾ ਨੀਤ ਨਵਾਂ ਸਦਾ ਸਦਾ ਦਾਤਾਰੁ॥ (੬੬੦) ਭਾਵ ਉਸ ਰੂਹਾਨੀ ਮਾਤਾ ਪਿਤਾ ਪ੍ਰਮੇਸ਼ਵਰ ਨੂੰ ਤਾਂ ਜੀਵ ਨੇ ਹਰ ਵੇਲੇ ਯਾਦ ਕਰਨਾ ਹੈ। ਦੂਜਾ ਮਾਤ-ਪਿਤ ਪਾਣੀ ਹੈ-ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥ (੪੭੨) ਪਾਣੀ ਪਿਤਾ ਦਾ ਡੇ ਵੀ ਐਵਰੀ ਡੇ ਹੈ। ਤੀਜਾ ਮਾਤਾ ਮਿਤਾ ਗੁਰੂ ਹੈ ਜੋ ਗਿਆਨ ਦਾਤਾ ਹੋਣ ਕਰਕੇ ਸਾਨੂੰ ਹਰ ਵੇਲੇ ਗਿਆਨ ਦਿੰਦਾ ਹੈ। ਚੌਥਾ ਪਿਤਾ ਸੰਤੋਖ ਅਤੇ ਮਾਤਾ ਸ੍ਰੇਸ਼ਟ ਮਤਿ ਹੈ। ਸੰਤੋਖ ਅਤੇ ਚੰਗੀ ਮਤਿ ਵੀ ਸਾਨੂੰ ਹਰ ਰੋਜ ਚਾਹੀਦੀ ਹੈ। ਇਸ ਕਰਕੇ ਰੂਹਾਨੀ ਤੌਰ ਤੇ ਮਦਰ-ਫਾਦਰ ਡੇ ਤਾਂ ਰੋਜਾਨਾ ਹੀ ਹੈ। ਉਹ ਪ੍ਰਮਾਤਮਾਂ ਕਦੋਂ, ਕਿਹੜੀ ਤਰੀਕ ਅਤੇ ਕਿਹੜੇ ਦਿਨ ਜਨਮਿਆਂ ਸੀ? ਕੋਈ ਨਹੀਂ ਦੱਸ ਸਕਦਾ-ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨ ਕੋਈ॥ (ਜਪੁਜੀ)

ਹੁਣ ਆਪਾਂ ਦੁਨਿਆਵੀ ਮਾਂ ਬਾਪ ਦੀ ਗੱਲ ਕਰਦੇ ਹਾਂ ਜਿਨ੍ਹਾਂ ਦਾ ਜਨਮ ਅਤੇ ਮਰਨ ਵੀ ਹੈ। ਦੇਖੋ ਮਦਰ ਅਤੇ ਫਾਦਰ ਡੇ ਜਿਆਦਾ ਤਰ ਅਮਰੀਕਾ ਕਨੇਡਾ ਆਦਿਕ ਬਾਹਰਲੇ ਮੁਲਕ ਮਨਾਉਂਦੇ ਹਨ। ਭਾਰਤ ਵਿੱਚ ਇਹ ਦਿਨ ਪਹਿਲਾਂ ਨਹੀਂ ਸੀ ਮਨਾਏ ਜਾਂਦੇ, ਅੱਜ ਪੱਛਮੀ ਲੋਕਾਂ ਦੀ ਰੀਸ ਕਰਕੇ ਓਥੇ ਵੀ ਮਨਾਏ ਜਾ ਰਹੇ ਹਨ। ਗੋਰੇ ਗੋਰੀਆਂ ਮਦਰ ਫਾਦਰ ਡੇ ਤੇ ਆਪਣੇ ਮਾਤਾ ਪਿਤਾ ਜੀਆਂ ਨੂੰ ਗਿਫਟਾਂ ਦਿੰਦੇ, ਖੁਸ਼ੀ ਦੇ ਉਹਾਰ ਕਰਦੇ ਅਤੇ ਸਟੋਰਾਂ ਤੇ ਇਨ੍ਹੀਂ ਦਿਨੀ ਸੇਲਾਂ ਲੱਗਦੀਆਂ ਹਨ। ਪੱਛਮ ਵਿੱਚ ਜਦ ਬੱਚੇ ੧੮ ਸਾਲ ਦੇ ਹੋ ਜਾਂਦੇ ਹਨ ਕਰੀਬ ਮਾਂ ਬਾਪ ਨਾਲੋਂ ਜੁਦਾ ਹੋ, ਆਪਣੀ ਮਨ ਮਰਜੀ ਕਰਦੇ ਹਨ ਫਿਰ ਮਾਂ ਬਾਪ ਵੀ ਉਨ੍ਹਾਂ ਨੂੰ ਘਰੋਂ ਕੱਢ ਦਿੰਦੇ ਹਨ। ਬੁਡੇਪੇ ਵੇਲੇ ਮਾਂ ਬਾਪ ਦੀ ਸੰਭਾਲ ਵਿਦੇਸ਼ੀ ਬੱਚੇ ਨਹੀਂ ਕਰਦੇ, ਉਨ੍ਹਾਂ ਨੂੰ ਸਰਕਾਰਾਂ ਤੇ ਹੀ ਨਿਰਭਰ (ਡੀਪੈਂਡ) ਹੋਣਾਂ ਪੈਂਦਾ ਹੈ। ਜੇ ਬੱਚੇ ਨੂੰ ਗਲਤੀ ਕਰਦੇ ਦੇਖ ਮਾਂ ਬਾਪ ਡਾਂਟਣ ਤਾਂ ਬੱਚੇ ਝੱਟ ੯੧੧ ਫੋਨ ਘੁੰਮਾ ਕੇ ਪੁਲੀਸ ਨੂੰ ਫੜਾ ਦਿੰਦੇ ਹਨ। ਬੱਚੀਆਂ ਅਤੇ ਬੱਚੇ ੧੦-੧੨ ਸਾਲ ਦੀ ਉਮਰ ਵਿੱਚ ਬੁਵਾਏ ਫਰੈਂਡ ਬਣਾ ਲੈਂਦੇ ਹਨ। ਸਕੂਲਾਂ ਵਿਖੇ ਅਧਿਆਪਕ ਖੁਦ ਬੱਚੇ ਬੱਚੀਆਂ ਨੂੰ ਨਿਰੋਧ ਦਿੰਦੇ ਹਨ। ਗੱਲ ਕੀ ਬੱਚੇ ਮਾਂ ਬਾਪ ਨੂੰ ਵਿਸਾਰ ਕੇ ਆਪ ਹੁਦਰੇ ਹੋ ਜਾਂਦੇ ਹਨ।

ਜਰਾ ਸੋਚੋ! ਫਿਰ ਸਾਲ ਬਆਦ ਮਦਰ-ਫਾਦਰ ਡੇ ਮਨਾਇਆ ਕੀ ਅਰਥ ਰੱਖਦਾ ਹੈ? ਸੋ ਸਾਡਾ ਦੁਨੀਆਵੀ ਮਾਂ ਬਾਪ ਦਾ ਮਦਰ-ਫਾਦਰ ਡੇ ਮਨਾਇਆ ਤਾਂ ਹੀ ਸਫਲਾ ਹੈ ਜੇ ਅਸੀਂ ਜਿੰਦੇ ਮਾਂ ਬਾਪ ਦੇ ਆਗਿਆਕਾਰ ਰਹਿ ਕੇ, ਬੁਢੇਪੇ ਵੇਲੇ ਉਨ੍ਹਾਂ ਦੀ ਸੇਵਾ ਕਰੀਏ ਨਾਂ ਕਿ ਘਰੋਂ ਹੀ ਕੱਢ ਦੇਈਏ। ਸਾਨੂੰ ਮਾਤਾ ਪਿਤਾ ਨਾਲ ਫਾਲਤੂ ਝਗੜਾ ਵੀ ਨਹੀਂ ਕਰਨਾਂ ਚਾਹੀਦਾ। ਗੁਰ ਫੁਰਮਾਨ ਹੈ-ਜਿਨ ਕੇ ਜਨੇ ਬਡੀਰੇ ਤੁਮ ਹੋ ਤਿਨ ਸਿਉਂ ਝਗਰਤ ਪਾਪ॥ (੧੨੦੦) ਮਾਂ ਬਾਪ ਨੂੰ ਛੱਡ ਕੇ ਤੀਰਥ ਇਸ਼ਨਾਨ ਕਰਨੇ, ਹੱਟੇ-ਕੱਟੇ ਸਾਧਾਂ-ਸੰਤਾਂ ਦੇ ਡੇਰਿਆਂ ਤੇ ਅੰਨ੍ਹੇਵਾਹ ਦਾਨ-ਪੁੰਨ ਅਤੇ ਇਕੋਤਰੀਆਂ ਦੇ ਪਾਠ ਕਰਾਈ ਜਾਣੇ, ਨਸ਼ਿਆਂ ਅਤੇ ਵਿਸ਼ੇ ਵਿਕਾਰਾਂ ਵਿੱਚ ਪੈਸਾ ਰੋੜੀ ਜਾਣਾ, ਆਪਣੀ ਚਾਦਰ ਦੇਖ ਕੇ ਪੈਰ ਨਾ ਪਸਾਰਨੇ, ਵੱਡਿਆਂ ਦੀ ਰੀਸ ਕਰਕੇ ਆਪਣਾ ਝੁੱਗਾ ਚੌੜ ਕਰੀ ਜਾਣਾ ਚੰਗੀ ਗੱਲ ਨਹੀਂ ਹੈ। ਜੇ ਅਸੀਂ ਬੁਰੇ ਕਰਮ ਕਰਦੇ ਹੋਏ ਦੇਖਾਂ-ਦੇਖੀ ਮਦਰ-ਫਾਦਰ ਡੇ ਵੀ ਮਨਾਈ ਜਾਂਦੇ ਹਾਂ ਤਾਂ ਇਹ ਇਵੇਂ ਹੈ ਕਿ-ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥ ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥ ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥ ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥੨॥(੭੮੯)

ਸਾਡੇ ਰੂਹਾਨੀ ਮਾਤਾ-ਪਿਤਾ ਨਿਰੰਕਾਰ ਜੀ ਅਤੇ ਸਾਡੇ ਸਰੀਰਕ ਜਨਮ ਦੇਣ ਵਾਲੇ ਦੁਨੀਆਵੀ ਮਾਂ-ਬਾਪ ਹਨ। ਸਾਨੂੰ ਮਾਤਾ ਪਿਤਾ ਦੇ ਹਰ ਵੇਲੇ ਆਗਿਆਕਾਰ ਰਹਿ ਕੇ, ਦੁਖ-ਸੁਖ ਅਤੇ ਬਢੇਪੇ ਵੇਲੇ ਉਨ੍ਹਾਂ ਦੀ ਵੱਧ ਤੋਂ ਵੱਧ ਸੇਵਾ ਕਰਨੀ ਚਾਹੀਦੀ ਹੈ। ਸਾਡੇ ਬਜੁਰਗ ਬਿਰਧ ਘਰਾਂ ਵਿੱਚ ਨਹੀਂ ਰੁਲਣੇ ਚਾਹੀਦੇ। ਚੇਤੇ ਰੱਖੋ ਇਹ ਦਿਨ ਸਾਡੇ ਤੇ ਵੀ ਆਉਣੇ ਹਨ ਅਤੇ ਜਦੋਂ ਇਨਸਾਨ ਦੀ ਉਮਰ ਵਡੇਰੀ ਹੋ ਜਾਂਦੀ ਹੈ ਤਾਂ ਉਸ ਦਾ ਸਰੀਰਕ ਬਲ ਵੀ ਘਟ ਜਾਂਦਾ ਹੈ, ਉਸ ਵੇਲੇ ਉਸਨੂੰ ਸਹਾਰੇ ਦੀ ਲੋੜ ਹੁੰਦੀ ਹੈ। ਧਿਆਨ ਦਿਓ ਜਿਨ੍ਹਾਂ ਬੱਚਿਆਂ ਦੀ ਖਾਤਰ ਮਾਂ-ਬਾਪ ਨੇ ਅਉਖੇ ਵੇਲੇ ਤੰਗੀਆਂ-ਤੁਰਸ਼ੀਆਂ ਕੱਟ ਕੇ, ਬੱਚਿਆਂ ਨੂੰ ਪਾਲਿਆਂ-ਪਲੋਸਿਆ ਅਤੇ ਪੜ੍ਹਾ-ਲਿਖਾ ਕੇ ਪੈਰਾਂ ਤੇ ਖੜੇ ਕੀਤਾ ਹੁੰਦਾ ਹੈ, ਉਹ ਦਿਨ ਬੱਚਿਆਂ ਨੂੰ ਯਾਦ ਕਰਕੇ, ਮਾਂ ਬਾਪ ਦੇ ਧੰਨਵਾਦੀ ਹੁੰਦੇ ਹੋਏ, ਉਨ੍ਹਾਂ ਨੂੰ ਬਣਦਾ ਪਿਆਰ ਸਤਿਕਾਰ ਦੇਣਾ ਚਾਹੀਦਾ ਹੈ। ਭਾਵੇਂ ਜਮਾਨਾਂ ਬਦਲਣ ਕਰਕੇ ਸਾਡੇ ਵਿਚਾਰ ਮਾਂ-ਬਾਪ ਨਾਲ ਨਹੀਂ ਵੀ ਮਿਲਦੇ, ਫਿਰ ਵੀ ਸਿਆਣਪ ਤੋਂ ਕੰਮ ਲੈਂਦੇ ਮਾਂ ਬਾਪ ਦਾ ਤ੍ਰਿਸਕਾਰ ਨਹੀਂ ਕਰਨਾ ਚਾਹੀਦਾ। ਬੁੱਢੇ ਮਾਂ ਬਾਪ ਤੋਂ ਨੌਕਰਾਂ ਵਾਲਾ ਕੰਮ ਨਹੀਂ ਲੈਣਾ ਚਾਹੀਦਾ ਅਤੇ ਨਾਂ ਹੀ ਉਨ੍ਹਾਂ ਨੂੰ ਹਰ ਵੇਲੇ ਬੱਚਿਆਂ ਦੇ ਖਿਡਾਵੇ ਬਣਾਈ ਰੱਖਣਾ ਚਾਹੀਦਾ ਹੈ। ਸਗੋਂ ਮਾਂ-ਬਾਪ ਦੀ ਸੇਵਾ ਹੀ ਰੱਬ ਦੀ ਸੇਵਾ ਹੈ। ਮਾਂ-ਬਾਪ ਵਿੱਚੋਂ ਸਾਨੂੰ ਰੱਬ ਦੇ ਦਰਸ਼ਨ ਕਰਨੇ ਅਤੇ ਉਨ੍ਹਾਂ ਦੀਆਂ ਅਸੀਸਾਂ ਲੈਣੀਆਂ

(ਬਾਕੀ ਸਫਾ 8 ਤੇ)

# ਅਲੋਪ ਹੋ ਰਹੇ 'ਹੱਥ ਪੱਖੇ'



ਤਸਵਿੰਦਰ ਸਿੰਘ ਬੜੈਚ
91-98763-22677

ਬੇਸ਼ੱਕ ਅਸੀ ਏ.ਸੀ., ਬਿਜਲੀ ਪੱਖਿਆਂ ਅਤੇ ਕੂਲਰਾਂ ਦਾ ਭਰਪੂਰ ਅਨੰਦ ਮਾਣ ਰਹੇ ਹਾਂ ਪਰ ਫਿਰ ਵੀ ਹੱਥ ਪੱਖਿਆਂ ਦੀ ਆਪਣੀ ਹੀ ਪਛਾਣ ਹੈ। ਕੋਈ ਵੇਲਾਂ ਸੀ ਜਦੋਂ ਹੱਥ ਪੱਖੇ ਘਰਾਂ 'ਚ ਬੜੇ ਚਾਅ ਨਾਲ ਬੁਣੇ ਜਾਂਦੇ ਸਨ। ਔਰਤਾਂ ਦਾ ਹੱਥ-ਪੱਖੇ, ਪੱਖੀਆਂ, ਦਰੀਆਂ, ਮੰਜੇ-ਪੀੜ੍ਹੀਆਂ ਬੁਣਨਾਂ ਆਮ ਸ਼ੌਂਕ ਸੀ ਜੋ ਕਿ ਘਰ ਦੀ ਲੋੜ ਨੂੰ ਵੀ ਪੂਰਾ ਕਰਦਾ ਸੀ। ਹੱਥ ਪੱਖੇ, ਹੱਥ ਪੱਖੀ ਦੀ ਦੀ ਤਰ੍ਹਾਂ ਹੀ ਬੁਣੇ ਜਾਂਦੇ ਸਨ ਪਰ ਆਕਾਰ ਵਿਚ ਹੱਥ ਪੱਖੀਆਂ ਨਾਲੋਂ ਵੱਡੇ ਹੁੰਦੇ ਸਨ। ਪਹਿਲਾਂ ਹੱਥ ਪੱਖੇ ਦਾ ਚੱਕਰਦਾਰ ਤਾਰ, ਜਿਸ



ਵੱਡੇ ਇਕੱਠਾ 'ਚ ਕੰਮ ਆਉਣ ਵਾਲਾ ਹੱਥ ਪੱਖਾ ਵੀ ਹੁਣ ਅਜਾਇਬ ਘਰਾਂ 'ਚ ਹੀ ਦਿਸਦਾ ਹੈ।

ਨਾਲ ਮੁੱਠੀਨੁਮਾ ਹੱਥੀ ਜੜ੍ਹਤ ਹੁੰਦੀ ਸੀ ਫਰੇਮ ਬਾਜ਼ਾਰ ਵਿਚੋ ਖ਼ਰੀਦਿਆਂ ਜਾਂਦਾ, ਫਿਰ ਉਸ 'ਤੇ ਕੁੜੀਆਂ ਰੰਗਦਾਰ ਰੇਸ਼ਮੀ ਧਾਗਿਆਂ ਦਾ ਤਾਣਾ ਪਾਉਂਦੀਆਂ। ਫਿਰ ਸੂਈ ਵਿਚ ਧਾਗਾ ਪਾ ਕੇ ਉਸ ਨੂੰ ਬੁਣਿਆਂ ਜਾਂਦਾ ਸੀ। ਹੱਥ ਪੱਖੇ ਨੂੰ ਕੁੜੀਆਂ ਬੜੀ ਮਿਹਨਤ ਨਾਲ ਬੁਣਦੀਆ। ਪੱਖਿਆਂ ਉੱਤੇ ਮੁਟਿਆਰਾਂ ਬੜੀਆਂ ਰੀਝਾਂ ਨਾਲ ਵੇਲ-ਬੂਟੇ ਤੇ ਮੋਰ-ਘੁੱਗੀਆਂ ਆਦਿ ਦੇ ਨਮੂਨੇ ਪਾਉਂਦੀਆ। ਅਜਿਹੇ ਨਮੂਨੇ ਪਾਏ ਜਾਂਦੇ ਕਿ ਦੇਖਣ ਵਾਲੇ ਦੀ ਭੁੱਖ ਲਹਿ ਜਾਂਦੀ। ਪੱਖਿਆਂ ਦੇ ਨਮੂਨੇ ਦੇਖਣਯੋਗ ਹੁੰਦੇ ਸਨ। ਵੰਨ-ਸੁਵੰਨੇ ਪੱਖੇ ਦੇਖ ਕੇ ਮਨ ਗਦਗਦ ਹੋ ਜਾਂਦਾ। ਜੇ ਕਿਸੇ ਦੇ ਪੱਖੇ ਦਾ ਨਮੂਨਾ ਬਹੁਤ ਹੀ ਵੱਖਰਾ ਹੁੰਦਾ ਤਾਂ ਉਸ ਤੋਂ ਉਹ ਹੱਥ ਪੱਖਾ ਦੋ-ਚਾਰ ਦਿਨ ਲਈ ਮੰਗ ਕੇ ਉਹੋ ਜਿਹਾ ਨਮੂਨਾ ਘਰ 'ਚ ਪਾ ਲਿਆ ਜਾਂਦਾ। ਪੱਖੇ ਨੂੰ ਬੁਣਨ ਤੋਂ ਬਾਅਦ ਇਸਦੇ ਦੁਆਲੇ ਵਲਦਾਰ ਝਾਲਰ ਲਾਈ ਜਾਂਦੀ। ਝਾਲਰ ਇਕ ਖਾਸ ਨਮੂਨੇ ਦੀ ਬਣਾਈ ਜਾਂਦੀ ਸੀ, ਜਿਹੜੀ ਕਿ ਪੱਖੇ ਵਾਲੇ ਪਾਸਿਉ ਪਲੇਟ ਪਾ ਕੇ ਛੋਟੀ ਕੀਤੀ ਹੁੰਦੀ ਸੀ ਅਤੇ ਬਾਹਰੋਂ ਖੁੱਲੀ ਹੁੰਦੀ ਸੀ। ਝਾਲਰ ਵੀ ਏਨੀ ਪਿਆਰੀ ਲਗਾਈ ਹੁੰਦੀ ਕਿ ਦੇਖਣ ਵਾਲੇ ਦਾ ਮਨ ਮੋਹ ਲੈਂਦੀ। ਇਸ ਤਰ੍ਹਾਂ ਇਹ ਹੱਥ-ਪੱਖਾ ਝੱਲ ਮਾਰਨ ਲਈ ਤਿਆਰ ਹੋ ਜਾਂਦਾ। ਹੱਥ ਨਾਲ ਝੱਲਣ ਵਾਲੇ ਇਹ ਪੱਖੇ ਕਿਸੇ ਵੇਲੇ ਲੋਕਾਂ ਦਾ ਪਸੀਨਾ ਸੁਕਾਉਣ ਦੇ ਕੰਮ ਆਉਂਦੇ ਸਨ। ਇਹ ਪੱਖੇ ਆਮ ਤੌਰ 'ਤੇ ਸਮਾਜਿਕ ਤੇ ਧਾਰਮਿਕ ਇੱਕਠਾ ਵਿਚ ਵਰਤੇ ਜਾਂਦੇ ਸਨ। ਵਿਆਹ-ਸ਼ਾਦੀਆਂ ਵਿਚ ਲਾਵਾਂ-ਫੇਰਿਆਂ ਵੇਲੇ ਇਹ ਪੱਖੇ ਝੱਲੇ ਜਾਂਦੇ ਸਨ। ਗੁਰਦੁਆਰਿਆਂ ਵਿਚ ਇਹ ਪੱਖੇ ਆਮ ਹੁੰਦੇ ਸਨ। ਗੁਰਦੁਆਰਿਆਂ ਦੇ ਇਕੱਠਾਂ ਵਿਚ ਸੰਗਤਾਂ ਦੀ ਸੇਵਾ ਇਹਨਾ ਦੀ ਸੇਵਾ ਇਹਨਾਂ ਪੱਖਿਆਂ ਨਾਲ ਕੀਤੀ ਜਾਂਦੀ ਸੀ। ਇਕ ਜਣਾ ਹੱਥ ਨਾਲ ਡੰਡੀ ਦੇ ਵਿਚਕਾਰੋ ਫੜ ਕੇ ਤੇ ਦੂਜਾ ਹੱਥ ਮੁੱਠੇ ਨੂੰ ਪਾ ਕੇ ਝੱਲਦਾ ਸੀ ਤੇ ਹਵਾ ਲੈਣ ਵਾਲੇ ਉਸ ਨੂੰ ਅਸੀਸਾਂ ਦਿੰਦੇ। ਪੱਖਾ ਝੱਲਣ ਦੀ ਸੇਵਾ ਕਰਨੀ ਲੋਕ ਖੁਸ਼ਕਿਸਮਤੀ ਵਾਲਾ ਕੰਮ ਸਮਝਦੇ ਸਨ। ਗਰਮੀ ਦੇ ਮਹੀਨਿਆਂ ਵਿਚ ਵਹੁਟੀਆ ਵੀ ਰੀਝ ਕਰਦੀਆਂ ਕਿ ਕੰਤ ਉਹਨਾਂ ਨੂੰ ਪੱਖੇ ਦੀ ਹਵਾ ਦੇਵੇ, ਤਾਹੀਓਂ ਤਾਂ ਲੋਕ ਗੀਤਾਂ ਵਿਚ ਇਸ ਦਾ ਜ਼ਿਕਰ ਇਸ ਤਰ੍ਹਾਂ ਆਉਦਾ ਹੈ-

ਤੂੰ ਸੌਵੇਂ ਮੈਂ ਪੱਖਾ ਝੱਲਦੀ,
ਚੰਨ ਜਿਹਾ ਤੇਰਾ ਮੂੰਹ,
ਮੇਰਾ ਵੀ ਜੀਅ ਕਰਦਾ ਸੌਵਾਂ
ਪੱਖਾ ਝੱਲੇਂ ਤੂੰ,

ਪਰ ਅੱਜ ਕੱਲ੍ਹ ਬਿਜ਼ਲਈ ਪੱਖਿਆਂ, ਕੂਲਰਾਂ, ਏ. ਸੀ. ਵਰਗੇ ਸਾਧਨਾਂ ਨੇ ਇਨ੍ਹਾਂ ਪੱਖਿਆਂ ਦੀ ਕਦਰ ਖੋ ਦਿੱਤੀ ਹੈ। ਪੱਖਿਆਂ ਦੇ ਜਾਣ ਨਾਲ ਪੱਖਾ ਝੱਲਣ ਦੀ ਸਾਂਝ ਤੇ ਪੱਖੇ ਬਣਾਉਣ ਦੀ ਇਹ ਕਲਾ ਵੀ ਖਤਮ ਹੋ ਰਹੀ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸਸੀ ਬੀਸੀ. ਫੈੱਡਰੇਸ਼ਨ ਵਲੋਂ ਰੋਸ ਮਾਰਚ 15 ਜੂਨ ਨੂੰ

**ਹੁਸ਼ਿਆਰਪੁਰ–** ਐੱਸ.ਸੀ ਬੀ.ਸੀ. ਗਜ਼ਟਿਡ ਅਤੇ ਨਾਨ ਗਜ਼ਟਿਡ ਇੰਪਲਾਈਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਵਲੋਂ ਸੂਬਾ ਚੇਅਰਮੈਨ ਸ. ਜਸਵੀਰ ਸਿੰਘ ਪਾਲ ਅਤੇ ਸੂਬਾ ਪ੍ਰਧਾਨ ਸ਼੍ਰੀ ਬਲਰਾਜ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਸੂਬਾ ਕਮੇਟੀ ਵਲੋਂ ਲਏ ਫੈਸਲੇ ਅਨੁਸਾਰ ਜ਼ਿਲ੍ਹਾ ਪ੍ਰਧਾਨ ਸ. ਕੁਲਵਿੰਦਰ ਸਿੰਘ ਬੋਦਲ ਦੀ ਅਗਵਾਈ ਵਿਚ ਸਦਰ ਥਾਣਾ ਹੁਸ਼ਿਆਰਪੁਰ ਤੋਂ ਮਿੰਨੀ ਸੈਕਟਰੀਏਟ ਹੁਸ਼ਿਆਰਪੁਰ ਤੱਕ ਪੰਜਾਬ ਸਰਕਾਰ ਵਿਰੁਧ ਰੋਸ ਮਾਰਚ ਮਿਤੀ 15.6.17 ਨੂੰ 10 ਤੋਂ 12 ਵਜੇ ਤੱਕ ਕੱਢਿਆ ਜਾਵੇਗਾ ਉਪਰੰਤ ਡੀ. ਸੀ. ਸਾਹਿਬ ਹੁਸ਼ਿਆਰਪੁਰ ਨੂੰ ਮੰਗ ਪੱਤਰ ਦਿੱਤਾ ਜਾਵੇਗਾ।

ਇਸ ਰੋਸ ਮਾਰਚ ਬਾਰੇ ਗੱਲ ਕਰਦਿਆਂ ਜ਼ਿਲ੍ਹਾ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਦੱਸਿਆ ਕਿ ਮੌਕੇ ਦੀਆਂ ਸਰਕਾਰਾਂ ਨੇ ਦਲਿਤ ਸਮਾਜ ਦੀਆਂ ਮੰਗਾਂ ਨੂੰ ਪ੍ਰਵਾਨ ਕਰਨ ਉਪਰੰਤ ਅਮਲੀ ਜਾਮਾ ਨਹੀਂ ਪਹਿਨਾਇਆ। 10-10-14 ਦਾ ਗੈਰ ਸੰਵਿਧਾਨਕ ਪੱਤਰ ਵਾਪਸ ਲੈਣ, 85ਵੀਂ ਸੋਧ ਸਹੀ ਢੰਗ ਨਾਲ ਲਾਗੂ ਕਰਨ, ਬੈਕ ਲਾਗ ਪੂਰਾ ਕਰਨ, ਬੇਰੁਜ਼ਗਾਰੀ ਭੱਤਾ ਲਾਗੂ ਕਰਨ ,ਸਮਾਜ ਭਲਾਈ ਦੀਆਂ ਸਕੀਮਾਂ ਲਾਗੂ ਕਰਨ, ਜਨਸੰਖਿਆ ਅਨੁਸਾਰ ਰਿਜ਼ਰਵੇਸ਼ਨ ਲਾਗੂ ਕਰਨ, ਪ੍ਰਾਈਵੇਟ ਖੇਤਰ ਵਿਚ ਰਿਜ਼ਰਵੇਸ਼ਨ ਲਾਗੂ ਕਰਨ, ਠੇਕੇ ਤੇ ਭਰਤੀ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਅਤੇ ਰੁਕੀਆਂ ਤਨਖਾਹਾਂ ਕਢਵਾਉਣ, ਦਲਿਤ ਵਿਦਿਆਰਥੀਆ ਦੇ ਵਜ਼ੀਫਾ ਸਬੰਧੀ ਮੰਗਾਂ ਨੂੰ ਉਭਾਰਿਆ ਜਾ ਰਿਹਾ ਹੈ।

ਇਸ ਰੋਸ ਮਾਰਚ ਵਿਚ ਹਸ਼ਿਆਰਪੁਰ ਜ਼ਿਲ੍ਹੇ ਦੇ ਬਲਾਕ ਪੱਧਰ ਦੀਆ ਸਾਰੀਆਂ ਟੀਮਾਂ ਅਤੇ ਭਰਾਤਰੀ ਸਭਾਵਾਂ ਸਾਥ ਦੇ ਰਹੀਆਂ ਹਨ।ਇਸ ਮੌਕੇ ਤਹਿਸੀਲ ਮੀਤ ਪ੍ਰਧਾਨ ਜਰਨੈਲ ਸਿੰਘ ਸੀਕਰੀ ਅਤੇ ਸਕੱਤਰ ਯੋਧਾ ਮੱਲ, ਹੰਸ ਰਾਜ ਸ਼ਾਮਿਲ ਸਨ।

**ਰਿਪੋਰਟ– ਡਾ. ਜਸਵੰਤ ਰਾਏ (9815825999)**

# ਸਹਾਰਨਪੁਰ (ਉਤਰ ਪ੍ਰਦੇਸ) ਦੇ ਦੰਗਾ ਪੀੜਤਾਂ ਨੂੰ ਰਾਹਤ ਸਮਗਰੀ ਵੰਡੀ ਗਈ





ਮੈਂ ਆਪ ਸਭ ਦਾ ਅਤਿਅੰਤ ਧੰਨਵਾਦੀ ਹਾਂ ਕਿ ਸਾਡੀ ਟੀਮ ਵੱਲੋਂ ਮਿਤੀ 11 ਜੂਨ 2017 ਦਿਨ ਐਤਵਾਰ ਨੂੰ ਪਿੰਡ ਸੱਬੀਰਪੁਰ ਜ਼ਿਲ੍ਹਾ ਸਹਾਰਨਪੁਰ (ਯੂ ਪੀ) ਵਿਖੇ ਪਹੁੰਚ ਕੇ 15 ਕੁਇੰਟਲ ਕਣਕ, 10 ਕੁਵਿੰਟਲ ਆਟਾ, ਚੀਨੀ, ਸਰ੍ਹੋਂ ਦਾ ਤੇਲ, ਘਿਉ,ਚਾਹ ਪੱਤੀ , ਨਵੇ ਰੈਡੀਮੇਡ ਕੱਪੜੇ,ਦਰੀਆਂ ਖੇਸ, ਬੂਟ ਆਦਿ ਦੀ ਵੰਡ ਕੀਤੀ ਗਈ। ਪਿੰਡ ਸੱਬੀਰਪੁਰ ਦਾ ਦੌਰਾ ਕਰਦਿਆਂ ਮਨ ਬੇਚੈਨ ਹੋ ਗਿਆ,ਜਿਉਂ ਹੀ ਪੁਲਿਸ ਰੋਕਾਂ ਦੇ ਬਾਵਜੂਦ ਪਿੰਡ ਵਿੱਚ ਚੋਰੀ ਛਿਪੇ ਦਾਖਿਲ ਹੋਇਆ ਤਾਂ ਪੀੜਤ ਲੋਕ ਘਰਾਂ ਤੋਂ ਬਾਹਰ ਆਉਣੇ ਸ਼ੁਰੂ ਹੋ ਗਏ ਲੋਕ ਬੇਵੱਸ ਨਜ਼ਰਾਂ ਨਾਲ ਮੈਨੂੰ ਦੇਖ ਰਹੇ ਸੀ, ਮਦਦ ਦੀ ਆਸ ਵਿੱਚ। ਸੱਚਮੁੱਚ ਇਹ ਬਹੁਤ ਹੀ ਦਿਲ ਕੰਬਾਊ ਸੀ। ਮੇਰੇ ਇਹ ਕੋਈ ਰਿਸ਼ਤੇਦਾਰ ਜਾਂ ਸਕੇ ਸਬੰਧੀ ਨਹੀ ਸਨ ਪਰ ਫਿਰ ਮੇਰੀਆਂ ਅੱਖਾਂ ਚੋਂ ਹੰਝੂ ਵਹਿ ਤੁਰੇ ਘਰਾਂ ਦੇ ਘਰ ਫੂਕੇ ਜਾਣ ਦੇ ਨਿਸ਼ਾਨ ਮੇਰੀਆਂ ਅੱਖਾਂ ਅਤੇ ਦਿਲ ਵਿੱਚ ਚੁਭ ਰਹੇ ਸਨ।ਜੁਲਮ ਦੇ ਨਿਸ਼ਾਨ ਰਾਖ ਦੇ ਰੂਪ ਵਿੱਚ ਤਬਦੀਲ ਹੋ ਚੁੱਕੇ ਸਨ, ਗਰੀਬ ਮਜ਼ਦੂਰਾਂ ਦੀਆਂ ਪੇਟੀਆਂ, ਕਣਕ ਵਾਲੇ ਢੋਲ ਦੀ ਸਾਰੀ ਕਣਕ ਸੜ ਕੇ ਸੁਆਹ ਹੋ ਚੁੱਕੀ ਸੀ, ਹੋਣ ਕਣਕ ਦੀ ਥਾਂ ਡਰੰਮ ਵਿੱਚ ਸਿਰਫ਼ ਰਾਖ ਹੀ ਬਚੀ ਸੀ।ਇਹ ਸਭ ਪਿੰਡ ਸੱਬੀਰਪੁਰ ਵਿੱਚ 5 ਮਈ ਨੂੰ ਹੋਈ ਜਾਤੀ ਹਿੰਸਾ ਦੌਰਾਨ 55 ਗਰੀਬ ਮਜ਼ਦੂਰਾਂ ਦੇ ਘਰ ਅੰਦਰ ਦੰਗਾਈਆਂ ਨੇ ਜੋ ਕਹਿਰ ਢਾਹਿਆ ਉਸ ਪ੍ਰਤੱਖ ਸਬੂਤ ਅਜੇ ਵੀ ਮੌਜੂਦ ਸਨ।ਸਾਡੇ ਦੋ ਸਾਥੀਆਂ ਦੇ ਪਿੰਡ ਵਿੱਚ ਗੁਪਤ ਤਰੀਕੇ ਨਾਲ ਦਾਖਿਲ ਹੋਣ ਦੀ ਸੂਹ ਪੁਲਿਸ ਨੂੰ ਵੀ ਲੱਗ ਗਈ। ਪਿੰਡ ਸੱਬੀਰਪੁਰ ਦੇ ਰਵਿਦਾਸ ਮੰਦਰ ਅੰਦਰ ਆਰਜ਼ੀ ਪੁਲਿਸ ਕੈਂਪ ਵਿੱਚ ਹਲਚਲ ਸ਼ੁਰੂ ਹੋ ਗਈ। ਪਿੰਡ ਦੇ ਇੱਕ ਦਰਜਨ ਪੀੜਤਾਂ ਨਾਲ ਅਸੀ ਪਿੰਡ ਤੋਂ ਬਾਹਰ ਪੁੱਜ ਗਏ ਅਤੇ ਉਨ੍ਹਾਂ ਨੂੰ ਰਾਸ਼ਨ ਭਾਵ ਰਾਹਤ ਸਮੱਗਰੀ ਵਾਲੇ ਵਹੀਕਲਾਂ ਤੱਕ ਲੈ ਆਏ ਅਤੇ ਰਾਹਤ ਸਮੱਗਰੀ ਇੱਕ ਨਜ਼ਦੀਕੀ ਪਿੰਡ ਵਿੱਚ ਹੀ ਪੀੜਤਾਂ ਨੂੰ ਸੌਂਪ ਦਿੱਤੀ ਕਿਉਂਕਿ ਪੁਲਿਸ ਰਾਹਤ ਸਮੱਗਰੀ ਨੂੰ ਪਿੰਡ ਵਿੱਚ ਲੈਕਕੇ ਜਾਣ ਦੀ ਆਗਿਆ ਨਹੀ ਦਿੱਤੀ।ਪਿੰਡ ਵਿੱਚ ਧਾਰਾ 144 ਲਗਾਈ ਹੋਈ ਹੈ। ਖੈਰ ਸਹਿਯੋਗ ਦੇਣ ਵਾਲੇ ਸਮੂਹ ਸੱਜਣਾਂ ਮਿੱਤਰਾਂ ਦਾ ਧੰਨਵਾਦ।ਪਿੰਡ ਸੱਬੀਰਪੁਰ ਦੇ ਪੀੜਤਾਂ ਦੇ ਬੈਂਕ ਅਕਾਉਟ ਨੰਬਰ ਲੈ ਕੇ ਇੱਕ ਲੱਖ ਰੁਪੈ ਦੀ ਰਾਸੀ ਬੈਂਕ ਰਾਹੀ ਭੇਜ ਰਹੇ ਹਾਂ।ਕਿਉਂਕਿ ਸਾਨੂੰ ਮਹਿਸੂਸ ਹੋਇਆ ਕਿ ਇਨ੍ਹਾਂ ਲੋਕਾਂ ਲਈ ਅਜੇ ਹੋਰ ਬਹੁਤ ਕੁੱਝ ਕਰਨ ਦੀ ਜ਼ਰੂਰਤ ਹੈ।

**ਕੁਲਵੰਤ ਸਿੰਘ ਟਿੱਬਾ (ਸੰਪਰਕ 9217971379)**





AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Transmission, Body and Paint Work We Sell Used Cars at a Good Price



Prop: Jasbir Singh Takhar
510-755-2132

Free Estimates
Free Towing

510- 733- 2222

1421 Industrial PKWY West#F Hayward, CA 94544



Harmandeep Singh



Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ !
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:

IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

PERSONAL CAR SERVICES:
(Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

ਹੋਰ ਸੇਵਾਵਾਂ
ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ
* ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:
Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services,
Once a week Attorney
at your service.

ਕਿਸੇ ਵੀ ਜਾਣਕਾਰੀ ਲਈ Call (916) 427-4321

6624 Florin Road Sacramento CA 95828
Email : sacramento99@yahoo.com
Website : www.capitalservices.us

# ਵਿਪਸਾਅ ਬੇ ਏਰੀਆ ਵਲੋਂ ਡਾ. ਬਲਵਿੰਦਰਜੀਤ ਕੌਰ ਭੱਟੀ ਨਾਲ ਵਿਸ਼ੇਸ਼ ਸਾਹਿਤਕ ਮਿਲਣੀ

**ਫਰੀਮਾਂਟ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)** ਵਿਪਸਾਅ ਬੇ ਏਰੀਆ ਵਲੋਂ ਫ਼ਰੀਮਾਂਟ ਕਿਡੇਂਗੋ ਵਿਖੇ, ਪ੍ਰੋ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਡਾ.ਬਲਵਿੰਦਰ ਜੀਤ ਕੌਰ ਭੱਟੀ ਨਾਲ ਇਕ ਵਿਸ਼ੇਸ਼ ਸਾਹਿਤਕ ਮਿਲਣੀ ਆਯੋਜਿਤ ਕੀਤੀ ਗਈ। ਵਿਪਸਾਅ ਬੇ ਏਰੀਆ ਦੇ ਜਨਰਲ ਸਕੱਤਰ ਕੁਲਵਿੰਦਰ ਨੇ ਸਭ ਨੂੰ ਜੀਅ ਆਇਆਂ ਕਹਿੰਦੇ ਹੋਏ ਡਾ. ਬਲਵਿੰਦਰ ਜੀਤ ਕੌਰ ਭੱਟੀ, ਪ੍ਰੋ. ਸੁਖਵਿੰਦਰ ਕੰਬੋਜ ਅਤੇ ਅਦਾਕਾਰਾ ਰਵਿੰਦਰ ਢਿੱਲੋਂ ਨੂੰ ਪ੍ਰਧਾਨਗੀ ਮੰਡਲ ਵਿਚ ਸ਼ਮਿਲ ਕੀਤਾ। ਇਸ ਮਿਲਣੀ ਦਾ ਆਗਾਜ਼ ਸੰਗੀਤਕਾਰ ਸੁਖਦੇਵ ਸਾਹਿਲ ਨੇ ' ਮਿੱਤਰ ਪਿਆਰੇ ਨੂੰ' ਸ਼ਬਦ ਗਾਇਨ ਨਾਲ ਕੀਤਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਹਿਸਟਾਰੀਕਲ ਸਟਡੀਜ਼ ਵਿਭਾਗ ਦੀ ਇਸ ਮੁਖ਼ੀ ਨੇ ਆਪਣੇ ਕਾਰਜ ਕਾਲ ਦੌਰਾਨ 50 ਤੋਂ ਉੱਪਰ ਖੋਜ ਪੱਤਰ ਲਿਖੇ ਹਨ। ਸ੍ਰੀ ਗੁਰੂ ਗਰੰਥ ਸਾਹਿਬ ਸਮਾਜਿਕ ਸਰੋਕਾਰ ਪੁਸਤਕ ਪ੍ਰਕਾਸ਼ਿਤ ਕਰਵਾਈ ਹੈ। ਅੱਜ ਕਲ੍ਹ ਸਿੱਖ ਧਰਮ ਨਾਲ ਸੰਬੰਧਿਤ ਇਤਿਹਾਸਕਾਰਾਂ ਦੀ ਡਾਇਰੈਕਰੀ ਤਿਆਰੀ ਅਧੀਨ ਹੈ। ਕੁਲਵਿੰਦਰ ਦੁਆਰਾ ਕਰਵਾਈ ਗਈ ਇਸ ਜਾਣ -ਪਛਾਣ ਨੂੰ ਅੱਗੇ ਤੋਰਦੇ ਹੋਏ ਪ੍ਰੋ. ਕੰਬੋਜ ਨੇ ਆਪਣੇ ਸਵਾਗਤੀ ਭਾਸ਼ਣ ਵਿਚ ਕਿਹਾ ਕਿ ਉਹ ਡਾ. ਬਲਵਿੰਦਰ ਜੀਤ ਕੌਰ ਭੱਟੀ ਨਾਲੋਂ ਵੱਧ ਉਸ ਦੇ ਪਤੀ ਡਾ. ਸੁਰਜੀਤ ਸਿੰਘ ਭੱਟੀ ਨੂੰ ਜਾਣਦੇ ਹਨ। ਉਨ੍ਹਾਂ ਡਾ. ਬਲਵਿੰਦਰਜੀਤ ਕੌਰ ਭੱਟੀ ਦੇ ਖੋਜ ਕਾਰਜ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀਵਨ ਮੁੱਲਾਂ ਦਾ ਫ਼ਲਸਫ਼ਾ ਹੈ ਅਤੇ ਮੈਨੂੰ ਜ਼ਿੰਦਗੀ ਦੇ ਸਰੋਕਾਰਾਂ ਵਾਲੀ ਹਰ ਰਚਨਾ ਹੀ ਟੁੰਬਦੀ ਹੈ। ਇਸ ਤੋਂ ਬਾਅਦ ਡਾ. ਭੱਟੀ ਨੇ ਆਪਣੇ ਜੀਵਨ ਦੀ ਸੰ-ਘਰਸ਼ਮਈ ਗਾਥਾ ਸੁਣਾਉਂਦੇ ਹੋਏ ਆਪਣੇ ਔਰਤ ਹੋਣ 'ਤੇ ਮਾਣ ਮਹਿਸੂਸ ਕੀਤਾ। ਉਨ੍ਹਾਂ ਕਿਹਾ ਕਿ ਮੈਂ ਇਸ ਮੁਕਾਮ 'ਤੇ ਸੰਘਰਸ਼ ਕਰ ਕੇ ਪੁੱਜੀ ਹਾਂ। ਮੇਰੇ ਪਿਤਾ ਜੀ ਨੂੰ ਅੱਤਵਾਦੀਆਂ ਨੇ ਮਾਰ ਦਿੱਤਾ ਸੀ। ਸਾਡਾ ਘਰ ਇਕ ਤਰ੍ਹਾਂ ਨਾਲ ਉੱਜੜ ਗਿਆ ਸੀ ਅਤੇ ਇਸ ਸੰਕਟ ਦੀ ਘੜੀ ਵਿਚ ਮੈਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਸੀ। ਮੈਂ ਡੀ.ਪੀ. ਆਈ ਕੋਲ ਮੁਕੱਦਮਾ ਦਰਜ ਕਰਕੇ ਸੰਘਰਸ਼ ਕਰਕੇ ਆਪਣਾ ਹੱਕ ਲਿਆ ਸੀ। ਇਸ ਗੱਲ ਦਾ ਮੈਨੂੰ ਪੂਰਾ ਮਾਣ ਹੈ। ਮੇਰੀ ਸ਼ਾਦੀ ਇਕ ਬਹੁਤ ਹੀ ਨੇਕ ਇਨਸਾਨ ਅਤੇ ਵਿਦਵਾਨ ਅਲੋਚਕ ਡਾ. ਸੁਰਜੀਤ ਸਿੰਘ ਭੱਟੀ ਨਾਲ ਹੋਈ। ਜਿਸ ਨੂੰ ਤੁਸੀਂ ਸਾਰੇ ਜਾਣਦੇ ਹੋ। ਮੇਰੀ ਅੱਜ ਦੀ ਮਿਲਣੀ ਦਾ ਸਬੱਬ ਵੀ ਉਨ੍ਹਾਂ ਦੀ ਬਦੌਲਤ ਹੀ ਬਣਿਆ ਹੈ। ਮੇਰੀ ਪੁਸਤਕ ਵਿਸ਼ੇਸ਼ਤਾ ਸਿੱਖ ਇਤਿਹਾਸ ਹੈ। ਪੰਜਾਬੀ ਯੂਨੀਵਰਸਿਟੀ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੇ ਪਸਾਰ ਲਈ ਬਹੁਤ ਕੰਮ ਕਰ ਰਹੀ ਹੈ ਅਤੇ ਪਰਵਾਸ ਵਿਚ ਤੁਹਾਡੇ ਵਲੋਂ ਪੰਜਾਬੀ ਸਾਹਿਤ ਲਈ ਕੀਤਾ ਜਾ ਰਿਹਾ ਕੰਮ ਕਾਬਿਲੇ-ਤਾਰੀਫ਼ ਹੈ। ਇਸ ਮੌਕੇ ਹਾਜ਼ਰ ਸਾਹਿਤਕਾਰਾਂ ਵਲੋਂ ਪੁੱਛੇ ਗਏ ਸਵਾਲਾਂ ਦੇ ਢੁਕਵੇਂ ਜਵਾਬ ਦਿੰਦਿਆਂ ਕਿਹਾ ਕਿ ਜੇ ਕਰ ਬਾਬਾ ਨਾਨਕ ਅੱਜ ਇਸ ਦੁਨੀਆਂ ਵਿਚ ਆ ਜਾਏ ਤਾਂ ਧਾਹਾਂ ਮਾਰ ਕੇ ਰੋਵੇ ਕਿ ਜਿਸ ਸਮਾਜ ਦੀ ਕਲਪਨਾ ਮੈਂ ਕੀਤੀ ਸੀ ਉਹ ਕਿਸ ਤਰ੍ਹਾਂ ਦਾ ਹੋ ਗਿਐ? ਸਵਾਲਾਂ ਦਾ ਸਿਲਸਿਲਾ ਖ਼ਤਮ ਹੋਇਆ ਤਾਂ ਡਾ. ਭੱਟੀ ਨੇ ਬਹੁਤ ਹੀ ਸੁਰੀਲੀ ਅਵਾਜ਼ ਵਿਚ ਪੰਜਾਬੀ ਗੀਤ ਪੇਸ਼ ਕੀਤੇ। ਇਸ ਉਪਰੰਤ ਕਵੀ ਦਰਬਾਰ ਵਿਚ ਤਾਰਾ ਸਾਗਰ, ਪ੍ਰਿੰਸੀਪਲ ਹਜ਼ੂਰਾ ਸਿੰਘ, ਗੁਰਦੀਪ, ਗੁਲਸ਼ਨ ਦਿਆਲ, ਰੇਸ਼ਮ, ਜਗਜੀਤ ਨੌਸ਼ਿਹਰਵੀ, ਨੀਲਮ ਸੈਣੀ, ਸੁਰਿੰਦਰ ਸਿੰਘ ਸੀਰਤ, ਸੁਖਵਿੰਦਰ ਕੰਬੋਜ ਅਤੇ ਕੁਲਵਿੰਦਰ ਵਲੋਂ ਰਚਨਾਵਾਂ ਪੇਸ਼ ਕੀਤੀਆਂ ਗਈਆਂ। ਪ੍ਰੋਗਰਾਮ ਦੇ ਅੰਤ 'ਤੇ ਡਾ. ਬਲਵਿੰਦਰਜੀਤ ਕੌਰ ਭੱਟੀ ਨੇ ਸਭ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਮੇਰੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਮੈਨੂੰ ਆਪ ਸਭ ਦੇ ਰੂਬਰੂ ਹੋਣ ਦਾ ਮੌਕਾ ਮਿਲਿਆ ਹੈ। ਇਸ ਪੂੰਜੀਵਾਦੀ ਯੁੱਗ ਵਿਚ ਤੁਸੀਂ ਸਭ ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਮੈਨੂੰ ਮਿਲਣ ਆਏ ਹੋ, ਮੈਂ ਇਸ ਸ਼ਾਮ ਨੂੰ ਸਦਾ ਯਾਦ ਰੱਖਾਂਗੀ। ਇਸ ਮੌਕੇ ਜੇ ਕੇ ਅਕੈਡਮੀ ਵਲੋਂ ਪ੍ਰਕਾਸ਼ਿਤ ਪੰਜਾਬੀ ਮੈਗਜ਼ੀਨ 'ਸ਼ੀਰਾਜ਼ਾ' ਦੇ ਪਿਛਲੇ ਚਾਰ ਅੰਕ ਲੋਕ ਅਰਪਣ ਕੀਤੇ ਗਏ। ਵਿਪਸਾਅ ਬੇ ਏਰੀਆ ਦੇ ਮੀਤ ਪ੍ਰਧਾਨ ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਇਸ ਮੈਗਜ਼ੀਨ ਦੇ ਸੰਪਾਦਕ ਪੋਪਿੰਦਰ ਸਿੰਘ ਪਾਰਸ ਦਾ ਇਸ ਉੱਦਮ ਲਈ ਵਿਸ਼ੇਸ਼ ਧੰਨਵਾਦ ਕੀਤਾ।ਇਸ ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਕੁਲਵਿੰਦਰ ਨੇ ਬਾਖ਼ੂਬੀ ਨਿਭਾਇਆ ਅਤੇ ਪ੍ਰੋ. ਬਲਜਿੰਦਰ ਸਿੰਘ, ਮਨਜੀਤ ਪਲੇਹੀ, ਲਾਜ ਸੈਣੀ ਅਤੇ ਡਾ. ਸਤਵਿੰਦਰ ਦਾ ਉਚੇਚੀ ਸ਼ਿਰਕਤ ਕਰਨ ਲਈ ਧੰਨਵਾਦ ਕੀਤਾ।



# ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਦੇ ਡਾ: ਅਮਰੀਕ ਸਿੰਘ ਪ੍ਰਿੰਸੀਪਲ ਬਣਾਏ ਗਏ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਦੀ ਪ੍ਰਿੰਸੀਪਲ ਮਿਸਜ਼ ਸ਼ੀਲਾ ਗਿਬਸਨ ਆਪਣੇ ਤਿੰਨ ਸਾਲਾਂ ਦਾ ਕਾਰਜਕਾਲ ਸਫ਼ਲਤਾਪੂਰਵਕ ਪੂਰਾ ਕਰਨ ਤੋਂ ਬਾਅਦ ਰਿਟਾਇਰ ਹੋ ਗਏ, ਇਸ ਦੌਰਾਨ ਇੱਕ ਵਿਦਾਇਗੀ ਸਮਾਗਮ ਦੌਰਾਨ ਸਕੂਲ ਦੇ ਪ੍ਰਧਾਨ ਨਰਿੰਦਰ ਥਾਂਦੀ ਤੇ ਸਕੂਲ ਦੇ ਵਾਇਸ ਪ੍ਰਧਾਨ ਦਰਸ਼ਨ ਮੁੰਡੀ ਨੇ ਸ਼ੀਲਾ ਗਿਬਸਨ ਨੂੰ ਸਨਮਾਨਿਤ ਚਿੰਨ ਭੇਟ ਕੀਤਾ ਤੇ ਉਨ੍ਹਾਂ ਦੀਆਂ ਸੇਵਾਵਾਂ ਲਈ ਸਾਰੇ ਸਕੂਲ ਦੇ ਬੱਚਿਆਂ ਦੀ ਅਸੈਂਬਲੀ ਵਿੱਚ ਧੰਨਵਾਦ ਕੀਤਾ ਤੇ ਇਹ ਵੀ ਐਲਾਨ ਕੀਤਾ ਕਿ ਅਗਲੇ ਸਕੂਲ ਪ੍ਰਿੰਸੀਪਲ ਡਾ: ਅਮਰੀਕ ਸਿੰਘ ਹੋਣਗੇ । ਇਸ ਮੌਕੇ ਸ.ਦਰਸ਼ਨ ਸਿੰਘ ਮੁੰਡੀ ਨੇ ਕਿਹਾ ਕਿ ਮਿਸਜ਼ ਗਿਬਸਨ ਹੁਣ ਬੋਰਡ ਅਡਵਾਈਜ਼ਰ ਦੇ ਤੌਰ ਤੇ ਸੇਵਾ ਕਰਦੇ ਰਹਿਣਗੇ । ਡਾ: ਅਮਰੀਕ ਸਿੰਘ ਸਕੂਲ ਖੁੱਲ੍ਹਣ ਤੋਂ ਲੈਕੇ ਹੁਣ ਤਕ ਅਧਿਆਪਕ, ਵਾਇਸ ਪ੍ਰਿੰ-ਸੀਪਲ ਤੇ ਸਕੂਲ ਕੋਆਰਡੀਨੇਟਰ ਜਹੀਆਂ ਸੇਵਾਵਾਂ ਨਿਭਾ ਚੁੱਕੇ ਹਨ। ਉਨਾਂ ਅਧਿਆਪਨ ਦੇ ਨਾਲ ਨਾਲ ਸਮਾਜਿਕ ਕਰਾਜਾਂ ਵਿੱਚ ਵੀ ਹਿੱਸਾ ਲਿਆ । ਇਸ ਦੇ ਨਾ.ਲ ਡਾ ਸਿੰਘ ਕੈਲੀਫ਼ੋਰਨੀਆ ਸਟੇਟ ਯੂਨੀਵਰਸਿਟੀ



ਵਿੱਚ ਪ੍ਰੋਫ਼ੈਸਰ ਹਨ ਜੋ ਕਿ 2006 ਤੋਂ ਲਗਾਤਾਰ ਪੜ੍ਹਾ ਰਹੇ ਹਨ । ਅਮਰੀਕਾ ਆਉਣ ਤੋ ਪਹਿਲਾਂ ਡਾ: ਸਿੰਘ ਗੋਵਰਮੈਂਟ ਕਾਲਜ ਫ਼ੋਰ ਗਰਲਜ਼ ਚੰਡੀਗੜ੍ਹ ਵਿੱਚ ਅਸੋਸੀਏਟ ਪ੍ਰੋਫ਼ੈਸਰ ਆਫ਼ ਇੰਗਲਿਸ਼ ਸਨ। ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ ਤੋਂ ਪੀ ਐਚ ਡੀ ਇੰਗਲਿਸ਼ 1999 ਵਿੱਚ ਹਾਸਲ ਕੀਤੀ ਅਤੇ ਇੱਥੇ ਆਕੇ ਵੀ ਟੀਚੀਂਗ ਕਰਡੈਂਸ਼ਲ, ਐਡਮਨਿਸਟ੍ਰੇਟਿਵ ਸਰਵਿਸ ਕਰਡੈਂਸ਼ਲ ਤੇ ਮਾਸਟਰ ਇਨ ਐਜੁਕੇਸ਼ਨ ਦੀ ਪੜ੍ਹਾਈ ਕੀਤੀ । ਇਹ ਜ਼ਿਕਰ ਕਰਨਯੋਗ ਹੈ ਕਿ ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਹੋਰ ਪਬਲਿਕ ਸਕੂਲਾਂ ਵਾਂਗ ਸਰਕਾਰ ਤੋਂ ਫੰਡ ਪ੍ਰਾਪਤ ਕਰਦਾ ਹੈ ਤੇ ਸਾਰੇ ਅਧਿਆਪਕ ਸਰਟੀਫਾਇਡ Kਕਰਡੈਂਸਲਡ ਹੀ ਭਰਤੀ ਕੀਤੇ ਜਾਂਦੇ ਹਨ। ਹਰੇਕ ਕਲਾਸ ਵਿੱਚ ਬੱਚਿਆਂ ਦੀ ਗਿਣਤੀ ਆਮ ਸਕੂਲਾਂ ਨਾਲੋਂ ਘੱਟ ਹੁੰਦੀ ਹੈ ਜਿਸ ਕਰਕੇ ਉਨ੍ਹਾਂ ਦੀ ਪੜ੍ਹਾਈ ਵੱਲ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ । ਇਸ ਸਾਲ ਸਕੂਲ ਦੇ ਨਤੀਜੇ ਇੰਗਲਿਸ਼ ਤੇ ਮੈਥ ਦੇ ਸਟੇਟ ਇਮਤਿਹਾਨਾਂ ਵਿੱਚ ਬਹੁਤ ਵਧੀਆ ਆਏ ਹਨ । ਇਸ ਸਕੂਲ ਵਿੱਚ ਪੰਜਾਬੀ ਵਿਸ਼ਾ ਲਾਜ਼ਮੀ ਹੈ। ਸਾਰੇ ਬੱਚੇ ਪੰਜਾਬੀ ਵਿੱਚ ਪਹਾੜੇ ਵੀ ਸਿੱਖਦੇ ਹਨ । ਸਾਰੇ ਵਿਦਿਆਰਥੀ ਭਾਵੇਂ ਉਹ ਗੋਰੇ, ਅਫ਼ਰੀਕਨ,ਮੈਕਸੀਕਨ ਜਾਂ ਏਸ਼ੀਅਨ ਮੂਲ ਦੇ ਹੋਣ, ਪੰਜਾਬੀ ਸਿੱਖ ਕੇ ਬਹੁਤ ਖ਼ੁਸ਼ ਹੁੰਦੇ ਹਨ ਤੇ ਪੰਜਾਬੀ ਸਾਹਿਤ, ਭਾਸ਼ਾ ਤੇ ਸਭਿਆਚਾਰ ਵਿੱਚ ਵੀ ਮੁਹਾਰਤ ਹਾਸਲ ਕਰਦੇ ਹਨ ।




ਪੰਥ ਦੇ ਮਹਾਨ ਢਾਡੀ ਗਿਆਨੀ ਕੁਲਜੀਤ ਸਿੰਘ ਜੀ ਦਿਲਬਰ ਸਪੁੱਤਰ ( ਗਿਆਨੀ ਦਿਯਾ ਸਿੰਘ ਜੀ ਦਿਲਬਰ ) ਅਤੇ ਉਨਾਂ ਦੇ ਢਾਡੀ ਜੱਥੇ ਨੂੰ ਅੱਜ ਸੈਨਹੋਜੇ ਗੁਰਦੁਆਰਾ ਸਾਹਿਬ ( ਕੈਲੇਫੋਰਨੀਆਂ ) ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ ! ਜ਼ਿਕਰਯੋਗ ਹੈ ਕਿ ਢਾਡੀ ਜੱਥੇ ਵੱਲੋਂ ਪਿੱਛਲੇ ਹਫ਼ਤੇ ਤੋਂ ਦੀਵਾਨ ਸਜਾ ਕਿ ਸਿੱਖ ਇਤਿਹਾਸ ਅਤੇ ਹੋਰ ਗੁਰਮਤਿ ਵਿਚਾਰਾਂ ਸਰਵਣ ਕਰਵਾਈਆ। **(ਫੋਟੋ: ਹੁਸਨ ਲੜੋਆ ਬੰਗਾ)**

# ਟੈਰੇਜ਼ਾ ਮੇਅ ਬਣੀ ਰਹੇਗੀ ਬਰਤਾਨੀਆ ਦੀ ਪ੍ਰਧਾਨ ਮੰਤਰੀ

**(ਸਫਾ 1 ਦੀ ਬਾਕੀ)**

ਜੈਰੇਮੀ ਕੌਰਬਿਨ ਦੀ ਅਗਵਾਈ ਹੇਠ ਵਿਰੋਧੀ ਲੇਬਰ ਪਾਰਟੀ ਨੇ ਵਧੀਆ ਕਾਰਗੁਜ਼ਾਰੀ ਦਿਖਾਉਂਦਿਆਂ ਬੀਬੀ ਮੇਅ ਦੀਆਂ ਗਿਣਤੀਆਂ-ਮਿਣਤੀਆਂ ਹਿਲਾ ਦਿੱਤੀਆਂ। ਸੰਸਦ ਦੇ ਹੇਠਲੇ ਸਦਨ ਹਾਊਸ ਆਫ਼ ਕੌਮਨਜ਼ ਦੀਆਂ ਕੁੱਲ 650 ਸੀਟਾਂ ਵਿੱਚੋਂ ਕੰਜ਼ਰਵੇਟਿਵ ਪਾਰਟੀ ਨੂੰ 318 ਤੇ ਲੇਬਰ ਪਾਰਟੀ ਨੂੰ 261 ਸੀਟਾਂ ਮਿਲੀਆਂ ਤੇ ਕੋਈ ਪਾਰਟੀ ਬਹੁਮਤ ਲਈ ਜ਼ਰੂਰੀ 326 ਸੀਟਾਂ ਨਹੀਂ ਹਾਸਲ ਕਰ ਸਕੀ। ਸਕੌਟਿਸ਼ ਨੈਸ਼ਨਲ ਪਾਰਟੀ ਨੂੰ 35, ਲਿਬਰਲ ਡੈਮੋਕ੍ਰੈਟਸ ਨੂੰ 12, ਡੀਯੂਪੀ ਨੂੰ 10 ਤੇ ਹੋਰਨਾਂ ਨੂੰ 13 ਸੀਟਾਂ ਮਿਲੀਆਂ ਹਨ।

**ਢੇਸੀ ਪਹਿਲਾ ਦਸਤਾਰਧਾਰੀ ਤੇ ਪ੍ਰੀਤ ਗਿੱਲ ਪਹਿਲੀ ਮਹਿਲਾ ਸਿੱਖ ਐਮਪੀ**

ਇੰਗਲੈਂਡ ਦੀਆਂ ਸੰਸਦੀ ਚੋਣਾਂ ਵਿਚ ਜਿਥੇ ਪਿੰਡ ਰਾਏਪੁਰ ਦੇ ਤਨਮਨਜੀਤ ਸਿੰਘ ਢੇਸੀ ਨੇ ਚੋਣ ਜਿੱਤ ਕੇ ਪਹਿਲੇ ਪਗੜੀਧਾਰੀ ਮੈਂਬਰ ਪਾਰਲੀਮੈਂਟ ਹੋਣ ਦਾ ਇਤਿਹਾਸ ਰਚਿਆ, ਉਥੇ ਜਲੰਧਰ ਜ਼ਿਲ੍ਹੇ ਦੀ ਹੀ ਪ੍ਰੀਤ ਕੌਰ ਗਿੱਲ ਪਹਿਲੀ ਸਿੱਖ ਔਰਤ ਐਮਪੀ ਬਣੀ ਹੈ। ਇਹ ਦੋਵੇਂ ਰਿਸ਼ਤੇਦਾਰ ਵੀ ਹਨ। ਮੁੜ ਚੁਣੇ ਗਏ ਦੋ ਹੋਰ ਪੰਜਾਬੀ ਐਮਪੀ ਵਰਿੰਦਰ ਸ਼ਰਮਾ ਅਤੇ ਸੀਮਾ ਮਲਹੋਤਰਾ ਵੀ ਜਲੰਧਰ ਨਾਲ ਹੀ ਸਬੰਧਤ ਹਨ। ਜਲੰਧਰ ਜ਼ਿਲ੍ਹੇ ਦੇ ਪਿੰਡ ਰਾਏਪੁਰ ਦੇ ਤਨਮਨਜੀਤ ਸਿੰਘ ਢੇਸੀ ਦੇ ਜਿੱਤਣ ਦੀ ਖਬਰ ਜਿਉਂ ਹੀ ਅੱਜ ਸਵੇਰੇ ਪਿੰਡ ਪਹੁੰਚੀ ਤਾਂ ਉਨ੍ਹਾਂ ਦੇ ਘਰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗ ਗਿਆ। ਰਾਏਪੁਰ ਪਿੰਡ ਵਿਚ ਉਨ੍ਹਾਂ ਦੇ ਦਾਦਾ ਸਵਰਨ ਸਿੰਘ ਢੇਸੀ, ਚਾਚਾ ਪਰਮਜੀਤ ਸਿੰਘ ਰਾਏਪੁਰ ਅਤੇ ਅਮਰੀਕ ਸਿੰਘ ਢੇਸੀ ਨੂੰ ਲੋਕ ਸਾਰਾ ਦਿਨ ਵਧਾਈਆਂ ਦੇਣ ਆਉਂਦੇ ਰਹੇ। ਤਨਮਨਜੀਤ ਸਿੰਘ ਢੇਸੀ ਦੇ ਪੱਖ ਵਿਚ ਸਭ ਤੋਂ ਵੱਡੀ ਇਹ ਗੱਲ ਰਹੀ ਕਿ ਲੇਬਰ ਪਾਰਟੀ ਨੇ ਪਿਛਲੀ ਵਾਰ ਸਲੋਅ ਸੀਟ 7500 ਵੋਟਾਂ ਦੇ ਫਰਕ ਨਾਲ ਜਿੱਤੀ ਸੀ ਪਰ ਤਨਮਨਜੀਤ ਨੇ ਲੀਡ ਨੂੰ ਵਧਾ ਕੇ 16998 ਕਰ ਦਿੱਤਾ ਹੈ। ਤਨਮਨਜੀਤ ਸਿੰਘ ਦੇ ਪਰਿਵਾਰ ਦਾ ਪਿਛੋਕੜ ਪੰਥਕ ਹੈ। ਉਨ੍ਹਾਂ ਦੇ ਪਿਤਾ ਜਸਪਾਲ ਸਿੰਘ ਢੇਸੀ ਇੰਗਲੈਂਡ ਦੇ ਸ਼ਹਿਰ ਗ੍ਰੇਵਜ਼ੈਂਡ 'ਚ ਲਗਭਗ 20 ਸਾਲ ਗੁਰੂ ਨਾਨਕ ਦਰਬਾਰ ਗੁਰਦੁਆਰੇ ਦੇ ਪ੍ਰਧਾਨ ਰਹੇ ਹਨ।

# ਪੰਜਾਬ ਸਰਕਾਰ ਦੇ ਪਹਿਲੇ ਬਜਟ 'ਚ ਉਡੇਗਾ ਰੇਤਾ- ਬਜਰੀ

ਕਾਂਗਰਸ ਸਰਕਾਰ ਦਾ ਇਹ ਪਲੇਠਾ ਬਜਟ ਹੈ। ਵਿਰੋਧੀ ਪਾਰਟੀਆਂ ਸਮੇਤ ਸਮੁੱਚੇ ਪੰਜਾਬੀਆਂ ਦੀਆਂ ਨਜ਼ਰਾਂ ਇਸ ਸੈਸ਼ਨ ਦੌਰਾਨ ਪੇਸ਼ ਕੀਤੇ ਜਾਣ ਵਾਲੇ ਬਜਟ 'ਤੇ ਟਿਕੀਆਂ ਹੋਈਆਂ ਹਨ। ਕਾਂਗਰਸ ਨੇ ਸੱਤਾ ਹਾਸਲ ਕਰਨ ਲਈ ਲੋਕਾਂ ਨਾਲ ਵਾਅਦੇ ਕਰਨ 'ਚ ਕੋਈ ਕਸਰ ਨਹੀਂ ਛੱਡੀ। ਇਸ ਲਈ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਕਾਂਗਰਸ ਦੇ ਵਾਅਦਿਆਂ ਨੂੰ ਸਿਰੇ ਚਾੜ੍ਹਨ ਲਈ ਕੀ ਰੁਖ਼ ਅਖਤਿਆਰ ਕਰਦੇ ਹਨ ਇਸ ਦੀ ਝਲਕ ਪਲੇਠੇ ਬਜਟ ਤੋਂ ਪੈ ਜਾਵੇਗੀ। ਕਾਂਗਰਸ ਵੱਲੋਂ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਦੇ ਕੀਤੇ ਵਾਅਦੇ ਦੀ ਰੂਪ ਰੇਖਾ ਵੀ ਇਸ ਬਜਟ ਤੋਂ ਸਪੱਸ਼ਟ ਹੋਵੇਗੀ।

ਵਿਧਾਨ ਸਭਾ ਚੋਣਾਂ ਵਿੱਚ 'ਆਪ' ਮੁੱਖ ਵਿਰੋਧੀ ਧਿਰ ਵਜੋਂ ਉਭਰ ਕੇ ਸਾਹਮਣੇ ਆਈ ਹੈ। ਮਾਰਚ ਮਹੀਨੇ ਹੋਏ ਸੰਖੇਪ ਸੈਸ਼ਨ ਦੌਰਾਨ ਤਾਂ ਸਰਕਾਰ ਅਤੇ ਵਿਰੋਧੀ ਧਿਰ ਦੀ ਭੂਮਿਕਾ ਦਾ ਨੋਟਿਸ ਨਹੀਂ ਲਿਆ ਗਿਆ ਪਰ ਬਜਟ ਸੈਸ਼ਨ ਦੌਰਾਨ 'ਆਪ' ਵੱਲੋਂ ਅਖ਼ਤਿਆਰ ਕੀਤੇ ਜਾਣ ਵਾਲੇ ਰੁਖ਼ 'ਤੇ ਪੰਜਾਬ ਵਾਸੀਆਂ ਦੀ ਨਜ਼ਰ ਟਿਕੀ ਹੋਈ ਹੈ। ਪੰਜਾਬ ਵਿਧਾਨ ਸਭਾ ਦੇ ਪਹਿਲੇ ਸੈਸ਼ਨ ਤੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੂਰੀ ਬਣਾਈ ਰੱਖੀ ਸੀ। ਵਿਧਾਇਕ ਵਜੋਂ ਸਹੁੰ ਵੀ ਉਨ੍ਹਾਂ ਸਪੀਕਰ ਰਾਣਾ ਕੇ.ਪੀ. ਸਿੰਘ ਦੇ ਚੈਂਬਰ 'ਚ ਜਾ ਕੇ ਚੁੱਕੀ ਸੀ। ਬਜਟ ਸੈਸ਼ਨ ਦੌਰਾਨ ਦੋਹਾਂ ਬਾਦਲਾਂ ਦੇ ਹਾਜ਼ਰ ਹੋਣ ਦੀ ਸੰਭਾਵਨਾ ਹੈ।

# ਕੀ ਸਾਡੇ ਮਾਤਾ-ਪਿਤਾ ਦੋ ਹਨ? ਮਦਰ-ਫਾਦਰ ਡੇ ਕਿਵੇਂ ਮਨਾਈਏ?

**(ਸਫਾ 6 ਦੀ ਬਾਕੀ)** ਚਾਹੀਦੀਆਂ ਹਨ-ਪੂਤਾ ਮਾਤਾ ਕੀ ਅਸੀਸ॥(੪੯੬) ਇਸ ਦੇ ਉਲਟ ਭੇਖੀ ਡੇਰੇਦਾਰ ਸਾਧਾਂ ਨੂੰ ਤਾਂ ਮਹਿੰਗੇ ਤੋਂ ਮਹਿਗੇ ਕਪੜੇ, ਕਾਰਾਂ ਅਤੇ ਕੋਠੀਆਂ ਦਾਨ ਕਰੀ ਜਾਂਦੇ, ਗੌਣ ਵਾਲਿਆਂ ਅਤੇ ਫਿਲਮਾਂ ਦੇਖਣ ਤੇ ਬਿਨਾਂ ਸੋਚੇ ਖਰਚ ਕਰੀ ਜਾਂਦੇ ਹਾਂ ਪਰ ਮਾਂ-ਬਾਪ ਨੂੰ ਪਿਆਰ ਨਾਲ ਰੋਟੀ ਕਪੜਾ ਵੀ ਨਹੀਂ ਦਿੰਦੇ, ਫਿਰ ਸਾਡੇ ਮਦਰ-ਫਾਦਰ ਡੇ ਮਨਾਏ ਕੀ ਅਰਥ ਰੱਖਦੇ ਹਨ? ਜਿਵੇਂ ਸਾਡੇ ਸਰੀਰ ਨੂੰ ਹਰਰੋਜ ਅੰਨ, ਪਾਣੀ, ਕਪੜੇ ਅਤੇ ਸਿਰ ਲੁਕਾਵੇ ਦੀ ਲੋੜ ਹੈ ਇਵੇਂ ਹੀ ਮਾਂ-ਬਾਪ ਨੂੰ ਬੁਢੇਪੇ ਵੇਲੇ ਹਰ ਰੋਜ ਦੇਖ ਭਾਲ ਦੀ ਜਰੂਰਤ ਹੈ। ਸੋ ਆਓ ਆਦਰ ਮਾਨ ਨਾਲ ਮਾਂ-ਬਾਪ ਦੀ ਸੇਵਾ ਕਰਕੇ, ਹਰ ਰੋਜ ਮਦਰ-ਫਾਦਰ ਡੇ ਮਨਾਈਏ ਨਾਂ ਕਿ ਜਗਤ ਕੀ ਭੇਡਾ ਚਾਲ ਮਗਰ ਲੱਗ ਕੇ, ਲੋਕ ਦਿਖਾਵੇ ਹੀ ਕਰੀ ਜਾਈਏ।





ਲਾਅ ਭਵਨ ਚੰਡੀਗੜ੍ਹ ਵਿਖੇ ਮਾਣਯੋਗ ਜਸਟਿਸ ਏ. ਕੇ. ਮਿੱਤਲ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਸ੍ਰੀ ਜੈ ਵੀਰ ਯਾਦਵ ਚੇਅਰਮੈਨ ਬਾਰ ਕੌਂਸਲ ਪੰਜਾਬ ਅਤੇ ਹਰਿਆਣਾ ਸ੍ਰੀ ਹਰਭਜਨ ਦਾਸ ਸਾਂਪਲਾ ਨੂੰ ਐਡਵੋਕੇਟ ਦੀ ਡਿਗਰੀ ਸੌਂਪਦੇ ਹੋਏ। ਸ੍ਰੀ ਹਰਭਜਨ ਸਾਂਪਲਾ ਪੰਜਾਬ ਬੁੱਧਿਸਟ ਸੁਸਾਇਟੀ (ਰਜਿ) ਪੰਜਾਬ ਦੇ ਪ੍ਰਧਾਨ ਵੀ ਹਨ ਅਤੇ ਅੰਬੇਦਕਰ ਮਿਸ਼ਨ ਸੁਸਾਇਟੀ (ਰਜਿ) ਪੰਜਾਬ ਦੇ ਸਲਾਹਕਾਰ ਹਨ।

# 'ਰੂਹ' ਫਿਲਮ ਦੀ ਪ੍ਰਮੋਸ਼ਨ ਲਾਲਾ ਲਾਜਪਤ ਰਾਏ ਕਾਲਜ ਘੱਲ ਕਲਾਂ ਵਿਖੇ ਹੋਈ

**ਮੋਗਾ–** ਔਰਤਾਂ ਖਿਲਾਫ ਹੁੰਦੇ ਦੁਰ-ਵਿਵਹਾਰ ਨੂੰ ਦਰਸਾਉਂਦੀ ਫਿਲਮ ਰੂਹ 15 ਜੂਨ ਨੂੰ ਰਿਲੀਜ਼ ਕੀਤੀ ਜਾਵੇਗੀ। ਇਹ ਜਾਣਕਾਰੀ ਮੋਗਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਫਿਲਮ ਦੇ ਡਾਇਰੈਕਟਰ, ਲੇਖਕ ਤੇ ਐਕਟਰ ਵਿੱਕੀ ਸਿੰਘ ਅਤੇ ਫਿਲਮ ਦੇ ਪੇਸ਼ਕਾਰ ਉਘੇ ਗੀਤਕਾਰ ਬਲਜੀਤ ਫਿੱਡਿਆਂਵਾਲਾ ਨੇ ਦਿੱਤੀ। ਉਹਨਾਂ ਦੱਸਿਆ ਕਿ ਫਿਲਮ ਦੇ ਨਿਰਮਾਤਾ ਰਣਜੀਤ ਸਿੰਘ ਸੈਣੀ ਹਨ ਅਤੇ ਇਸ ਫਿਲਮ ਦਾ ਸੰਗੀਤ ਫੋਕ-ਸਟਾਈਲ ਨੇ ਦਿੱਤਾ ਹੈ। ਕੈਮਰਾਮੈਨ ਰਾਜੂ ਬਰਾੜ ਨੇ ਫਿਲਮ ਦੀ ਸਟਾਰ-ਕਾਸਟ ਦਿਲਾਵਰ ਸਿੱਧੂ, ਕੁਲਵੰਤ ਖਟੜਾ, ਪਰਮਿੰਦਰ ਗਿੱਲ, ਕੁਲਵਿੰਦਰ ਸਿੰਘ, ਰਸਟੀ ਕੌਰ, ਬਬੀਤਾ, ਅਭੀ, ਚਿੰਕੂ ਸਿੰਗਲਾ, ਸੁਮਨ ਅਤੇ ਮਾਪਾ ਸੰਧੂ ਵੱਲੋਂ ਨਿਭਾਏ ਕਿਰਦਾਰਾਂ ਨੂੰ ਬਾਖੂਬੀ ਫਿਲਮਾਇਆ ਹੈ। ਸਿੰਗਲਾ ਪ੍ਰੋਡਕਸ਼ਨ ਦੀ ਦੇਖ-ਰੇਖ ਹੇਠ ਤਿਆਰ ਹੋਈ ਇਸ ਲਘੂ ਫਿਲਮ ਦੇ ਪ੍ਰੋਮੋ ਵੱਖ-ਵੱਖ ਟੀ. ਵੀ. ਚੈਨਲਾਂ ਤੇ 1 ਜੂਨ ਤੋਂ ਲਗਾਤਾਰ ਦਿਖਾਏ ਜਾ ਰਹੇ ਹਨ।

ਫਿਲਮ ਵਿਚ ਵਿਸ਼ੇਸ਼ ਤੌਰ ਤੇ ਦਿੱਲੀ ਦੇ ਦਾਮਿਨੀ ਕਾਂਡ, ਮੋਗਾ ਬੱਸ ਕਾਂਡ ਅਤੇ ਲੜਕੀਆਂ ਨਾਲ ਹੋਰ ਵਾਪਰੀਆਂ ਭੇਦ-ਭਾਵ ਦੀਆਂ ਘਟਨਾਵਾਂ ਦਾ ਫਿਲਮਾਂਕਣ ਕਰਕੇ ਪੇਸ਼ ਕੀਤਾ ਗਿਆ ਹੈ ਅਤੇ ਅੰਤ ਵਿਚ ਬੀਤੇ ਸਮੇਂ ਦੌਰਾਨ ਜ਼ੁਲਮ ਦਾ ਸ਼ਿਕਾਰ ਹੋਈਆਂ ਅਤੇ ਆਪਣੀ ਜਾਨ ਤੋਂ ਹੱਥ ਧੋ ਚੁੱਕੀਆਂ ਲੜਕੀਆਂ ਨੂੰ ਸ਼ਰਧਾਂਜਲੀ ਵੀ ਦਿੱਤੀ ਗਈ। ਵੱਖ ਵੱਖ ਟੀ. ਵੀ. ਚੈਨਲਾਂ ਵੱਲੋਂ ਇਸ ਲਘੂ ਫਿਲਮ ਲਈ ਦਿਖਾਈ ਗਈ ਫਰਖਾਦਿਲੀ ਕਾਰਨ ਫਿਲਮ ਦੇ ਪ੍ਰੋਮੋਜ਼ ਨੂੰ ਲੋਕਾਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਫਿਲਮ ਦੀ ਪ੍ਰਮੋਸ਼ਨ ਮੌਕੇ ਹਲਕਾ ਵਿਧਾਇਕ ਡਾ. ਹਰਜੋਮ ਕਮਲ, ਲਾਲਾ ਲਾਜਪਤ ਰਾਏ ਕਾਮਰਸ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਕੌੜਾ, ਰਮੇਸ਼ ਕੁਮਾਰ ਬਾਂਸਲ ਅਤੇ ਕਾਲਜ ਦਾ ਸਮੂਹ ਸਟਾਫ ਹਾਜ਼ਰ ਸੀ।



**ਰਿਪੋਰਟ– ਡਾ. ਬਲਰਾਜ ਸਿੰਘ ਜੱਖੂ, ਘੱਲ ਕਲਾਂ**

# 1965 ਤੇ 1971 ਜੰਗਾਂ ਦੇ 54 ਫੌਜੀ ਅਜੇ ਤੱਕ ਪਾਕਿਸਤਾਨੀ ਜੇਲ੍ਹਾਂ ਵਿੱਚ ਬੰਦ

**ਨਵੀਂ ਦਿੱਲੀ –** ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਪਾਕਿਸਤਾਨ ਦੀਆਂ ਜੇਲ੍ਹਾਂ ਵਿੱਚ ਕੁੱਲ 74 ਭਾਰਤੀ ਫੌਜੀ ਅਤੇ ਫੌਜਾਂ ਨਾਲ ਸੰਬੰਧਤ ਲੋਕ ਬੰਦ ਹਨ, ਜਿਨ੍ਹਾਂ ਵਿੱਚ ਸਾਲ 1965 ਅਤੇ 1971 ਦੇ 54 ਜੰਗੀ ਕੈਦੀ ਵੀ ਸ਼ਾਮਲ ਹਨ।

ਆਰ ਟੀ ਆਈ ਐਕਟੀਵਿਸਟ ਡਾਲ ਚੰਦ ਪਵਾਰ ਨੇ ਸੂਚਨਾ ਅਧਿਕਾਰ ਐਕਟ ਦੇ ਹੇਠ ਵਿਦੇਸ਼ ਮੰਤਰ-ਾਲੇ ਤੋਂ ਪਾਕਿਸਤਾਨੀ ਜੇਲ੍ਹਾਂ ਵਿੱਚ ਬੰਦ ਜੰਗੀ ਕੈਦੀਆਂ ਤੇ ਹੋਰ ਡਿਫੈਂਸ ਕਰਮਚਾਰੀਆਂ ਦੀ ਜਾਣਕਾਰੀ ਮੰਗੀ ਸੀ। ਮੰਤਰਾਲੇ ਨੇ ਸੰਜੇ ਕੁਮਾਰ ਦੇ ਰਾਹੀਂ ਡਾਲ ਚੰਦ ਨੂੰ ਭੇਜੇ ਜਵਾਬ ਵਿੱਚ ਕਿਹਾ ਹੈ ਕਿ ਭਾਰਤ ਸਰਕਾਰ ਨੇ ਡਿਪਲੋਮੈਟਿਕ ਮੰਚ ਰਾਹੀਂ ਕਈ ਵਾਰ ਪਾਕਿਸਤਾਨ ਸਰਕਾਰ ਨੂੰ ਭਾਰਤੀ ਜੰਗ-ਬੰਦੀਆਂ ਨੂੰ ਛੱਡਣ ਲਈ ਕਿਹਾ ਹੈ, ਪਰ ਪਾਕਿਸਤਾਨ ਸਰਕਾਰ ਨੇ ਕਦੇ ਵੀ ਨਹੀਂ ਮੰਨਿਆ ਕਿ ਭਾਰਤੀ ਜੰਗਬੰਦੀ ਉਨ੍ਹਾਂ ਦੀਆਂ ਜੇਲ੍ਹਾਂ ਵਿੱਚ ਬੰਦ ਹਨ। ਮੰਤਰਾਲੇ ਨੇ ਕਿਹਾ ਕਿ ਵਿਦੇਸ਼ ਮੰਤਰੀ ਦੇ ਜਨਵਰੀ 2007 ਦੇ ਪਾਕਿਸਤਾਨ ਦੌਰੇ ਦੌਰਾਨ ਇਹ ਮਾਮਲਾ ਉਠਾਇਆ ਗਿਆ ਸੀ। ਭਾਰਤ ਦੀ ਬੇਨਤੀ 'ਤੇ ਤਿੰਨਾਂ ਫੌਜਾਂ ਦੀ ਇੱਕ ਕਮੇਟੀ ਬਣਾਈ ਗਈ ਸੀ, ਜਿਹੜੀ ਲਾਪਤਾ ਡਿਫੈਂਸ ਕਰਮਚਾਰੀਆਂ ਦਾ ਪਤਾ ਲਾ ਸਕੇ। ਇਹ ਕਮੇਟੀ ਮਾਰਚ 2008 ਵਿੱਚ ਬਣੀ ਸੀ ਤੇ ਫਿਰ 24-25 ਮਈ 2012 ਨੂੰ ਇਸਲਾਮਾ-ਬਾਦ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਹੋਮ ਸੈਕਟਰੀ ਪੱਧਰ ਦੀ ਗੱਲਬਾਤ ਵਿੱਚ ਇਹ ਮੁੱਦਾ ਉਠਿਆ ਸੀ। ਫਿਰ 4-5 ਜੁਲਾਈ 2012 ਨੂੰ ਨਵੀਂ ਦਿੱਲੀ ਵਿੱਚ ਹੋਈ ਵਿਦੇਸ਼ ਸਕੱਤਰ ਪੱਧਰ ਦੀ ਗੱਲਬਾਤ ਵਿੱਚ ਵੀ ਇਹ ਮਾਮਲਾ ਉਠਾਇਆ ਗਿਆ, ਪਰ ਪਾਕਿਸਤਾਨ ਨੇ ਆਪਣਾ ਸਟੈਂਡ ਨਹੀਂ ਬਦਲਿਆ ਅਤੇ ਇਹੋ ਕਿਹਾ ਕਿ ਉਸ ਕੋਲ ਕੋਈ ਜੰਗ-ਬੰਦੀ ਨਹੀਂ ਹਨ।



ਡਾਲ ਚੰਦ ਪਵਾਰ ਨੇ ਕਿਹਾ ਕਿ ਸਰਹੱਦ ਤੋਂ ਗਾਇਬ ਹੋਏ 74 ਫੌਜੀ ਜਵਾਨਾਂ ਲਈ ਨਰਿੰਦਰ ਮੋਦੀ ਸਰਕਾਰ ਹੁਣ ਯੂ ਐੱਨ ਓ ਜਾਂ ਅੰਤਰਰਾਸ਼ਟਰੀ ਅਦਾਲਤ ਵਿੱਚ ਮਾਮਲਾ ਉਠਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗੁੰਮਸ਼ੁਦਾ ਭਾਰਤੀ ਜਵਾਨਾਂ ਦੇ ਪਰਵਾਰਾਂ ਨਾਲ ਉਨ੍ਹਾਂ ਦੀ ਗੱਲਬਾਤ ਹੋਈ ਤੇ ਉਨ੍ਹਾਂ ਨੇ ਭਾਰਤ ਸਰਕਾਰ ਪ੍ਰਤੀ ਘੋਰ ਨਿਰਾਸ਼ਾ ਜ਼ਾਹਰ ਕੀਤੀ ਹੈ। ਕੁਝ ਪਰਵਾਰਾਂ ਨੇ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ, ਸਾਬਕਾ ਵਿਦੇਸ਼ ਮੰਤਰੀ ਪ੍ਰਨੀਤ ਕੌਰ ਅਤੇ ਮੌਜੂਦਾ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਮਿਲ ਕੇ ਆਪਣੇ ਲਾਪਤਾ ਪਰਵਾਰਕ ਮੈਂਬਰਾਂ ਦਾ ਪਤਾ ਲਾਉਣ ਦੀ ਬੇਨਤੀ ਕੀਤੀ। ਪਵਾਰ ਨੇ ਕਿਹਾ ਕਿ ਅਮਰੀਕ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਦਸ਼ਮੇਸ ਨਗਰ ਫਰੀਦਕੋਟ ਦੇ ਨਾਲ ਉਨ੍ਹਾਂ ਦੀ ਗੱਲਬਾਤ ਹੋਈ ਤਾਂ ਅਮਰੀਕ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਸੁਰਜੀਤ ਸਿੰਘ 1966 ਵਿੱਚ ਫੌਜ ਵਿੱਚ ਭਰਤੀ ਹੋਏ ਤੇ 1971 ਦੀ ਜੰਗ ਵੇਲੇ ਸਾਂਬਾ ਸੈਕਟਰ ਵਿੱਚ ਤੈਨਾਤ ਸਨ। ਓਥੋਂ ਉਹ ਲਾਪਤਾ ਹੋ ਗਏ। ਅਜੇ ਤੱਕ ਉਨ੍ਹਾਂ ਦਾ ਕੁਝ ਪਤਾ ਨਹੀਂ ਲੱਗ ਸਕਿਆ। ਉਨ੍ਹਾਂ ਦੇ ਨਾਲ 20 ਹੋਰ ਜਵਾਨ ਵੀ ਲਾਪਤਾ ਦੱਸੇ ਜਾਂਦੇ ਹਨ।


SHRI GURU RAVIDASS SABHA (CA)
2150 Crestview Drive, Pittsburg CA 94565
Tel : (925) 439-2355

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥1॥
ਅਬ ਮੋਹਿ ਖੂਬ ਵਤਨ ਗਹ ਪਾਈ ॥ ਹਾਂ ਖੈਰਿ ਸਦਾ ਮੇਰੇ ਭਾਈ ॥1॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥2

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ ਜੂਨ ਮਹੀਨੇ ਦੇ ਪ੍ਰੋਗਰਾਮ

**Guru Piari Sadh Sangat Ji,**

**June 18, 2017**
**Sukhmani Sahib Path and Langar Sewa by Bhai Arshdeep Singh Rattu& Bibi Priyanka Singh Rattu**
Sri Sukhmani Sahib Path and Langar Sewa will be hosted by Bhai Arshdeep Singh Rattu, Bibi Priyanka Singh Rattuand their family in celebration of their daughter Jaslene Singh Rattu's 1st Birthday. May Waheguru bless Jaslene Singh Rattu with happy, healthy and long life.

**June 25, 2017**
**126th Birth Anniversary of Dr. Bhimrao Ambedkar**
Sri Sukhmani Sahib Path and Langar sewa will be hosted by Gurughar on the occasion of 126th Birth Anniversary of Dr. B R Ambedkar.BabaSaheb was a leader, politician and a scholar. As independent India's first lawminister, he was the principal architect of the Constitution of India. Ragi Jatha and Kirtankar will adorn the occasion..

**June30-July1-2, 2017**
**Pittsburg Gurughar's 32th Anniversary**
Sri Guru Ravidass Temple Pittsburg's 32th anniversary will be celebrated on July 2, 2017. Akhand Path will start on Friday 06/30/2017 at 10am and will be concluded with Bhog ceremony on Sunday 7/02/2017.
Path and Langar Sewa will be hosted by Gurughar with the help and cooperation of entire Sangat. Ragi Jatha Giani Ompal Singh, Giani Gurnam Singh ji will adorn the occasion along with GianiParkash Singh ji.

**Chairman**
**Shinder Pal Narabat**
**(925) 683-0178**

**President**
**Kashmiri Bhatia**
**(408)460-0262**

**General Secretary**
**Gina Bhatia**
**(925) 483-1629**

**Treasurer**
**Jasvir Chahal**
**(209)627-7944**

# ਵਿਕਾਸ ਦਰ ਦੀ ਸੁਸਤੀ, ਸਰਕਾਰ ਲਈ ਵੱਡੀ ਚੁਣੌਤੀ

**ਇਸ ਵੇਲੇ ਦੇਸ਼ ਦੀ ਅਰਥ-ਵਿਵਸਥਾ ਨੂੰ ਗੰਭੀਰ ਖ਼ਤਰਾ ਹੈ। ਦੇਸ਼ ਦੀ ਅਰਥ-ਵਿਵਸਥਾ ਨਿੱਤ ਦਿਨ ਸੁਸਤ ਹੋ ਰਹੀ ਹੈ। ਵਿਸ਼ਵ ਭਰ ਵਿੱਚ ਭਾਰਤ ਦੇ ਆਰਥਿਕ ਵਿਕਾਸ ਅਤੇ ਵਿੱਤੀ ਸਾਧਨਾਂ ਬਾਰੇ ਜੋ ਰਿਪੋਰਟਾਂ ਛਪ ਰਹੀਆਂ ਹਨ, ਉਹਨਾਂ ਦੇ ਮੱਦੇ-ਨਜ਼ਰ ਦੇਸ਼ ਅਤੇ ਦੁਨੀਆ ਦੇ ਅਰਥ-ਸ਼ਾਸਤਰੀ ਇਹ ਕਹਿੰਦੇ ਦਿੱਸਦੇ ਹਨ ਕਿ ਭਾਰਤ ਦੇ ਸਾਹਮਣੇ ਆਪਣੀ ਆਰਥਿਕ ਹਾਲਤ ਸੁਧਾਰਨ ਅਤੇ ਵਿਕਾਸ ਦਰ ਦੇ ਵਾਧੇ ਦੀ ਵੱਡੀ ਚੁਣੌਤੀ ਹੈ। ਇਸ ਵੇਲੇ ਦੇਸ਼ ਨੂੰ ਕਮਜ਼ੋਰ ਵਿੱਤੀ ਸਥਿਤੀ ਅਤੇ ਔਖੇ ਕਾਰੋਬਾਰੀ ਮਾਹੌਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਨੂੰ ਜਨਤਕ ਅਤੇ ਕਲਿਆਣਕਾਰੀ ਨੀਤੀਆਂ ਨੂੰ ਪ੍ਰਮੁੱਖਤਾ ਦੇਣ ਦੇ ਨਾਲ-ਨਾਲ ਨੋਟ-ਬੰਦੀ ਵਰਗੀਆਂ ਸਮਾਜਿਕ ਕਲਿਆਣ ਨੂੰ ਖੋਰਾ ਲਾਉਣ ਵਾਲੀਆਂ ਨੀਤੀਆਂ ਨੂੰ ਛੱਡਣਾ ਪਵੇਗਾ, ਜਿਸ ਕਾਰਨ ਦੋ ਮਹੀਨੇ ਤੱਕ ਕਰੋੜਾਂ ਲੋਕ ਸੜਕਾਂ ਉੱਤੇ ਖੜਨ ਲਈ ਮਜਬੂਰ ਕਰ ਦਿੱਤੇ ਗਏ ਸਨ।**



ਗੁਰਮੀਤ ਸਿੰਘ ਪਲਾਹੀ
91-98158-02070

ਵਿਸ਼ਵ ਬੈਂਕ ਨੇ ਭਾਰਤ ਦੀ ਚਾਲੂ ਮਾਲੀ ਸਾਲ ਦੀ ਵਿਕਾਸ ਦਰ ਨੂੰ 7.6 ਫ਼ੀਸਦੀ ਤੋਂ ਘਟਾ ਕੇ 7.2 ਫ਼ੀਸਦੀ ਤੱਕ ਦਾ ਅਨੁਮਾਨ ਲਾਇਆ ਹੈ। ਵਿਕਾਸ ਦਰ ਦੇ ਘੱਟ ਹੋਣ ਦਾ ਇੱਕ ਕਾਰਨ ਵਿਸ਼ਵ ਬੈਂਕ ਵੱਲੋਂ ਨੋਟ-ਬੰਦੀ ਨੂੰ ਮੰਨਿਆ ਗਿਆ ਹੈ। ਨੋਟ-ਬੰਦੀ ਕਾਰਨ ਦੇਸ਼ ਦੀ ਆਰਥਿਕ ਵਿਕਾਸ ਦਰ ਮਾਰਚ ਮਹੀਨੇ ਮੁੱਕਣ ਵਾਲੀ ਤਿਮਾਹੀ 'ਚ 6.1 ਫ਼ੀਸਦੀ ਰਹੀ। ਇਹ ਅੰਕੜਾ ਉਦੋਂ ਸਾਹਮਣੇ ਆਇਆ ਹੈ, ਜਦੋਂ ਮੋਦੀ ਸਰਕਾਰ ਆਪਣੇ ਤਿੰਨ ਸਾਲ ਪੂਰੇ ਹੋਣ ਦਾ ਜਸ਼ਨ ਮਨਾ ਰਹੀ ਹੈ ਅਤੇ ਇਸ਼ਤਿਹਾਰਾਂ 'ਤੇ ਮਣਾਂ-ਮੂੰਹੀਂ ਪੈਸੇ ਖ਼ਰਚ ਕੇ ਇਹ ਸਿੱਧ ਕਰਨ ਦਾ ਯਤਨ ਕਰ ਰਹੀ ਹੈ ਕਿ ਭਾਰਤ ਵੱਡੀ ਤਰੱਕੀ ਦੇ ਰਾਹ 'ਤੇ ਹੈ, ਹਾਲਾਂਕਿ ਅਸਲੀਅਤ ਇਹ ਹੈ ਕਿ ਵਿਕਾਸ ਦਰ 'ਚ ਗਿਰਾਵਟ ਨਾਲ ਭਾਰਤ ਨੇ 'ਵਿਕਾਸ ਵਾਲਾ ਦੇਸ਼' ਦਾ ਤਮਗਾ ਹੱਥੋਂ ਗੁਆ ਲਿਆ ਹੈ। ਮੁੱਖ ਰੂਪ 'ਚ ਵਸਤਾਂ ਦੇ ਨਿਰਮਾਣ ਖੇਤਰ ਅਤੇ ਸੇਵਾ ਖੇਤਰ ਦੇ ਖ਼ਰਾਬ ਪ੍ਰਦਰਸ਼ਨ ਕਾਰਨ ਆਰਥਿਕ ਵਿਕਾਸ ਦੀ ਗਤੀ ਮੱਠੀ ਹੋਈ ਹੈ। ਪ੍ਰਸਿੱਧ ਅਰਥ-ਸ਼ਾਸਤਰੀ, ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਸ਼ਬਦਾਂ ਵਿੱਚ,"ਭਾਰਤੀ ਅਰਥਚਾਰਾ ਸਿਰਫ਼ ਸਰਕਾਰੀ ਖ਼ਰਚੇ ਦੇ ਇੰਜਣ ਨਾਲ ਚੱਲ ਰਿਹਾ ਹੈ ਅਤੇ ਨਿੱਜੀ ਖੇਤਰ ਦੇ ਨਿਵੇਸ਼ ਨੂੰ ਝਟਕਾ ਲੱਗਾ ਹੈ ਅਤੇ ਹੁਣ ਵਾਲੀ ਸਰਕਾਰ ਦੀ ਸਭ ਤੋਂ ਵੱਡੀ ਅਸਫ਼ਲਤਾ ਬੇਰੁਜ਼ਗਾਰੀ ਹੈ।'' ਯਾਦ ਰਹੇ ਕਿ ਉਹਨਾ ਨੇ ਮੋਦੀ ਸਰਕਾਰ ਦੀ ਨੋਟ-ਬੰਦੀ ਨੂੰ ਮਿੱਥੀ ਹੋਈ ਲੁੱਟ ਅਤੇ ਕਨੂੰਨੀ ਲੁੱਟਮਾਰ ਦੱਸਿਆ ਸੀ ਅਤੇ ਵਿਕਾਸ ਦਰ ਦੇ ਘੱਟ ਹੋਣ ਦਾ ਕਾਰਨ ਵੀ ਮੁੱਖ ਰੂਪ 'ਚ ਉਹਨਾ ਨੇ ਨੋਟ-ਬੰਦੀ ਨੂੰ ਗਰਦਾਨਿਆ ਹੈ।

ਵਿੱਤੀ ਸਾਲ 2015-16 'ਚ ਜੀ ਡੀ ਪੀ ਵਿਕਾਸ ਦਰ 8 ਫ਼ੀਸਦੀ ਤੇ ਇਸ ਤੋਂ ਪਹਿਲਾਂ ਵਿੱਤੀ ਸਾਲ 2014-15 'ਚ 7.5 ਫ਼ੀਸਦੀ ਸੀ। ਖੇਤੀਬਾੜੀ ਖੇਤਰ ਦੇ ਵਧੀਆ ਪ੍ਰਦਰਸ਼ਨ ਦੇ ਬਾਵਜੂਦ 2016-17 'ਚ ਵਿਕਾਸ ਦਰ ਘੱਟ ਹੋਈ ਹੈ। ਚੀਨ ਦੀ ਆਰਥਿਕ ਵਿਕਾਸ ਦਰ 2017 ਦੀ ਜਨਵਰੀ-ਮਾਰਚ ਦੀ ਤਿਮਾਹੀ 'ਚ 6.9 ਫ਼ੀਸਦੀ ਰਹੀ। ਸਾਲ 2015 'ਚ ਜੀ ਡੀ ਪੀ ਵਿਕਾਸ ਦਰ ਦੇ ਮਾਮਲੇ 'ਚ ਭਾਰਤ ਨੇ ਚੀਨ ਨੂੰ ਪਿੱਛੇ ਛੱਡਿਆ ਸੀ। ਦੇਸ਼ ਦੇ ਸੀ ਐੱਸ ਓ (ਸੈਂਟਰਲ ਸਟੈਟਿਕਸ ਆਫ਼ਿਸ) ਵੱਲੋਂ ਚੌਥੀ ਤਿਮਾਹੀ ਦੇ ਜੋ ਅੰਕੜੇ ਜਾਰੀ ਕੀਤੇ ਗਏ ਹਨ, ਉਹਨਾਂ ਨਾਲ ਵੀ ਚੌਥੀ ਤਿਮਾਹੀ ਦੀ ਵਿਕਾਸ ਦਰ 6.1 ਫ਼ੀਸਦੀ ਅੰਗੀ ਗਈ ਹੈ ਅਤੇ ਪੂਰੇ ਸਾਲ ਦੀ ਵਿਕਾਸ ਦਰ 7.1 ਫ਼ੀਸਦੀ ਰਹਿਣ ਦਾ ਅੰਦਾਜ਼ਾ ਲਗਾਇਆ ਗਿਆ ਹੈ। ਦਰਅਸਲ ਪਿਛਲੇ ਸਾਲ ਅੱਠ ਨਵੰਬਰ ਨੂੰ ਇੱਕ ਹਜ਼ਾਰ ਅਤੇ ਪੰਜ ਸੌ ਰੁਪਏ ਦੇ ਪੁਰਾਣੇ ਨੋਟਾਂ ਦਾ ਵਿਮੁਦਰੀਕਰਨ ਕਰਨ ਨਾਲ ਬਾਜ਼ਾਰ ਵਿੱਚ ਮੰਗ 'ਚ ਜੋ ਗਿਰਾਵਟ ਆਈ, ਉਸ ਦਾ ਪੂਰਾ-ਸੂਰਾ ਅਸਰ ਪਿਆ ਸੀ। ਇਸੇ ਕਾਰਨ ਭਾਰਤ ਤੇਜ਼ ਰਫ਼ਤਾਰ ਵਾਲੀ ਅਰਥ-ਵਿਵਸਥਾ ਵਾਲਾ ਦੇਸ਼ ਨਹੀਂ ਰਿਹਾ।

2016-17 ਦੇ ਸ਼ੁਰੂ ਵਿੱਚ ਆਰਥਿਕ ਸੁਸਤੀ ਕਾਰਨ ਭਾਰਤੀ ਅਰਥਚਾਰੇ ਉੱਤੇ ਅਸਰ ਪੈਣਾ ਸ਼ੁਰੂ ਹੋ ਗਿਆ ਸੀ, ਪਰ ਨਵੰਬਰ 2016 ਤੋਂ 2017 ਦੇ ਵਿੱਚ ਤਿੰਨ ਵੱਡੀਆਂ ਆਰਥਿਕ ਚੁਣੌਤੀਆਂ ਨੇ ਦੇਸ਼ ਦੀ ਅਰਥ-ਵਿਵਸਥਾ ਨੂੰ ਪ੍ਰਭਾਵਤ ਕੀਤਾ। ਪਹਿਲੀ ਹੈ ਰੁਜ਼ਗਾਰ, ਦੂਜੀ ਹੈ ਬਰਾਮਦਾਂ ਤੇ ਤੀਜੀ ਹੈ ਉਦਯੋਗ-ਕਾਰੋਬਾਰ ਵਿੱਚ ਨਿੱਜੀ ਨਿਵੇਸ਼ ਵਿੱਚ ਕਮੀ।

ਪਿਛਲੇ ਦਿਨੀਂ ਇੱਕ ਗਲੋਬਲ ਰਿਸਕ ਰਿਪੋਰਟ ਛਪੀ ਹੈ। ਇਹ ਰਿਪੋਰਟ 'ਵਿਸ਼ਵ ਆਰਥਕ ਮੰਚ' ਨੇ ਛਾਪੀ ਹੈ। ਰਿਪੋਰਟ ਕਹਿੰਦੀ ਹੈ ਕਿ ਭਾਰਤ ਵਿੱਚ ਰੁਜ਼ਗਾਰ ਪੈਦਾ ਕਰਨ ਦੇ ਸਾਧਨਾਂ ਦੀ ਕਮੀ ਹੈ। ਇਹੋ ਭਾਰਤ ਲਈ ਸਭ ਤੋਂ ਵੱਡੀ ਚੁਣੌਤੀ ਹੈ। ਰਿਪੋਰਟ ਅਨੁਸਾਰ ਦੇਸ਼ ਵਿੱਚ ਰੁਜ਼ਗਾਰ ਨਾ ਵਧਣ ਦੇ ਕਈ ਕਾਰਨ ਰਹੇ ਹਨ। ਸੇਵਾ ਖੇਤਰ ਦੇ ਤਹਿਤ ਨੌਕਰੀਆਂ 'ਚ ਵਾਧੇ ਦਾ ਅਨੁਪਾਤ ਇੱਕੋ ਜਿਹਾ ਨਹੀਂ ਰਿਹਾ। ਕਈ ਸੇਵਾਵਾਂ ਅਤੇ ਆਈ ਟੀ ਖੇਤਰ ਵਿੱਚ ਤਕਨਾਲੋਜੀ ਦੇ ਨਿਰੰਤਰ ਵਿਸਥਾਰ ਨਾਲ ਰੁਜ਼ਗਾਰ ਘਟਿਆ ਹੈ। ਜਿੱਥੇ ਕਿਸੇ ਕੰਮ ਨੂੰ ਕਰਨ ਲਈ ਸੈਂਕੜੇ ਹੱਥਾਂ ਦੀ ਲੋੜ ਸੀ, ਉਹ ਸੀਮਤ ਹੋ ਕੇ ਕੁਝ ਹੱਥ ਹੀ ਰਹਿ ਗਏ। ਵਸਤਾਂ ਦਾ ਨਿਰਮਾਣ ਅਤੇ ਖੇਤੀ ਜਿਹੇ ਵੱਧ ਰੁਜ਼ਗਾਰ ਦੇਣ ਵਾਲੇ ਖੇਤਰ ਲੋੜੀਂਦਾ ਰੁਜ਼ਗਾਰ ਪੈਦਾ ਨਹੀਂ ਕਰ ਸਕੇ। ਪਿਛਲੇ ਮਹੀਨੇ ਵੀ ਦੇਸ਼ ਦੇ ਨਿਰਮਾਣ ਖੇਤਰ 'ਚ ਗਿਰਾਵਟ ਦੇਖਣ ਨੂੰ ਮਿਲੀ, ਜਿਸ ਦਾ ਪ੍ਰਮੁੱਖ ਕਾਰਨ ਨਵੇਂ ਆਰਡਰ ਅਤੇ ਉਤਪਾਦ 'ਚ ਗਿਰਾਵਟ ਦਾ ਆਉਣਾ ਹੈ। ਇੰਜ ਮੰਗ 'ਚ ਕਮੀ ਕਾਰਨ ਉਤਪਾਦਨ ਵਿਸਥਾਰ ਪ੍ਰਭਾਵਤ ਹੋਇਆ ਹੈ। ਜਿੱਥੋਂ ਤੱਕ ਬਰਾਮਦੀ ਖੇਤਰ ਦੀ ਗੱਲ ਹੈ, ਸਾਲ 2014-15 ਵਿੱਚ 310 ਅਰਬ ਡਾਲਰ ਦਾ ਮਾਲ ਬਰਾਮਦ ਕੀਤਾ ਗਿਆ ਸੀ, ਜੋ ਘਟ ਕੇ ਪਿਛਲੇ ਸਾਲ 2015-16 'ਚ 269 ਅਰਬ ਡਾਲਰ ਰਹਿ ਗਿਆ। ਬਰਾਮਦੀ ਖੇਤਰ ਨੂੰ ਤਾਂ ਅੱਗੋਂ ਹੋਰ ਵੀ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ, ਕਿਉਂਕਿ ਵਿਸ਼ਵ ਵਪਾਰ ਸੰਗਠਨ ਦੇ ਨਿਯਮਾਂ ਅਨੁਸਾਰ 2018 ਤੱਕ ਭਾਰਤ ਨੂੰ ਬਰਾਮਦੀ ਸਬਸਿਡੀ ਬੰਦ ਕਰਨੀ ਪਵੇਗੀ, ਜਿਸ ਨਾਲ ਇਹ ਸੰਕਟ ਹੋਰ ਵੀ ਗੰਭੀਰ ਹੋਣ ਦਾ ਖਦਸ਼ਾ ਹੈ। ਫਿਰ ਭਾਰਤ ਦੀ ਜੀ ਡੀ ਪੀ ਵਿਕਾਸ ਦਰ ਦਾ ਕੀ ਹਾਲ ਹੋਵੇਗਾ?

ਦੇਸ਼ ਦੇ ਜੀ ਡੀ ਪੀ ਦੇ ਵਿਕਾਸ ਦਰ ਦੇ ਅੰਕੜਿਆਂ ਨੂੰ ਲੈ ਕੇ ਬਹੁਤ ਕੁਝ ਕਿਹਾ ਗਿਆ ਹੈ ਜਾਂ ਕਿਹਾ ਜਾ ਰਿਹਾ ਹੈ। ਆਖ਼ਿਰ ਜੀ ਡੀ ਪੀ ਵਿਕਾਸ ਦਰ ਹੈ ਕਿੰਨੀ? ਇਹ ਸਮਝਣ ਦੀ ਜ਼ਰੂਰਤ ਹੈ ਕਿ ਜੀ ਡੀ ਪੀ ਦਾ ਵੱਡਾ ਹਿੱਸਾ ਅਸੰਗਠਤ ਖੇਤਰ ਵਿੱਚੋਂ ਆਉਂਦਾ ਹੈ। ਅਸੰਗਠਤ ਖੇਤਰ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਜਾਂ ਮੁਲੰਕਣ ਕਰਨ ਵਾਲਾ ਹਰ ਅਰਥ-ਸ਼ਾਸਤਰੀ ਜਾਣਦਾ ਹੈ ਕਿ ਇਸ ਦੇ ਮੁਲੰਕਣ ਵਿੱਚ ਕਿੰਨਾ ਜੋਖ਼ਮ ਹੈ। ਇੱਕ ਅਰਥ-ਸ਼ਾਸਤਰੀ ਅਨੁਸਾਰ ਜੀ ਡੀ ਪੀ ਦਾ ਅਸੰਗਠਤ ਖੇਤਰ ਦੀ ਹਿੱਸੇਦਾਰੀ ਦੇ ਮੁਲੰਕਣ ਵਿੱਚ ਭਾਰੀ ਫ਼ਰਕ ਹੋ ਸਕਦਾ ਹੈ, ਪਰ ਇਹ ਕੁੱਲ ਜੀ ਡੀ ਪੀ ਦੇ ਪੰਜਾਹ ਫ਼ੀਸਦੀ ਦੇ ਆਸ-ਪਾਸ ਹੋਣਾ ਚਾਹੀਦਾ ਹੈ। ਜੇਕਰ ਕੋਈ ਨੋਟ-ਬੰਦੀ ਦੇ ਤੁਰੰਤ ਬਾਅਦ ਦੇ ਮਹੀਨਿਆਂ 'ਚ ਅਸੰਗਠਤ ਖੇਤਰ 'ਚ ਵਾਧੇ ਦੀ ਰਫ਼ਤਾਰ ਵਿੱਚ ਆਈ ਤੇਜ਼ੀ ਜਾਂ ਸੁਸਤੀ ਦਾ ਮੁਲੰਕਣ ਕਰ ਰਿਹਾ ਹੋਵੇ, ਤਾਂ ਉਸ ਨੂੰ ਬਹੁਤ ਸਾਵਧਾਨੀ ਵਰਤਣ ਦੀ ਲੋੜ ਹੈ। ਕੀ ਦੇਸ਼ ਦੀ ਮੁਲੰਕਣ ਕਰਨ ਵਾਲੀ ਸੰਸਥਾ ਨੇ ਇਹ ਸਾਵਧਾਨੀ ਵਰਤੀ? ਨੋਟ-ਬੰਦੀ ਦੇ ਅਗਲੇ ਮਹੀਨੇ ਦਸੰਬਰ 'ਚ ਸੀ ਐੱਸ ਓ (ਸੈਂਟਰਲ ਸਟੈਟਿਕਸ ਆਫ਼ਿਸ) ਨੇ ਅੰਕੜੇ ਇਕੱਠੇ ਕੀਤੇ ਤੇ ਕਿਹਾ ਕਿ ਇਕੱਲੇ ਦਸੰਬਰ ਮਹੀਨੇ 'ਚ ਹੀ ਵਿਕਾਸ ਦਰ ਪੰਜ ਫ਼ੀਸਦੀ ਤੋਂ ਸਿੱਧੀ ਉੱਛਲ ਕੇ ਦਸ ਫ਼ੀਸਦੀ ਹੋ ਗਈ, ਪਰ ਕੀ ਇਹ ਇੱਕ ਸਰਕਾਰੀ ਛਲਾਵਾ ਨਹੀਂ ਸੀ? ਵਿਕਾਸ ਦੇ ਉਛਾਲੇ ਦੇ ਕੋਈ ਕਾਰਨ ਤਾਂ ਹੋਣੇ ਹੀ ਚਾਹੀਦੇ ਸਨ। ਇਸ ਦੇ ਬਿਨਾਂ ਕੋਈ ਜੀ ਡੀ ਪੀ ਵਿਕਾਸ ਦਰ 'ਚ ਤੇਜ਼ੀ ਕਿਵੇਂ ਦਿਖਾ ਸਕਦਾ ਹੈ?

ਸੋਚਣ ਵਾਲੀ ਗੱਲ ਹੈ ਕਿ ਨੋਟ-ਬੰਦੀ ਦੀ ਪੂਰੀ ਕਵਾਇਦ ਨਾਲ ਦੇਸ਼ ਨੂੰ ਕੀ ਮਿਲਿਆ? ਵਸਤੂਆਂ ਅਤੇ ਸੇਵਾ ਦੇ ਖੇਤਰ ਵਿੱਚ ਕੰਮ ਆਉਣ ਵਾਲੀ ਅਤੇ ਰੋਜ਼ਾਨਾ ਮਜ਼ਦੂਰੀ 'ਤੇ ਖ਼ਰਚ ਕਰਨ ਵਾਲੀ 86 ਫ਼ੀਸਦੀ ਕਰੰਸੀ ਇੱਕੋ ਵੇਲੇ ਮੁੱਲਹੀਣ ਕਰ ਦਿੱਤੀ ਗਈ। ਲੱਖਾਂ ਲੋਕਾਂ ਨੂੰ ਨਵੇਂ ਨੋਟ ਲੈਣ ਲਈ ਕਤਾਰਾਂ 'ਚ ਖੜਨਾ ਪਿਆ, ਮਾਨਸਿਕ ਪ੍ਰੇਸ਼ਾਨੀ ਝੱਲਣੀ ਪਈ। ਨੋਟ ਬਦਲਣ ਦੌਰਾਨ ਪੁਰਾਣੇ ਨੋਟ ਘੱਟ ਮੁੱਲ 'ਤੇ ਵੇਚਣੇ ਪਏ। ਕਈ ਲੋਕ ਜਾਨਾਂ ਗੁਆ ਬੈਠੇ। ਕੀ ਨੋਟ-ਬੰਦੀ ਨਾਲ ਕਾਲੇ ਧਨ ਨੂੰ ਕੋਈ ਫ਼ਰਕ ਪਿਆ? ਕਾਲਾ ਧਨ ਤਾਂ ਰੀਅਲ ਅਸਟੇਟ, ਸੋਨੇ ਅਤੇ ਵਿਦੇਸ਼ੀ ਖਾਤਿਆਂ 'ਚ ਜਮ੍ਹਾਂ ਹੈ, ਜਿੱਥੇ ਮੁਕਤ ਵਪਾਰ ਵਿਸ਼ਵ ਦੀ ਦੂਜੀ ਪੂੰਜੀ ਮੌਜੂਦ ਹੈ।

ਬੱਚਤ ਖਾਤੇ ਵਾਲੇ ਲੋਕਾਂ ਦੇ ਬੈਂਕ ਖਾਤਿਆਂ 'ਚੋਂ ਭਲਾ ਕਿੰਨਾ ਕੁ ਅਣ-ਐਲਾਨਿਆ ਧਨ ਸਰਕਾਰ ਨੂੰ ਪ੍ਰਾਪਤ ਹੋਇਆ? ਉਂਜ ਵੀ ਸਰਕਾਰ ਪੁਰਾਣੇ ਪ੍ਰਾਪਤ ਨੋਟਾਂ ਦੇ ਅੰਕੜੇ ਹੁਣ ਤੱਕ ਵੀ ਨਹੀਂ ਦੱਸ ਸਕੀ। ਅਸਲ ਵਿੱਚ ਨੋਟ-ਬੰਦੀ ਨਾਲ ਜਿਹੜਾ ਨੁਕਸਾਨ ਛੋਟੇ ਉਤਪਾਦਕਾਂ, ਵਪਾਰੀਆਂ, ਕਿਸਾਨਾਂ, ਅਸੰਗਠਤ ਖੇਤਰ ਦੇ ਭਰੋਸੇ ਕੰਮ-ਕਾਰ ਕਰਨ ਵਾਲਿਆਂ ਨੂੰ ਹੋਇਆ, ਕੀ ਉਸ ਦਾ ਮੁਲੰਕਣ ਤੱਟ-ਫੱਟ ਹੋ ਸਕਦਾ ਹੈ? ਇਸ ਵਿੱਚ ਵੀ ਸ਼ੰਕਾ ਹੈ ਕਿ ਇਸ ਨੁਕਸਾਨ ਦਾ ਮੁਲੰਕਣ ਹੋ ਵੀ ਸਕੇਗਾ ਕਿ ਨਹੀਂ, ਕਿਉਂਕਿ ਅਸੰਗਠਤ ਖੇਤਰ ਦੀ ਆਮਦਨ ਨੂੰ ਸਧਾਰਨ ਤੌਰ 'ਤੇ ਅੰਗਣਾ ਬੇਹੱਦ ਮੁਸ਼ਕਲ ਹੈ। ਇੱਕ ਗੱਲ ਨੋਟ-ਬੰਦੀ ਦੇ ਦਿਨਾਂ 'ਚ ਸਪੱਸ਼ਟ ਦੇਖਣ ਨੂੰ ਮਿਲੀ ਕਿ ਜਦੋਂ ਧਨ ਦਾ ਵੱਡਾ ਹਿੱਸਾ ਅਰਥ-ਵਿਵਸਥਾ ਵਿੱਚੋਂ ਹਟਾ ਲਿਆ ਗਿਆ, ਤਦ ਉਤਪਾਦਨ ਨਾਲ ਜੁੜਿਆ ਲਾਗਤ ਮੁੱਲ ਅਸਮਾਨ ਨੂੰ ਛੋਹ ਗਿਆ।

ਇਸ ਦਾ ਉਤਪਾਦਨ ਉੱਤੇ ਭਾਰੀ ਅਸਰ ਹੋਇਆ। ਅਰਥ-ਵਿਵਸਥਾ ਉੱਤੇ ਇਸ ਦਾ ਕਿੰਨਾ ਅਸਰ ਹੋਇਆ, ਇਹ ਤਾਂ ਹੌਲੀ-ਹੌਲੀ ਪਤਾ ਚੱਲੇਗਾ। ਇਸ ਸਭ ਕੁਝ ਦੇ ਬਾਵਜੂਦ ਸਰਕਾਰ ਜੀ ਡੀ ਪੀ ਵਿਕਾਸ ਦਰ ਦੇ ਅੰਕੜਿਆਂ 'ਤੇ ਧਿਆਨ ਕੇਂਦਰਤ ਕਰ ਕੇ ਲੋਕਾਂ ਨੂੰ ਇਹ ਭਰੋਸਾ ਦੇਣ ਦੇ ਆਹਰ 'ਚ ਲੱਗੀ ਰਹੀ ਕਿ ਨੋਟ-ਬੰਦੀ ਦਾ ਫ਼ੈਸਲਾ ਸਹੀ ਸੀ, ਹਾਲਾਂਕਿ ਸਰਕਾਰ ਇਹ ਜਾਣਦੀ ਸੀ ਕਿ ਦੇਸ਼ ਦੀ ਰਾਸ਼ਟਰੀ ਆਮਦਨ ਅੰਗਣ ਲਈ ਲੰਮਾ ਸਮਾਂ ਲੱਗਦਾ ਹੈ। ਅੰਦਾਜ਼ੇ ਅਤੇ ਸੱਚ ਦੇ ਵਿਚਲਾ ਖੱਪਾ ਦੇਸ਼ ਦੇ ਹਾਕਮਾਂ ਵੱਲੋਂ ਕਿਵੇਂ ਪੂਰਿਆ ਜਾਵੇਗਾ?

ਇਸ ਵੇਲੇ ਦੇਸ਼ ਦੀ ਅਰਥ-ਵਿਵਸਥਾ ਨੂੰ ਗੰਭੀਰ ਖ਼ਤਰਾ ਹੈ। ਦੇਸ਼ ਦੀ ਅਰਥ-ਵਿਵਸਥਾ ਨਿੱਤ ਦਿਨ ਸੁਸਤ ਹੋ ਰਹੀ ਹੈ। ਵਿਸ਼ਵ ਭਰ ਵਿੱਚ ਭਾਰਤ ਦੇ ਆਰਥਿਕ ਵਿਕਾਸ ਅਤੇ ਵਿੱਤੀ ਸਾਧਨਾਂ ਬਾਰੇ ਜੋ ਰਿਪੋਰਟਾਂ ਛਪ ਰਹੀਆਂ ਹਨ, ਉਹਨਾਂ ਦੇ ਮੱਦੇ-ਨਜ਼ਰ ਦੇਸ਼ ਅਤੇ ਦੁਨੀਆ ਦੇ ਅਰਥ-ਸ਼ਾਸਤਰੀ ਇਹ ਕਹਿੰਦੇ ਦਿੱਸਦੇ ਹਨ ਕਿ ਭਾਰਤ ਦੇ ਸਾਹਮਣੇ ਆਪਣੀ ਆਰਥਿਕ ਹਾਲਤ ਸੁਧਾਰਨ ਅਤੇ ਵਿਕਾਸ ਦਰ ਦੇ ਵਾਧੇ ਦੀ ਵੱਡੀ ਚੁਣੌਤੀ ਹੈ।

ਇਸ ਵੇਲੇ ਦੇਸ਼ ਨੂੰ ਕਮਜ਼ੋਰ ਵਿੱਤੀ ਸਥਿਤੀ ਅਤੇ ਔਖੇ ਕਾਰੋਬਾਰੀ ਮਾਹੌਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਨੂੰ ਜਨਤਕ ਅਤੇ ਕਲਿਆਣਕਾਰੀ ਨੀਤੀਆਂ ਨੂੰ ਪ੍ਰਮੁੱਖਤਾ ਦੇਣ ਦੇ ਨਾਲ-ਨਾਲ ਨੋਟ-ਬੰਦੀ ਵਰਗੀਆਂ ਸਮਾਜਿਕ ਕਲਿਆਣ ਨੂੰ ਖੋਰਾ ਲਾਉਣ ਵਾਲੀਆਂ ਨੀਤੀਆਂ ਨੂੰ ਛੱਡਣਾ ਪਵੇਗਾ, ਜਿਸ ਕਾਰਨ ਦੋ ਮਹੀਨੇ ਤੱਕ ਕਰੋੜਾਂ ਲੋਕ ਸੜਕਾਂ ਉੱਤੇ ਖੜਨ ਲਈ ਮਜਬੂਰ ਕਰ ਦਿੱਤੇ ਗਏ ਸਨ।

ਇਸ ਨਾਲ ਇੱਕ ਅਦਿੱਖ ਕਿਸਮ ਦਾ ਨੁਕਸਾਨ ਹੋਇਆ, ਜਿਸ ਦੀ ਗਿਣਤੀ ਰਾਸ਼ਟਰੀ ਖਾਤਾ ਅੰਕੜਿਆਂ ਵਿੱਚ ਨਹੀਂ ਕੀਤੀ ਜਾ ਸਕਦੀ; ਠੀਕ ਉਸੇ ਤਰ੍ਹਾਂ ਜਿਵੇਂ ਦੇਸ਼ ਦੀਆਂ ਕਰੋੜਾਂ ਔਰਤਾਂ, ਜੋ ਬਿਨਾਂ ਕਿਸੇ ਤਨਖ਼ਾਹ ਦੇ ਘਰੇਲੂ ਕੰਮ ਕਰਦੀਆਂ ਹਨ ਤੇ ਉਹਨਾਂ ਦਾ ਇਹ ਕੰਮ ਕਿਸੇ ਖਾਤੇ ਨਹੀਂ ਪੈਂਦਾ, ਪਰ ਕੀ ਇਸ ਮਿਹਨਤ ਨੂੰ ਘੱਟ ਕਰ ਕੇ ਅੰਗਿਆ ਜਾ ਸਕਦਾ ਹੈ? ਘੱਟੋ-ਘੱਟ ਇਸ ਘਰੇਲੂ ਕੰਮ ਉੱਤੇ ਔਰਤਾਂ ਵੱਲੋਂ ਕੀਤੀ ਮਿਹਨਤ ਦੇ ਸਮੇਂ ਦੀ ਗਿਣਤੀ-ਮਿਣਤੀ ਤਾਂ ਕੀਤੀ ਜਾ ਸਕਦੀ ਹੈ।

ਇਹ ਹੀ ਇਸ ਦਾ ਮਹੱਤਵ ਹੈ। ਇਸੇ ਤਰ੍ਹਾਂ ਵਿਕਾਸ ਦਰ ਦੇ ਵਾਧੇ-ਘਾਟੇ ਨੂੰ ਕਾਗ਼ਜ਼ਾਂ-ਪੱਤਰਾਂ 'ਚ ਦਿਖਾਉਣ ਨਾਲੋਂ ਦੇਸ਼ ਨੂੰ ਦਰਪੇਸ਼ ਵਿਕਾਸ ਦਰ ਦੀ ਸੁਸਤੀ ਨੂੰ ਸਵੀਕਾਰ ਕੇ ਇਸ ਨੂੰ ਚੁਣੌਤੀ ਦੇ ਰੂਪ ਵਿੱਚ ਲੈਣਾ ਸਮੇਂ ਦੀ ਮੰਗ ਹੈ। ਕੀ ਦੇਸ਼ ਦੇ ਹਾਕਮ ਕੰਧ 'ਤੇ ਲਿਖਿਆ ਪੜ੍ਹਨਗੇ?

# ਖ਼ੈਰਾਇਤ ਨਹੀਂ, ਸਭ ਨੂੰ ਬਰਾਬਰ ਦੀ ਸਿੱਖਿਆ ਦੇਵੇ ਸਰਕਾਰ



ਗੁਰਮੀਤ ਸਿੰਘ ਪਲਾਹੀ
91-98158-02070

ਅੰਗਰੇਜ਼ਾਂ ਨੇ ਜਿਸ ਮੁੱਢਲੀ ਸਿੱਖਿਆ ਦੀ ਨੀਂਹ ਰੱਖੀ ਸੀ, ਉਸ ਵਿੱਚ ਪ੍ਰਾਇਮਰੀ ਸਕੂਲ ਵਿੱਚ ਪੰਜ ਅਧਿਆਪਕਾਂ ਦੀ ਨਿਯੁੱਕਤੀ ਹੁੰਦੀ ਸੀ। ਮਾਂ-ਬੋਲੀ 'ਚ ਸਿੱਖਿਆ ਦਿੱਤੀ ਜਾਂਦੀ ਸੀ। ਖੇਡਣ-ਕੁੱਦਣ, ਫੁੱਲਾਂ-ਬੂਟਿਆਂ, ਬਾਗਬਾਨੀ ਅਤੇ ਖੇਤੀਬਾੜੀ ਨਾਲ ਸਾਂਝ ਪਾਉਣ ਦਾ ਪ੍ਰਬੰਧ ਹੁੰਦਾ ਸੀ। ਪੰਜਵੀਂ ਵਿੱਚ ਬੋਰਡ ਦਾ ਇਮਤਿਹਾਨ ਲਿਆ ਜਾਣਾ ਜ਼ਰੂਰੀ ਸੀ। ਇਹ ਸਭ ਕੁਝ ਸਕੂਲਾਂ ਦੀ ਦੇਖ-ਰੇਖ ਕਰਨ ਵਾਲੇ ਇੰਸਪੈਕਟਰਾਂ ਦੀ ਨਿਗਰਾਨੀ 'ਚ ਹੁੰਦਾ ਸੀ। ਜਿਹੜੇ ਗਾਹੇ-ਵਗਾਹੇ ਸਕੂਲਾਂ ਦੀ ਅਚਨਚੇਤ ਇੰਸਪੈਕਸ਼ਨ ਕਰਦੇ ਹੁੰਦੇ ਸਨ।ਪਹਾੜੇ ਪੜ੍ਹਾਏ ਲਿਖਾਏ ਜਾਂਦੇ। ਬੱਚਿਆਂ ਨੂੰ ਲੇਜਿਮ,ਡੰਬਲ, ਪੀ.ਟੀ. ਕਰਵਾਈ ਜਾਂਦੀ, ਪੜ੍ਹਾਈ ਦੇ ਨਾਲ ਨਾਲ ਉਹਨਾ ਦੀ ਸਿਹਤ-ਸੁਧਾਰ ਵੱਲ ਤਵੱਜੋ ਦਿੱਤੀ ਜਾਂਦੀ। ਜਾਤੀਵਾਦ ਭੇਦਭਾਵ ਦੇ ਬਾਵਜੂਦ ਅਧਿਆਪਕਾਂ ਵਲੋਂ ਬੱਚਿਆਂ ਨੂੰ ਚੰਗੇਰੀ ਸਿੱਖਿਆ ਦਿੱਤੀ ਜਾਂਦੀ ਸੀ। ਹਰ ਸ਼ਨੀਵਾਰ ਬਾਲ-ਸਭਾ ਹੁੰਦੀ, ਜਿਸ ਵਿਚ ਬੱਚੇ ਕੁਝ ਨਾ ਕੁਝ ਬੋਲਦੇ, ਗੀਤ ਸੁਣਾਉਂਦੇ।ਸਕੂਲ ਦੀ ਸਵੇਰ ਦੀ ਪ੍ਰਾਰਥਨਾ ਸਭਾ 'ਚ ਪਹਾੜੇ ਉਚਾਰੇ ਜਾਂਦੇ, ਇੱਕ ਦੂਣੀ-ਦੂਣੀ, ਦੋ ਦੂਣੀ ਚਾਰ! ਲਿਖਣਾ ਸਿਖਣ ਲਈ ਫੱਟੀਆਂ, ਸਲੇਟਾਂ, ਸਲੇਟੀਆਂ, ਕਲਮ-ਦਵਾਤ ਦੀ ਵਰਤੋਂ ਹੁੰਦੀ। ਚੰਗੀ ਲਿਖਤ ਵਾਲੇ ਨੂੰ ਸ਼ਾਬਾਸ਼ ਮਿਲਦੀ। ਇਹੋ ਜਿਹੀ ਸਿੱਖਿਆ ਬੱਚਿਆਂ ਦੇ ਬੌਧਿਕ ਅਤੇ ਸਮਾਜਿਕ ਸਿੱਖਿਆ 'ਚ ਸਹਾਈ ਹੁੰਦੀ। ਭਾਵੇਂ ਉਹ ਅੰਗਰੇਜ਼ੀ 'ਚ ਕੰਮਜ਼ੋਰ ਰਹਿੰਦੇ, ਪਰ ਆਪਣੇ ਮਾਂ-ਬੋਲੀ, ਹਿਸਾਬ ਅਤੇ ਗਿਆਨ-ਵਿਗਿਆਨ 'ਚ ਉਹ ਮਜ਼ਬੂਤ ਨਿਕਲਦੇ! ਆਮ ਤੌਰ 'ਤੇ ਪੰਜਵੀਂ ਕਲਾਸ ਬੋਰਡ ਦੇ ਨਤੀਜੇ ਉਤਸ਼ਾਹਜਨਕ ਹੁੰਦੇ! ਪਿਛਲੇ ਦਿਨੀਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਸਵੀਂ, ਬਾਹਰਵੀਂ ਦੇ ਨਤੀਜੇ ਨਿਕਲੇ, ਜਿਸ ਨਾਲ ਮਾਪਿਆਂ, ਬੱਚਿਆਂ 'ਚ ਜਿਵੇਂ ਹਾਹਾਕਾਰ ਮੱਚ ਗਈ। ਸੂਬੇ ਪੰਜਾਬ ਦੇ ਅੱਧੇ ਜ਼ਿਲਿਆਂ ਦੇ ਲਗਭਗ ਅੱਧੇ ਵਿਦਿਆਰਥੀ ਫੇਲ੍ਹ ਹੋ ਗਏ! ਦਸਵੀਂ ਜਮਾਤ ਦੀ ਇਸ ਵਰ੍ਹੇ ਦੀ ਪਾਸ ਪ੍ਰਤੀਸ਼ਤ 57.5% ਸੀ। ਇਹੋ ਜਿਹੇ ਹਾਲਤਾਂ ਵਿੱਚ, ਗੰਭੀਰ ਤੌਰ ਤੇ ਸਿੱਖਿਆ ਨਾਲ ਸਰੋਕਾਰ ਰੱਖਣ ਵਾਲੇ ਲੋਕਾਂ ਦੇ ਮੱਥੇ ਦੀਆਂ ਲਕੀਰਾਂ ਹੋਰ ਗਹਿਰਾ ਗਈਆਂ ਹਨ।

ਪਿਛਲੇ ਦੋ-ਤਿੰਨ ਦਹਾਕਿਆਂ ਵਿੱਚ ਮੁੱਢਲੀ ਸਿੱਖਿਆ ਨੂੰ ਮਜ਼ਬੂਤ ਕਰਨ ਲਈ ਜੋ ਕਦਮ ਚੁੱਕੇ ਗਏ ਹਨ, ਉਹਨਾਂ ਵਿਚ ਮਿਡ-ਡੇ ਮੀਲ (ਦੁਪਿਹਰ ਦਾ ਭੋਜਨ) ਸਰਬ ਸਿੱਖਿਆ ਅਭਿਆਨ, ਮੁਫਤ ਕਾਪੀਆਂ ਪਿਨਸਲਾਂ, ਕਿਤਾਬਾਂ, ਵਰਦੀਆਂ ਵਿਦਿਆਰਥੀਆਂ ਨੂੰ ਵੰਡਣ ਦੇ ਨਾਲ ਨਾਲ ਸਿੱਖਿਆ ਮਿੱਤਰਾਂ ਦੀ ਨਿਯੁੱਕਤੀ ਕੀਤੀ ਗਈ ਹੈ। ਮਾਂ-ਬੋਲੀ ਦੇ ਨਾਲ ਅੰਗਰੇਜ਼ੀ ਨੂੰ ਵੀ ਸਿੱਖਿਆ ਦਾ ਮਧਿਆਮ ਬਣਾਇਆ ਗਿਆ ਹੈ, ਪਰ ਸਭ ਕੁਝ ਦੇ ਬਾਵਜੂਦ ਸਿੱਖਿਆ ਦਾ ਪੂਰਾ ਢਾਂਚਾ ਜਿਵੇਂ ਵਿਖਰ ਜਿਹਾ ਗਿਆ ਹੈ। ਅੱਜ ਇਹਨਾ ਸਕੂਲਾਂ ਵਿੱਚ ਜੇਕਰ ਸਭ ਤੋਂ ਵੱਧ ਚਰਚਾ ਹੁੰਦੀ ਹੈ ਤਾਂ ਉਹ ਹੈ ਮਿਡ-ਡੇ-ਮੀਲ (ਦੁਪਹਿਰ ਦਾ ਭੋਜਨ) ਦੀ। ਇਹਨਾ ਸਕੂਲਾਂ ਵਿੱਚ ਪੜ੍ਹਾਈ ਹੋਵੇ, ਇਹਨਾ ਸਕੂਲਾਂ 'ਚ ਪੜ੍ਹਾਈ ਦੀ ਗੁਣਵੱਤਾ ਹੋਵੇ, ਇਹਨਾ ਸਕੂਲਾਂ 'ਚ ਖੇਡਾਂ ਹੋਣ, ਇਹਨਾ ਸਕੂਲਾਂ 'ਚ ਸਹਿ-ਸਰਗਰਮੀਆਂ ਹੋਣ, ਇਸ ਗੱਲ ਵੱਲ ਕੋਈ ਚਰਚਾ ਹੁੰਦੀ ਹੀ ਨਹੀਂ। ਮਿਡ-ਡੇ-ਮੀਲ, ਸਰਬ ਸਿੱਖਿਆ ਅਭਿਆਨ ਆਦਿ 'ਚ ਅਰਬਾਂ ਰੁਪਏ ਦਾ ਖਰਚਾ ਹੁੰਦਾ ਰਿਹਾ, ਪਰ ਪੜ੍ਹਾਈ ਦਾ ਪੱਧਰ ਸਕੂਲਾਂ 'ਚ ਨਿੱਤ ਨਿਵਾਣਾ ਵੱਲ ਗਿਆ। ਹੁਣ ਗਰੀਬ, ਮਜ਼ਦੂਰ ਖੇਤ ਮਜ਼ਦੂਰ, ਤੱਕ ਵੀ ਆਪਣੇ ਬੱਚਿਆਂ ਨੂੰ ਨਿੱਜੀ ਸਕੂਲਾਂ ਵਿੱਚ ਪੜ੍ਹਾਉਣਾ ਚਾਹੁੰਦੇ ਹਨ , ਕਿਉਂਕਿ ਸਰਕਾਰੀ ਸਕੂਲਾਂ ਵਿਚ ਪੜ੍ਹਾਈ ਉਤੇ ਉਹਨਾ ਦਾ ਭਰੋਸਾ ਹੀ ਉੱਠ ਚੁੱਕਾ ਹੈ। ਆਪਣੇ ਬੱਚਿਆਂ ਨੂੰ ਟਾਈ-ਸੂਟ ਵਿਚ ਦੇਖਕੇ ਉਹਨਾ ਨੂੰ ਇਵੇਂ ਲੱਗਦਾ ਹੈ ਕਿ ਨਿੱਜੀ ਸਕੂਲਾਂ ਵਿੱਚ ਸਰਕਾਰੀ ਸਕੂਲਾਂ ਤੋਂ ਚੰਗੀ ਸਿੱਖਿਆ ਤਾਂ ਉਹਨਾ ਨੂੰ ਮਿਲ ਹੀ ਰਹੀ ਹੋਵੇਗੀ। ਪ੍ਰਾਪਤ ਅੰਕੜਿਆਂ ਅਨੁਸਾਰ ਦੇਸ਼ ਦੀ ਸਵਾ ਕਰੋੜ ਆਬਾਦੀ ਵਿਚੋਂ ਸਿਰਫ ਇੱਕ ਕਰੋੜ ਬੱਚੇ ਹੀ ਦਸਵੀਂ ਤੱਕ ਪੁੱਜਦੇ ਹਨ, ਜਿਹਨਾ ਵਿਚੋਂ ਲਗਭਗ 10 ਲੱਖ ਲੜਕੇ-ਲੜਕੀਆਂ ਸੀ.ਬੀ.ਐਸ.ਈ. ਸਕੂਲਾਂ ਨਾਲ ਜੁੜੇ ਸਕੂਲਾਂ 'ਚ ਪੜ੍ਹਦੇ ਹਨ ਜਦਕਿ ਵੱਡੀ ਗਿਣਤੀ ਵਿਦਿਆਰਥੀ ਸਰਕਾਰੀ ਸਕੂਲਾਂ ਦੀ ਅੱਧੀ-ਅਧੂਰੀ ਪੜ੍ਹਾਈ ਕਰਨ ਲਈ ਮਜ਼ਬੂਰ ਹਨ। ਜਿਥੇ ਪੰਜਵੀਂ, ਅੱਠਵੀਂ ਦਾ ਕੋਈ ਬੋਰਡ ਦਾ ਇਮਤਿਹਾਨ ਹੀ ਨਹੀਂ ਹੁੰਦਾ।



ਭਾਰਤ ਦੇ ਪੂਰੇ ਹਿੰਦੀ ਖੇਤਰ ਵਿਚ ਅਸਲੀਅਤ ਇਹ ਬਣ ਚੁੱਕੀ ਹੈ ਕਿ ਹੁਣ ਕੇਵਲ ਉਹ ਬੱਚੇ ਹੀ ਪ੍ਰਾਇਮਰੀ ਸਕੂਲਾਂ 'ਚ ਦੁਪਹਿਰ ਦਾ ਖਾਣਾ ਖਾਂਦੇ ਹਨ, ਜਿਹਨਾ ਨੂੰ ਉਹਨਾ ਦੇ ਮਾਪੇ ਪੜ੍ਹਾਉਣਾ ਹੀ ਨਹੀਂ ਚਾਹੁੰਦੇ। ਇਹ ਕਿਉਂ ਹੈ ਕਿ ਅੱਠਵੀਂ ਕਲਾਸ ਦਾ ਬੱਚਾ ਵਰਣਮਾਲਾ ਪੜ੍ਹਨ ਯੋਗ ਵੀ ਨਹੀਂ ਹੁੰਦਾ? ਆਖਿਰ ਇਹੋ ਜਿਹੇ ਪ੍ਰਾਇਮਰੀ ਸਕੂਲਾਂ ਨੂੰ ਅਸੀਂ ਕਿਉਂ ਚਲਾਉਣਾ ਚਾਹੁੰਦੇ ਹਾਂ, ਜਿਥੇ ਸਕੂਲਾਂ 'ਚ ਸਿੱਖਿਅਤ ਅਧਿਆਪਕ ਨਹੀਂ, ਬੈਠਣ ਲਈ ਕਮਰੇ ਨਹੀਂ, ਟਾਇਲਟ ਨਹੀਂ, ਖੇਡ ਮੈਦਾਨ ਨਹੀਂ। ਸਾਲ 2016 ਦੀ ਮਨੁੱਖੀ ਸਰੋਤ ਮਹਿਕਮਾ ਨਵੀਂ ਦਿੱਲੀ ਦੇ ਅੰਕੜਿਆਂ ਅਨੁਸਾਰ ਦੇਸ਼ 'ਚ 8,47,118 ਪ੍ਰਾਇਮਰੀ ਸਕੂਲ ਅਤੇ 4,25,094 ਅਪਰ ਪ੍ਰਾਇਮਰੀ (ਮਿਡਲ) ਸਕੂਲ ਸਨ, ਇਹਨਾ ਪ੍ਰਾਇਮਰੀ ਸਕੂਲਾਂ (ਪਹਿਲੀ ਤੋਂ ਪੰਜਵੀਂ) 'ਚ 1, 41, 33,000 (ਇਕ ਕਰੋੜ ਇਕਤਾਲੀ ਲੱਖ ਤੇਤੀ ਹਜ਼ਾਰ) ਬੱਚੇ ਪੜ੍ਹਦੇ ਹਨ,ਜਦਕਿ ਅਪਰ ਪ੍ਰਾਇਮਰੀ (ਛੇਵੀਂ ਤੋਂ ਅੱਠਵੀਂ)'ਚ ਪੜ੍ਹਨ ਵਾਲਿਆਂ ਦੀ ਗਿਣਤੀ 65,52,000 (ਪੈਂਹਠ ਲੱਖ ਬਵੰਜਾ ਹਜ਼ਾਰ) ਲਗਭਗ ਅੱਧੀ ਜੋ ਕਿ ਨੌਵੀਂ ਦਸਵੀਂ ਵਿੱਚ 32, 52,000 (ਬੱਤੀ ਲੱਖ ਬਵੰਜਾ ਹਜ਼ਾਰ) ਲਗਭਗ ਫਿਰ ਅੱਧੀ ਰਹਿ ਗਈ। ਭਾਵ ਐਨਰੋਲਮੈਂਟ ਤੋਂ ਲੈ ਕੇ ਦਸਵੀਂ ਤੱਕ ਮਸਾਂ ਚੌਥਾ ਹਿੱਸਾ ਬੱਚੇ ਹੀ ਪੜ੍ਹਨ ਲਈ ਸਕੂਲਾਂ 'ਚ ਰਹਿ ਸਕੇ। ਇਹਨਾ ਸਕੂਲਾਂ ਦੀ ਪੜ੍ਹਾਈ ਬਾਰੇ ਕੀਤਾ ਗਿਆ ਇਕ ਸਰਵੇ ਬਹੁਤ ਹੀ ਹੈਰਾਨੀ ਜਨਕ ਹੈ। ਸਾਲ 2011 ਵਿੱਚ ਪ੍ਰੀ-ਪ੍ਰਾਇਮਰੀ ਸਕੂਲਾਂ 'ਚ ਇਨਰੋਲਮੈਂਟ ਰੇਟ 58ਗ ਅਤੇ ਪ੍ਰਾਇਮਰੀ ਸਕੂਲਾਂ 'ਚ 93% ਸੀ। ਇਤਨੀ ਇਨਰੋਲਮੈਂਟ ਦੇ ਬਾਵਜੂਦ ਦਸ ਸਾਲ ਦੀ ਉਮਰ ਦੇ ਪੇਂਡੂ ਬੱਚਿਆਂ ਵਿਚੋਂ ਅੱਧੇ ਇਹੋ ਜਿਹੇ ਸਨ, ਜਿਹਨਾ ਨੂੰ ਵਰਨ ਮਾਲਾ, ਮੁਹਾਰਨੀ ਪੜ੍ਹਨੀ ਹੀ ਨਹੀਂ ਆਉਂਦੀ ਸੀ। ਇਹਨਾ ਵਿਚ 60% ਇਹੋ ਜਿਹੇ ਸਨ ਜਿਹੜੇ ਗੁਣਾ, ਘਟਾਓ, ਜਮ੍ਹਾਂ, ਤਕਸੀਮ ਦੇ ਸਵਾਲ ਨਹੀਂ ਸਨ ਕਰ ਸਕਦੇ। ਇਹਨਾ ਵਿਚੋਂ ਅੱਧੇ 14 ਸਾਲ ਦੀ ਉਮਰ ਤੱਕ ਪੜ੍ਹਾਈ ਹੀ ਛੱਡ ਗਏ। ਪੜ੍ਹਾਈ ਦੀ ਮੰਦੀ ਹਾਲਤ ਦਾ ਇੱਕ

(ਬਾਕੀ ਸਫਾ 16 ਤੇ)

### ਮਾਤਾ ਰਮਾ ਬਾਈ ਜੀ ਦੀਆਂ ਜੀਵਨ ਘਾਲਣਾਵਾਂ ਸਬੰਧੀ

# ਅੰਬੇਡਕਰ ਭਵਨ ਵਿਖੇ ਇਕ ਪਾਤਰੀ ਨਾਟਕ ਪ੍ਰਸਤੁਤ

**ਜਲੰਧਰ–** ਬੀਤੇ ਦਿਨੀਂ ਅੰਬੇਡਕਰ ਭਵਨ ਵਿਖੇ ਬਾਵਾ ਸਾਹਿਬ ਡਾ. ਅੰਬੇਡਕਰ ਜੀ ਦੀ ਸੁਪਤਨੀ ਮਾਤਾ ਰਮਾ ਬਾਈ ਜੀ ਦੇ ਪ੍ਰੀ-ਨਿਰਵਾਣ ਦਿਵਸ ਨੂੰ ਸਮਰਪਿਤ, ਉਹਨਾਂ ਦੇ ਜੀਵਨ ਸੰਘਰਸ਼ ਤੇ ਘਾਲਣਾਵਾਂ ਤੇ ਆਧਾਰਿਤ, ਮਲੇਸ਼ੀਆ ਤੇ ਇੰਗਲੈਂਡ ਦੀ ਧਰਤੀ ਸਮੇਤ ਦੱਖਣੀ ਅਤੇ ਪੱਛਮੀ ਭਾਰਤੀ ਸੂਬਿਆਂ ਵਿਚ ਲੱਗਭੱਗ ਅੱਠ ਸੌ ਤੋਂ ਵੱਧ ਵਾਰੀ ਪ੍ਰਦਰਸ਼ਿਤ ਇਕ ਪਾਤਰੀ ਨਾਟਕ 'ਰਮਈ' ਪ੍ਰਸਤੁਤ ਕੀਤਾ ਗਿਆ। ਮਹਾਰਾਸ਼ਟਰ ਦੇ ਜ਼ਿਲ੍ਹਾ ਪੁਲਗਾਂਵ ਦੀ ਮਰਾਠੀ ਲੇਖਿਕਾ ਪ੍ਰਭਾਕਰ ਦੁਪਾਰੇ ਵੱਲੋਂ ਹਿੰਦੀ ਭਾਸ਼ਾ ਵਿਚ ਲਿਖੇ ਅਤੇ ਨਿਰਦੇਸ਼ਿਤ ਚੰਦਰ ਸੇਨ ਡੋਗਰੇ ਦੁਆਰਾ ਨਿਰਦੇਸ਼ਿਤ ਇਸ ਨਾਟਕ ਨੂੰ ਅਦਾਕਾਰ ਮੈਡਮ ਲਤਾ ਚੰਦਰਸੇਨ ਡੋਗਰੇ ਨੇ ਐਨੀ ਭਾਵਨਾਪੂਰਤ ਅਤੇ ਪ੍ਰਭਾਵਸ਼ਾਲੀ ਸ਼ੈਲੀ ਦੁਆਰਾ ਪ੍ਰਸਤੁਤ ਕੀਤਾ ਕਿ ਤਾੜੀਆਂ ਦੀ ਨਿਰੰਤਰ ਗੜਗੜਾਹਟ ਦੇ ਵਿਚ 400 ਦੇ ਕਰੀਬ ਦਰਸ਼ਕ ਵਾਰ-ਵਾਰ ਭਾਵੁਕ ਹੁੰਦੇ ਰਹੇ ਅਤੇ ਉਹਨਾਂ ਦੀਆਂ ਸਿਸਕੀਆਂ ਦੀ ਆਵਾਜ਼ ਦੂਰੋਂ ਹੀ ਸੁਣਾਈ ਦਿੰਦੀ ਰਹੀ। ਮਾਤਾ ਰਮਾ ਬਾਈ ਨੇ ਬਾਬਾ ਸਾਹਿਬ ਨੂੰ ਵਿਸ਼ਵ ਦਾ ਮਹਾਨ ਫਿਲਾਸਫਰ ਅਤੇ ਸੰਘਰਸ਼ਸ਼ੀਲ ਯੋਧਾ ਬਣਾ ਕੇ ਹਜ਼ਾਰਾਂ ਸਾਲਾਂ ਤੋਂ ਨਰਕ ਵਰਗੀ ਜ਼ਿੰਦਗੀ ਭੋਗ ਰਹੇ ਭਾਰਤ ਦੇ ਮੂਲ ਨਿਵਾਸੀਆਂ ਨੂੰ ਇਨਸਾਨੀਅਤ ਦੀ ਲਾਈਨ ਵਿਚ ਖੜ੍ਹਾ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਆਪ ਨੇ ਬੇਹੱਦ ਦੁੱਖ, ਭੁੱਖ ਤੇ ਗਰੀਬੀ ਦਾ ਜੀਵਨ ਬਤੀਤੀ ਕਰਦਿਆਂ ਬੇਸ਼ੁਮਾਰ ਤੰਗੀਆਂ, ਤੁਰਸ਼ੀਆਂ ਸਹਿੰਦਿਆਂ, ਦਵਾਈ ਅਤੇ ਸੁਚੱਜੀ ਪਰਵਰਿਸ਼ ਦੀ ਅਣਹੋਂਦ ਕਾਰਨ ਆਪਣੇ ਚਾਰ ਬੱਚੇਵੀ ਸਮਾਜ ਲਈ ਕੁਰਬਾਨ ਕਰ ਦਿੱਤੇ, ਪਰ ਡਾ. ਅੰਬੇਡਕਰ ਸਾਹਿਬ ਨੂੰ ਆਪਣੇ ਮਕਸਦ ਤੋਂ ਡੋਲਣ ਨਹੀਂ ਦਿੱਤਾ ਅਤੇ ਨਾ ਹੀ ਉਹਨਾਂ ਨਾਲ ਕਿਸੇ ਪ੍ਰਕਾਰ ਦਾ ਕੋਈ ਗਿਲਾ-ਸ਼ਿਕਵਾ ਕੀਤਾ। ਮਾਤਾ ਰਮਾ ਬਾਈ ਨੇ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਸੰਭਾਲਦਿਆਂ ਬਾਬਾ ਸਾਹਿਬ ਦੀ ਹਰ ਸਹੂਲਤ ਦਾ ਧਿਆਨ ਰੱਖਿਆ। ਇਸ ਇਕ ਪਾਤਰੀ ਨਾਟਕ ਦੀ ਅਦਾਕਾਰਾ ਮੈਡਮ ਲਤਾ ਡੋਗਰੇ ਨੇ ਆਪਣੇ ਨਾਟਕੀ ਸੰਵਾਦਾਂ ਅਤੇ ਚਿਹਰੇ ਦੇ ਹਾਵਾਂ-ਭਾਵਾਂ ਰਾਹੀਂ ਮਾਤਾ ਜੀ ਦੇ ਜੀਵਨ ਦੀਆਂ ਉਪਰੋਕਤ ਦੁਖਾਂਤਕ ਪ੍ਰਸਥਿਤੀਆਂ ਅਤੇ ਸੰਘਰਸ਼ਾਂ ਨੂੰ ਐਨੀ ਆਕਰਸ਼ਕ ਸ਼ੈਲੀ ਦੁਆਰਾ ਪੇਸ਼ ਕੀਤਾ ਕਿ ਦਰਸ਼ਕ ਅਸ਼-ਅਸ਼ ਕਰ ਉਠੇ ਅਤੇ ਨਾਟਕ ਦੀ ਸਮਾਪਤੀ ਉਪਰੰਤ ਆਪਣੀਆਂ ਸੀਟਾਂ ਤੋਂ ਖੜ੍ਹੇ ਹੋ ਕੇ ਲਗਾਤਾਰ ਪੰਜ-ਛੇ ਮਿੰਟ ਤਾੜੀਆਂ ਵਜਾ ਕੇ ਇਸ ਅਦਭੁਤ ਪੇਸ਼ਕਾਰੀ ਦੀ ਦਾਦ ਦਿੰਦੇ ਰਹੇ।

ਪੰਜਾਬ ਦੀ ਧਰਤੀ 'ਤੇ ਪਹਿਲੀ ਵਾਰ ਇਸ ਨਾਟਕ ਦੀ ਪੇਸ਼ਕਾਰੀ ਲਈ ਅੰਤਰ-ਰਾਸ਼ਟਰੀ ਬੋਧ ਮਹਾਂ ਸੰਘ ਅਤੇ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ ਦੇ ਇਸ ਉਪਰਾਲੇ ਲਈ ਅੰਬੇਡਕਰ ਭਵਨ ਟਰੱਸਟ ਦੇ ਚੇਅਰਮੈਨ ਡਾ. ਜੀ. ਸੀ. ਕੌਲ ਅਤੇ ਇੰਜੀ. ਜਸਵੰਤ ਰਾਏ ਨੇ ਨਾਟਕ ਦੀ ਅਦਾਕਾਰਾ, ਨਿਰਦੇਸ਼ਕ ਅਤੇ ਲੇਖਿਕਾ ਦੀ ਭਰਪੂਰ ਪ੍ਰਸੰਸਾ ਕਰਦਿਆਂ ਪ੍ਰਧਾਨ ਸਰਵਸ਼੍ਰੀ ਐਸ. ਐਲ. ਗਿੰਢਾ ਸਕਾਟਲੈਂਡ, ਪ੍ਰੇਮ ਕੁਮਾਰ ਚੁੰਬਰ ਮੁੱਖ ਸੰਪਾਦਕ 'ਅੰਬੇਡਕਰ ਟਾਈਮਜ਼ ਅਤੇ ਦੇਸ਼ ਦੁਆਬਾ', ਪ੍ਰਧਾਨ ਵਿਜੇ ਵਾਲੀਆ, ਚਰਨ ਸੰਧੂ, ਕਟਾਰੀਆ ਸਾਹਿਬ, ਹੁਸਨ ਲਾਲ, ਮੈਡਮ ਚੰਚਲ, ਬਲਦੇਵ ਰਾਜ, ਡਾ. ਸੰਦੀਪ ਮਹਿਮੀ, ਨਰੇਸ਼ ਕੁਮਾਰ, ਐਮ. ਆਰ. ਸੱਲ੍ਹਣ, ਸੰਗਤ ਰਾਮ, ਜਨਕ ਚੌਹਾਨ ਅਤੇ ਹਾਜ਼ਰ ਦਰਸ਼ਕਾਂ ਦੀ ਭਰਪੂਰ ਸ਼ਮੂਲੀਅਤ ਲਈ ਸਾਰਿਆਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਨਾਟਕ ਦੀ ਸਮਾਪਤੀ ਉਪਰੰਤ ਮਹਾਰਾਸ਼ਟਰ ਤੋਂ ਆਈ ਨਾਟਕੀ ਟੀਮ ਅਤੇ ਸਰਵਸ਼੍ਰੀ ਐਸ. ਐਲ. ਗਿੰਢਾ, ਪ੍ਰੇਮ ਚੁੰਬਰ ਅਤੇ ਸ੍ਰੀਮਤੀ ਸੁਜਾਤਾ ਸੱਲ੍ਹਣ ਕੈਨੇਡਾ ਦਾ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ ਵੱਲੋਂ ਸ਼ਾਲ ਭੇਂਟ ਕਰਕੇ ਵਿਸ਼ੇਸ਼ ਸਨਮਾਲ ਕੀਤਾ ਗਿਆ।





Pictures by Tarsem Jalandhary Editor Desh Doaba +91-98728-22659


















# ਡਾ. ਬੀ. ਆਰ. ਅੰਬੇਡਕਰ ਮੈਮੋਰੀਅਲ ਟਰੱਸਟ ਨੇ ਬੁੱਧ ਜੈਅੰਤੀ ਮਨਾਈ


















Pictures by Tarsem Jalandhary (Desh Doaba) & Bhatti Digital Studio (Jalandhar) +91-98154-79617

**ਜਲੰਧਰ–** ਡਾ. ਬੀ. ਆਰ. ਅੰਬੇਡਕਰ ਮੈਮੋਰੀਅਲ ਟਰੱਸਟ (ਰਜਿ) ਵੱਲੋਂ ਬੀਤੇ ਦਿਨੀਂ ਬੁੱਧ ਜੈਅੰਤੀ ਦਾ ਉਤਸਵ ਬੁੱਧ ਵਿਹਾਰ ਸਿਧਾਰਥ ਨਗਰ ਜਲੰਧਰ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਗਿਆ।

ਪ੍ਰੋਗਰਾਮ ਦਾ ਆਰੰਭ ਸਵੇਰੇ 9.30 ਵਜੇ ਪੰਚਸ਼ੀਲ ਦੇ ਝੰਡੇ ਨੂੰ ਲਹਿਰਾਉਣ ਦੀ ਰਸਮ ਤੋਂ ਬਾਅਦ ਸ਼ੋਭਾ ਯਾਤਰਾ ਨਾਲ ਸ਼ੁਰੂ ਹੋਇਆ। ਝੰਡੇ ਦੀ ਰਸਮ ਸ੍ਰੀ ਸੰਦੀਪ ਮਹਿਮੀ, ਸਹਾਇਕ ਰਜਿਸਟਰਾਰ ਪੀ. ਟੀ. ਯੂ. ਨੇ ਕੀਤੀ। ਡਾ. ਅੰਬੇਡਕਰ ਪਾਰਕ ਵਿਖੇ ਬਾਬਾ ਸਾਹਿਬ ਦੀ ਪ੍ਰਤਿਮਾ ਨੂੰ ਫੁੱਲ ਮਾਲਾਵਾਂ ਅਰਪਿਤ ਕੀਤੀਆਂ ਗਈਆਂ। ਇਸ ਵਿਚ ਉਪਾਸਕਾਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ। ਬੁੱਧ ਵਿਹਾਰ ਸਿਧਾਰਥ ਨਗਰ ਜਲੰਧਰ ਵਾਪਸ ਆ ਕੇ ਸਟੇਜ ਦਾ ਪ੍ਰੋਗਰਾਮ ਆਰੰਭ ਹੋਇਆ। ਹਾਲ ਵੱਡੀ ਗਿਣਤੀ ਵਿਚ ਉਪਾਸਕਾਂ ਨਾਲ ਭਰਿਆ ਹੋਇਆ ਸੀ। ਭੰਤੇ ਦਰਸ਼ਨਦੀਪ ਸੇਰੋ ਨੇ ਤ੍ਰਿਸਰਣ, ਪੰਚ ਸ਼ੀਲ ਤੋਂ ਬਾਅਦ ਤਥਾਗਤ ਬੁੱਧ ਦੇ ਜੀਵਨ ਤੇ ਚਾਨਣਾ ਪਾਇਆ। ਬੁੱਧ ਜੈਅੰਤੀ ਦੇ ਸਬੰਧ ਵਿਚ ਬੋਲਦਿਆਂ ਸ੍ਰੀ ਸੁਸ਼ੀਲ ਕੁਮਾਰ ਸ਼ਰਮਾ, ਸੰਦੀਪ ਮਹਿਮੀ, ਰਮੇਸ਼ ਚੰਦਰ, ਰਾਮਲਾਲ ਦਾਸ, ਚਾਨਣਡਡਾਲ ਨੇ ਬੁੱਧ ਦੇ ਜੀਵਨ ਸਬੰਧਤ ਵੱਖ-ਵੱਖ ਪਹਿਲੂਆਂ ਤੇ ਰੌਸ਼ਨੀ ਪਾਈ। ਸਾਰੇ ਬੁਲਾਰੇ ਇੱਕਦਮ ਸਨ ਕਿ ਸਾਨੂੰ ਬਾਬਾ ਸਾਹਿਬ ਜੀ ਵੱਲੋਂ ਭਾਰਤ ਨੂੰ ਬੁੱਧਮਈ ਬਣਾਉਣ ਦੇ ਸੁਪਨੇ ਨੂੰ ਪੂਰਾ ਕਰਨਾ ਚਾਹੀਦਾ ਹੈ। ਪ੍ਰੋਗਰਾਮ 'ਚ ਫਾਊਂਡਰ ਟਰੱਸਟੀ ਲੇਟ ਸ੍ਰੀ ਦਰਸ਼ਨ ਲਾਲ ਬੋਧੀ ਦੀ ਪਤਨੀ ਛਿੰਦੋ ਰਾਣੀ ਅਤੇ ਉਹਨਾਂ ਦੇ ਪਰਿਵਾਰ ਦਾ ਟਰੱਸਟ ਵੱਲੋਂ ਸਨਮਾਨ ਕੀਤਾ ਗਿਆ। ਇਸ ਦੇ ਨਾਲ ਹੀ ਸ੍ਰੀ ਰਮੇਸ਼ ਚੰਦਰ (ਰਿਟਾਇਰਡ ਆਈ. ਐਫ. ਐਸ.) ਜਿਹਨਾਂ ਵੱਲੋਂ ਟਰੱਸਟ ਨੂੰ ਇਕ ਕੰਪਿਊਟਰ ਦਿੱਤਾ ਗਿਆ ਸੀ ਅਤੇ ਬਹੁਤ ਪੁਰਾਣੇ ਬੋਧੀ ਸ੍ਰੀ ਦੇਵੀ ਦਿਆਲ ਬੋਧ ਅਤੇ ਸ੍ਰੀ ਪ੍ਰੇਮ ਕੁਮਾਰ ਚੁੰਬਰ ਦਾ ਵੀ ਸਨਮਾਨ ਕੀਤਾ ਗਿਆ। ਇਸ ਵਿਚ ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ, ਚਾਨਣ ਰਾਮ ਵਡਾਲਾ, ਸ਼ੇਰ ਸਿੰਘ, ਰਮੇਸ਼ ਜੱਸਲ, ਪ੍ਰਕਾਸ਼ ਜੱਸਲ, ਰਾਮਨਾਥ ਸੁੰਡਾ, ਨਰਿੰਦਰ, ਮੰਨਾ ਭਾਈ, ਕਪਿਲ ਗੌਤਮ, ਹਰਵਿੰਦਰ ਮਨੂੰ, ਮੈਡਮ ਗੀਤਾ ਬੋਧ, ਗੌਤਮ ਅਤੇ ਗੌਰੀ ਆਦਿ ਨੇ ਭਾਗ ਲਿਆ।




ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਬਾਬਾ ਸਾਹਿਬ ਭੀਮਰਾਓ ਰਾਮਜੀ ਅੰਬੇਡਕਰ ਜੀ ਦਾ 126ਵਾਂ ਜਨਮ ਦਿਨ **25 ਜੂਨ 2017 (ਦਿਨ ਐਤਵਾਰ)** ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪੂਰਨ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 25 ਜੂਨ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਪਹੁੰਚ ਕੇ ਵਿਦਵਾਨ ਬੁਲਾਰਿਆਂ ਦੇ ਵਿਚਾਰ ਸੁਣੀਏ ਅਤੇ ਬਾਬਾ ਸਾਹਿਬ ਦੇ ਜੀਵਨ, ਸੰਘਰਸ਼ ਅਤੇ ਉਹਨਾਂ ਦੀ ਮਹਾਨ ਦੇਣ ਬਾਰੇ ਜਾਣਕਾਰੀ ਭਰਪੂਰ ਵਿਚਾਰ ਸੁਣੀਏ। ਇਸ ਮੌਕੇ ਰਾਗੀ ਜਥਾ ਅਤੇ ਕੀਰਤਨੀ ਜਥਾ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।



## ਬੇਨਤੀ ਕਰਤਾ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤ
## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਬਰਗ (ਕੈਲੇਫੋਰਨੀਆ)

### ਹੋਰ ਜਾਣਕਾਰੀ ਸੰਪਰਕ ਕਰੋ- ਗੁਰੂ ਘਰ 925-439-2355

| Chairman | President | General Secretary | Treasurer |
|---|---|---|---|
| Shinder Pal Narabat | Kashmiri Bhatia | Gina Bhatia | Jasvir Chahal |
| (925) 683-0178 | (408)460-0262 | (925) 483-1629 | (209)627-7944 |

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਗਏ









**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 9, 10 ਅਤੇ 11 ਜੂਨ ਦਿਨ ਸ਼ੁੱਕਰਵਾਰ, ਸ਼ਨਿਚਰਵਰ ਅਤੇ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਕਰਵਾਏ ਗਏ, ਜਿਹਨਾਂ ਦੀ ਸੇਵਾ ਸਵ: ਮਿਲਖਾ ਸਿੰਘ ਰੱਤੂ ਜੀ, ਬੀਬੀ ਗੁਰਮੀਤ ਕੌਰ ਰੱਤੂ ਜੀ, ਸ੍ਰੀ ਮਹਿੰਦਰ ਸਿੰਘ ਰੱਤੂ (ਚੇਅਰਮੈਨ ਗੁਰੂ ਘਰ), ਬੀਬੀ ਗੁਰਪਾਲ ਕੌਰ ਰੱਤੂ ਜੀ, ਸਤਨਾਮ ਸਿੰਘ ਰੱਤੂ, ਬੀਬੀ ਰੋਹਨੀ ਰੱਤੂ ਆਪਣੇ ਬੇਟੇ ਕਾਕਾ ਕੈਸ਼ ਰੱਤੂ ਜੀ ਦੇ ਜਨਮ ਦਿਨ ਦੀ ਖੁਸ਼ੀ ਦੇ ਸਬੰਧ ਵਿਚ ਕਰਵਾਏ ਗਏ, ਜਿਸ ਵਿਚ 9 ਜੂਨ ਦਿਨ ਐਤਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 11 ਜੂਨ ਦਿਨ ਐਤਵਾਰ ਨੂੰ ਪਾਏ ਗਏ।

ਭੋਗ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਇਹਨਾਂ ਤੋਂ ਇਲਾਵਾ ਢਾਡੀ ਜਥਾ ਜਥੇਦਾਰ ਗੁਰਨਾਮ ਸਿੰਘ ਭੰਡਾਲ ਜੀ (ਵਾਈਸ ਪ੍ਰਧਾਨ ਗੁਰੂ ਘਰ) ਨੇ ਢਾਡੀ ਵਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸੈਕਟਰੀ ਦੀ ਸੇਵਾ ਭਾਈ ਸਤਨਾਮ ਸਿੰਘ ਜੀ ਨੇ ਨਿਭਾਈ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਮਹਿੰਦਰ ਸਿੰਘ ਰੱਤੂ ਜੀ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ।

ਇਹਨਾਂ ਤੋਂ ਇਲਾਵਾ ਸ੍ਰੀਮਾਨ ਕਰਮ ਸਿੰਘ ਬੰਗੜ, ਫਰਿਜ਼ਨੋ, ਸ੍ਰੀ ਸਤਨਾਮ ਸਿੰਘ ਅਟਾਰਨੀ ਐਟ ਲਾਅ ਨੂੰ ਵੀ ਸਿਰੋਪਾਓ ਬਖਸ਼ਿਸ਼ ਕੀਤੇ ਗਏ।

ਇਹਨਾਂ ਸਮਾਗਮਾਂ ਵਿਚ ਬਹੁਤ ਵੱਡੀ ਗਿਣਤੀ 'ਚ ਸੰਗਤਾਂ ਨੇ ਹਾਜਰੀ ਲਗਵਾਈ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।




ਸ਼ਹੀਦ ਕੀ ਜੋ ਮੌਤ ਹੈ, ਵੋਹ ਕੌਮ ਕੀ ਹਯਾਤ ਹੈ
ਹਯਾਤ ਤੋ ਹਯਾਤ, ਵੋਹ ਮੌਤ ਭੀ ਹਯਾਤ ਹੈ



6th Annul Anniversary
Memorial for Corporal
GURPREET SINGH

18 ਜੂਨ ਐਤਵਾਰ
ਭੋਗ ਸ੍ਰੀ ਅਖੰਡ ਪਾਠ ਸਾਹਿਬ (ਗੁਰੂ ਘਰ)
ਸ਼ਹੀਦੀ ਦਿਵਸ ਗੁਰਪ੍ਰੀਤ ਸਿੰਘ

GURDWARA SRI SACHKHAND SAHIB
1090 MAIN STREET ROASEVILLE
95678

ਬੇਨਤੀ ਕਰਤਾ
ਸ ਨਿਰਮਲ ਸਿੰਘ ਤੇ ਸਮੂਹ ਸੰਗਤ ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ



TANDOOR
Indian Restaurant
27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532



L.A. MERCHANDISE
Whole Sale +Retail



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

LOOSE FABRICS, GROCERIES, BLANKETS, VEGETABLES
Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।




Baksho Kaur Bisla Hardev Singh Bisla

500 N. Palora Ave. Yuba City, CA 95991
530-671-0439, Fax 530-822-0439 Cell- 530-844-3250

# ਸਤਿਗੁਰੂ ਕਬੀਰ ਜੀ ਦਾ ਪ੍ਰਕਾਫ ਦਿਹਾੜਾ ਮਨਾਇਆ ਗਿਆ












**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਕੈਲੇਫੋਰਨੀਆ) ਯੂਬਾ ਸਿਟੀ ਦੇ ਸੱਦੇ 'ਤੇ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਕਬੀਰ ਜੀ ਮਹਾਰਜ ਦਾ ਜਨਮ ਦਿਵਸ ਬਹੁਤ ਹੀ ਸ਼ਰਧਾ ਨਾਲ ਮਨਾਇਆ ਅਿਾ, ਜਿਸ ਵਿਚ ਕਲਾਕਾਰ ਭੁਪਿੰਦਰ ਭਿੰਦਾ, ਵਿਸ਼ਾਲ ਸ਼ਰਬਤੀ ਤੇ ਪਲਵਿੰਦਰ ਸਹੋਤਾ ਵੱਲੋਂ ਸਤਿਗੁਰੂ ਕਬੀਰ ਜੀ ਦੀ ਸ਼ੋਭਾ ਵਿਚ ਸ਼ਬਦ ਗਾਏ ਗਏ। ਇਸ ਤੋਂ ਪਹਿਲਾਂ ਸ੍ਰੀ ਵਾਲਮੀਕ ਰਮਾਇਣ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਜਿਸ ਉਪਰੰਤ ਵੱਖ-ਵੱਖ ਬੁਲਾਰਿਆਂ ਸ੍ਰੀ ਰਾਮਪਾਲ ਮੱਟੂ, ਸੰਤੋਖ ਸਿੰਘ ਗਿੱਲ, ਵਿਨੋਦ ਗਿੱਲ ਵੱਲੋਂ ਸਤਿਗੁਰੂ ਕਬੀਰ ਜੀ ਦੇ ਕਠਿਨਾਈਆਂ ਭਰੇ ਜੀਵਨ ਬਾਰੇ ਅਤੇ ਉਹਨਾਂ ਵੱਲੋਂ ਵਿੱਢੇ ਬ੍ਰਾਹਮਣਵਾਦ ਅਤੇ ਮਨੂੰ ਸਿਮਰਤੀ ਦੇ ਖਿਲਾਫ ਸੰਘਰਸ਼ਾਂ ਬਾਰੇ ਅਤੇ ਪ੍ਰਾਪਤੀ ਬਾਰੇ ਜਾਣਕਾਰੀ ਦਿੱਤੀ ਗਈ।

ਸਭਾ ਵੱਲੋਂ ਇਹ ਵੀ ਕਿਹਾ ਗਿਆ ਅਤੇ ਹੋਰ ਮਹਾਂਪੁਰਖਾਂ ਸਮੇਤ ਸਤਿਗੁਰੂ ਕਬੀਰ ਜੀ ਦਾ ਜਨਮ ਦਿਵਸ ਹਰ ਸਾਲ ਮਨਾਇਆ ਜਾਵੇਗਾ। ਇਸ ਸਾਰੇ ਪ੍ਰੋਗਰਾਮ ਦੌਰਾਨ ਸਾਰਾ ਦਿਨ ਲੰਗਰਾਂ ਦੀ ਸੇਵਾ ਅਟੁੱਟ ਚਲਦੀ ਰਹੀ। ਲੰਗਰ ਦੀ ਸੇਵਾ ਸੌਂਧੀ ਪਰਿਵਾਰ ਵੱਲੋਂ ਬਹੁਤ ਸ਼ਰਧਾ ਤੇ ਪਿਆਰ ਨਾਲ ਕੀਤੀ ਗਈ।

ਇਸ ਤੋਂ ਉਪਰੰਤ ਭਾਰਤ ਤੋਂ ਆਏ ਨਵੇਂ ਤਿੰਨ ਪਰਿਵਾਰ ਜਿਹਨਾਂ ਨੂੰ ਸਭਾ ਵੱਲੋਂ ਜੀ ਆਇਆਂ ਕਹਿੰਦੇ ਹੋਏ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

ਇਹਨਾਂ ਪਰਿਵਾਰਾਂ ਵਿਚ ਸ. ਬਲਵਿੰਦਰ ਸਿੰਘ ਗਿੱਲ ਵਾਸੀ ਨੂਰਪੁਰ ਜਲੰਧਰ ਤੇ ਸਮੂਹ ਪਰਿਵਾਰ, ਸ਼ਿਵ ਕੁਮਾਰ ਨਾਹਰ ਵਾਸੀ ਮਲਸੀਆਂ (ਜਲੰਧਰ) ਤੇ ਸੋਨੀਆ ਸਰਬਤੀ ਪਤਨੀ ਵਿਸ਼ਾਲ ਸ਼ਰਬਤੀ ਵਾਸੀ ਨੰਗਰ ਅੰਬੀਆਂ ਜ਼ਿਲ੍ਹਾ ਜਲੰਧਰ ਆਦਿ ਪਰਿਵਾਰਾਂ ਦਾ ਸਨਮਾਨ ਕੀਤਾ ਗਿਆ। ਪ੍ਰੋਗਰਾਮ ਦੇ ਅਖੀਰ ਵਿਚ ਸ੍ਰੀ ਪ੍ਰਕਾਸ਼ ਸਿੰਘ ਗਿੱਲ ਵੱਲੋਂ ਆਪਣੇ ਵਿਚਾਰ ਰੱਖੇ ਗਏ ਤੇ ਪ੍ਰੋਗਰਾਮ ਦੀ ਸਮਾਪਤੀ ਤੇ ਸਭਾ ਦੇ ਪ੍ਰਧਾਨ ਸ੍ਰੀ ਪ੍ਰੇਮ ਲਾਲ ਸੌਂਧੀ ਜੀ ਵੱਲੋਂ ਸਤਿਗੁਰੂ ਕਬੀਰ ਜੀ ਦੇ ਜਨਮ ਦਿਵਸ ਦੀਆਂ ਵਧਾਈਆਂ ਦਿੰਦੇ ਹੋਏ ਆਈਆਂ ਸਾਰੀਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਹੋਇਆਂ ਸੰਗਤਾਂ ਨੂੰ ਸਾਰੇ ਪ੍ਰੋਗਰਾਮਾਂ ਵਿਚ ਪਰਿਵਾਰ ਸਮੇਤ ਸ਼ਾਮਲ ਹੋ ਕੇ ਸਹਿਯੋਗ ਦੇਣ ਦੀ ਬੇਨਤੀ ਵੀ ਕੀਤੀ ਗਈ।

ਸੰਗਤਾਂ ਨੂੰ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਨੇ ਮਹਾਂਰਿਸ਼ੀ ਵਾਲਮੀਕ ਸਭਾ ਵੱਲੋਂ ਪੁਰਜੋਰ ਬੇਨਤੀ ਕੀਤੀ ਕਿ ਮੰਦਰ ਦਾ ਹੋਰ ਵਿਸਥਾਰ ਕਰਨ ਲਈ ਆਰਥਿਕ ਸਹਿਯੋਗ ਦਿੱਤਾ ਜਾਵੇ।

**ਰਿਪੋਰਟ– ਸੰਤੋਖ ਸਿੰਘ ਗਿੱਲ**

## ਗੁਰਗੱਦੀ ਪੁਰਬ 'ਤੇ ਵਿਸ਼ੇਸ਼

# 'ਮੀਰੀ-ਪੀਰੀ ਦੇ ਸੱਚੇ-ਪਾਤਸ਼ਾਹ' ਤੇ 'ਸੰਤ-ਸਿਪਾਹੀ' ਸ੍ਰੀ ਗੁਰੂ ਹਰਗੋਬਿੰਦ ਜੀ



ਪ੍ਰੋ: ਐਚ. ਐਲ. ਕਪੂਰ
001- 916- 587-4002

'ਮੀਰੀ-ਪੀਰੀ ਦੇ ਸੱਚੇ ਪਾਤਸ਼ਾਹ' ਸ੍ਰੀ ਗੁਰੂ ਹਰਗੋਬਿੰਦ ਜੀ ਦਾ ਜਨਮ 19 ਜੂਨ, 1595 ਈਸਵੀ ਨੂੰ ਪਿੰਡ ਗੁਰੂ ਕੀ ਵਡਾਲੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਹ ਗੁਰੂ ਅਰਜਨ ਦੇਵ ਜੀ ਦੇ ਇਕਲੌਤੇ ਪੁੱਤਰ ਸਨ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਕੁਝ ਦਿਨ ਪਹਿਲਾਂ 25 ਮਈ 1606 ਈਸਵੀ ਨੂੰ ਉਹ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਦੇ ਛੇਵੇਂ ਗੁਰੂ ਨਿਯੁਕਤ ਹੋਏ। ਥੋੜ੍ਹੇ ਵੱਡੇ ਹੋਣ 'ਤੇ ਜਿਵੇਂ ਉਹਨਾਂ ਦੇ ਪਿਤਾ ਜੀ ਨੇ ਕਿਹਾ ਸੀ ਉਵੇਂ ਹੀ ਉਹਨਾਂ ਨੇ ਯੁੱਧ ਕਲਾ, ਗਤਕਾ ਤੇ ਧਾਰਮਿਕ ਸਿੱਖਿਆ ਪ੍ਰਾਪਤ ਕੀਤੀ ਤੇ ਬਾਬਾ ਬੁੱਢਾ ਜੀ ਨੇ ਉਹਨਾਂ ਨੂੰ ਧਾਰਮਿਕ ਸਿੱਖਿਆ ਦੇਣ ਦੀ ਜ਼ਿੰਮੇਵਾਰੀ ਨਿਭਾਈ।

ਗੁਰਗੱਦੀ ਪ੍ਰਾਪਤੀ ਵਾਲੇ ਦਿਨ ਗੁਰੂ ਹਰਗੋਬਿੰਦ ਜੀ ਨੇ ਐਲਾਨ ਕੀਤਾ ਕਿ ਉਹ ਆਪਣੇ ਸਿਰ ਨੂੰ ਢਕਣ ਲਈ ਗਰਮ ਊਨੀ ਡੋਰੇਦਾਰ ਕੱਪੜਾ ਪਹਿਨਣਗੇ, ਜਿਵੇਂ ਕਿ ਉਹਨਾਂ ਤੋਂ ਪਹਿਲਾਂ ਸਾਰੇ ਗੁਰੂ ਸਾਹਿਬਾਨ ਨੇ ਗੁਰਗੱਦੀ ਨਸ਼ੀਨੀ ਸਮੇਂ ਪਹਿਨਿਆ ਸੀ। ਬਾਬਾ ਬੁੱਢਾ ਜੀ ਨੇ ਇਸ ਤੋਂ ਪਹਿਲਾਂ ਗੁਰਗੱਦੀ ਦੀ ਰਸਮ ਨਿਭਾਉਣ ਸਮੇਂ ਕਦੀ ਵੀ ਆਪਣੇ ਹੱਥਾਂ ਵਿਚ ਤਲਵਾਰ ਨਹੀਂ ਫੜੀ ਸੀ ਕਿ ਉਹਨਾਂ ਨੇ ਪਹਿਲੇ ਗੁਰੂ ਸਾਹਿਬਾਨ ਨੂੰ ਇਸ ਰਸਮ 'ਚ ਤਲਵਾਰ ਪਹਿਨਾਈ ਹੋਵੇ ਪਰ ਅੱਜ ਉਹਨਾਂ ਨੂੰ ਗੁਰੂ ਸਾਹਿਬ ਨੇ ਕਿਹਾ ਕਿ, "ਅੱਜ ਉਹ ਇਕ ਨਹੀਂ ਸਗੋਂ ਦੋ ਤਲਵਾਰਾਂ ਪਹਿਨਣਗੇ, ਇਕ ਸ਼ਕਤੀ (ਮੀਰੀ) ਦੀ ਤੇ ਦੂਸਰੀ ਭਗਤੀ (ਪੀਰੀ) ਦੀ।'' ਅੱਜ ਤੋਂ ਉਹ ਆਪਣੇ ਨਾਲ ਹਮੇਸ਼ਾ ਦੋ ਤਲਵਾਰਾਂ ਪਹਿਨ ਕੇ ਰੱਖਣਗੇ, ਜਿਹੜੀਆਂ ਕਿ ਦੋ ਪੱਖੀ ਪ੍ਰਤੀਕੀਕਰਣ ਦਾ ਸੰਕੇਤ ਦੇਣਗੀਆਂ। ਇਕ ਸੰਸਾਰਕ ਸ਼ਕਤੀ 'ਮੀਰੀ' ਤੇ ਦੂਸਰੀ ਰੂਹਾਨੀਅਤ 'ਪੀਰੀ' ਦੀ।

ਗੁਰੂ ਹਰਗੋਬਿੰਦ ਜੀ ਨੇ 25 ਮਈ, 1606 ਈਸਵੀ ਨੂੰ ਗੁਰਗੱਦੀ ਦੀ ਰਸਮ ਉਠਾਈ ਤੋਂ ਥੋੜ੍ਹਾ ਹੀ ਸਮਾਂ ਬਾਅਦ ਇਕ ਨਵੇਂ ਮੰਦਰ ਦੀ ਉਸਾਰੀ ਅੰਮ੍ਰਿਤਸਰ ਸਾਹਿਬ 'ਚ ਹੀ ਸ਼ੁਰੂ ਕਰਵਾਈ, ਜਿਸ ਦਾ ਨਾਂ ਸੀ 'ਸ੍ਰੀ ਅਕਾਲ ਤਖਤ ਸਾਹਿਬ' ਤੇ ਇਸ ਨੂੰ 'ਸ੍ਰੀ ਹਰਿਮੰਦਰ ਸਾਹਿਬ' ਦੇ ਬਿਲਕੁਲ ਸਾਹਮਣੇ ਹੀ ਬਣਵਾਇਆ। ਇਸ 'ਅਕਾਲ ਤਖਤ ਸਾਹਿਬ' ਦੀ ਉਸਾਰੀ ਦਾ ਮੰਤਵ ਸੀ ਕਿ ਸਿੱਖ ਮਸਲਿਆਂ ਨੂੰ ਇੱਥੇ ਹੱਲ ਕੀਤਾ ਜਾਇਆ ਕਰੇਗਾ। 'ਅਕਾਲ ਤਖਤ ਸਾਹਿਬ' 'ਤੇ ਸਿੱਖ ਜਗਤ ਦੇ ਸੰਸਾਰਕ ਮਸਲਿਆਂ ਤੇ 'ਸ੍ਰੀ ਹਰਿਮੰਦਰ ਸਾਹਿਬ' ਤੋਂ ਰੂਹਾਨੀਅਤ ਦਾ ਸੰਦੇਸ਼ ਦੇ ਕੇ ਬਰਾਬਰ ਸੰਤੁਲਨ ਰੱਖਿਆ ਜਾਵੇਗਾ। ਇਸ ਤਰ੍ਹਾਂ ਗੁਰੂ ਸਾਹਿਬ ਦਾ ਇਹ ਦੋਰੁਖੀ ਸੰਕਲਪ 'ਮੀਰੀ ਤੇ ਪੀਰੀ' 'ਤੇ ਜ਼ੋਰ ਦੇਣਾ ਸੀ। ਇਸ ਤਰ੍ਹਾਂ ਗੁਰੂ ਸਾਹਿਬ ਦਾ ਇਹ ਬਾਦਸ਼ਾਹਾਂ ਵਾਲਾ ਰਾਜ-ਅਧਿਕਾਰ ਜਾਂ ਰਾਜ ਚਿੰਨ੍ਹ ਸਿੱਖ ਜਗਤ 'ਚ 'ਸੱਚੇ ਪਾਤਸ਼ਾਹ' ਦੇ ਰੂਪ 'ਚ ਜਾਣਿਆ ਜਾਣ ਲੱਗਾ ਸੀ।

ਗੁਰੂ ਹਰਗੋਬਿੰਦ ਜੀ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਸਨ ਕਿ ਸਿੱਖਾਂ ਨੂੰ ਇਹ ਆਜ਼ਾਦੀ ਇੰਨੀ ਜਲਦੀ ਮਿਲਣ ਵਾਲੀ ਨਹੀਂ ਹੈ ਪਰ ਉਹਨਾਂ ਨੂੰ ਜ਼ੁਲਮ ਤੇ ਅੱਤਿਆਚਾਰ ਦੇ ਵਿਰੁੱਧ ਲਾਮਬੰਦ ਹੋਣ ਲਈ ਸ਼ਸਤਰਧਾਰੀ ਹੋਣਾ ਹੀ ਪਵੇਗਾ। ਗੁਰੂ ਹਰਗੋਬਿੰਦ ਸਾਹਿਬ ਨੇ ਮਸੰਦਾਂ ਤੇ ਆਪਣੇ ਸਿੱਖ ਸ਼ਰਧਾਲੂਆਂ ਨੂੰ ਇਹ ਆਦੇਸ਼ ਦਿੱਤਾ ਕਿ ਅੱਗੋਂ ਤੋਂ ਜਿਹੜਾ ਵੀ ਸਿੱਖ ਉਹਨਾਂ ਦੇ ਦਰਸ਼ਨਾਂ ਲਈ, ਉਹਨਾਂ ਦੇ ਦਰਬਾਰ 'ਚ ਆਏ, ਉਹ ਮਾਇਆ ਦੇ ਚੜ੍ਹਾਵੇ ਦੇ ਨਾਲ-ਨਾਲ ਆਪਣੀ ਸਮਰੱਥਾ ਅਨੁਸਾਰ ਹਥਿਆਰ ਤੇ ਘੋੜੇ ਆਦਿ ਵੀ ਲਿਆਵੇ। ਉਸ ਸਮੇਂ ਹਿੰਦੂ ਸਮਾਜ ਬਹੁਤ ਕਮਜ਼ੋਰ ਹੋ ਚੁੱਕਾ ਸੀ, ਜਿਹੜਾ ਕਿ ਸਮੇਂ ਦੀ ਸਰਕਾਰ ਨੂੰ ਜ਼ੁਲਮ ਤੇ ਅੱਤਿਆਚਾਰ ਦੇ ਖ਼ਿਲਾਫ਼ ਟੱਕਰ ਨਹੀਂ ਦੇ ਸਕਦਾ ਸੀ। ਸਿੱਖ ਅਜੇ ਇਕੱਲੇ ਵੀ ਉਸ ਸਮੇਂ ਇੰਨੇ ਸ਼ਕਤੀਸ਼ਾਲੀ ਨਹੀਂ ਸਨ ਕਿ ਉਹ ਇੱਡੀ ਵੱਡੀ ਮੁਗਲ ਸਲਤਨਤ ਨਾਲ ਟੱਕਰ ਲੈ ਸਕਣ। ਉਹਨਾਂ ਨੂੰ ਅਜੇ ਆਪਣੇ ਹੱਕਾਂ ਤੇ ਅਧਿਕਾਰਾਂ ਦੀ ਪ੍ਰਾਪਤੀ ਲਈ ਤੇ ਜ਼ੁਲਮ ਨਾਲ ਟੱਕਰ ਲੈਣ ਲਈ ਕਾਫ਼ੀ ਜਾਗਰੂਕਤਾ ਦੀ ਲੋੜ ਸੀ।

ਉਹ ਹਥਿਆਰ ਸੰਭਾਲਣ ਤੇ ਆਪਣਾ ਰੋਜ਼ਾਨਾ ਜੀਵਨ ਚੁਸਤ-ਦਰੁਸਤ ਹੋ ਕੇ ਜਿਊਣ, ਘੋੜ ਸਵਾਰੀ ਸਿੱਖਣ, ਘੋੜ ਦੌੜ 'ਚ ਭਾਗ ਲੈਣ ਤੇ ਆਪਣਾ ਚੰਗਾ ਸਮਾਂ ਬਤੀਤ ਕਰਨ ਲਈ ਸ਼ਿਕਾਰ ਖੇਡਿਆ ਕਰਨ। ਪ੍ਰਮਾਤਮਾ ਦਾ ਨਾਮ ਜਪਣ ਦੇ ਨਾਲ-ਨਾਲ ਉਹ ਆਪਣੇ ਸਰੀਰ ਨੂੰ ਸੁਡੌਲ ਬਣਾਉਣ ਲਈ ਕਸਰਤ ਕਰਨ ਤੇ ਹਥਿਆਰਾਂ ਨੂੰ ਚਲਾਉਣ ਦੀ ਸਿੱਖਿਆ ਵੀ ਪ੍ਰਾਪਤ ਕਰਨ। ਇਸ ਤਰ੍ਹਾਂ ਗੁਰੂ ਸਾਹਿਬ ਦੇ ਇਹਨਾਂ ਆਦੇਸ਼ਾਂ ਦੇ ਥੋੜ੍ਹੇ ਸਮੇਂ ਬਾਅਦ ਹੀ ਉਹਨਾਂ ਪਾਸ ਇਕ ਹਜ਼ਾਰ ਘੋੜ ਸਵਾਰ ਸੈਨਾ ਤਿਆਰ ਹੋ ਗਈ। ਇਸ ਦੇ ਨਾਲ-ਨਾਲ ਰੂਹਾਨੀਅਤ ਦੀ ਸਿੱਖਿਆ ਵੀ ਬਰਾਬਰ ਚਲਦੀ ਰਹੀ। ਗੁਰੂ ਸਾਹਿਬ ਸੂਰਜ ਨਿਕਲਣ ਤੋਂ ਕਾਫ਼ੀ ਸਮਾਂ ਪਹਿਲਾਂ ਉਠਦੇ। ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ 'ਚ ਰੋਜ਼ਾਨਾ ਇਸ਼ਨਾਨ ਕਰਨ ਉਪਰੰਤ ਪ੍ਰਮਾਤਮਾ ਦੀ ਭਗਤੀ 'ਚ ਅੰਤਰ ਧਿਆਨ ਹੋ ਜਾਂਦੇ। ਇਸ ਤਰ੍ਹਾਂ ਉਹ ਸਵੇਰੇ ਤੇ ਸ਼ਾਮ ਆਪਣੇ ਸਿੱਖ ਸ਼ਰਧਾਲੂਆਂ ਨਾਲ ਪ੍ਰਮਾਤਮਾ ਦੀ ਬੰਦਗੀ 'ਚ ਸ਼ਾਮਲ ਹੁੰਦੇ। ਗੁਰੂ ਸਾਹਿਬ ਨਹੀਂ ਚਾਹੁੰਦੇ ਸਨ ਕਿ ਉਹਨਾਂ ਦੀ ਪ੍ਰਬਲਤਾ, ਸੰਸਾਰਕ ਮਸਲਿਆਂ ਨੂੰ ਹੱਲ ਕਰਨ ਲਈ ਕੋਈ ਯੁੱਧ ਕਰਕੇ ਪ੍ਰਾਪਤ ਕੀਤੀ ਜਾਵੇ, ਜਿਸ ਨਾਲ ਉਹਨਾਂ ਦੇ ਸ਼ਰਧਾਲੂਆਂ ਦੀ ਰੂਹਾਨੀਅਤ 'ਤੇ ਕੋਈ ਪ੍ਰਭਾਵ ਪਵੇ।

ਚੰਦੂ ਸ਼ਾਹ ਜਿਸ ਦੀ ਲੜਕੀ ਨਾਲ ਗੁਰੂ ਸਾਹਿਬ ਨੇ ਸ਼ਾਦੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ, ਨੇ ਅਜੇ ਆਪਣੇ ਮਨ 'ਚੋਂ ਗੁਰੂ ਸਾਹਿਬ ਪ੍ਰਤੀ ਈਰਖਾ ਛੱਡੀ ਨਹੀਂ ਸੀ। ਉਸ ਨੇ ਗੁਰੂ ਸਾਹਿਬ ਦੀਆਂ ਫੌਜੀ ਗਤੀਵਿਧੀਆਂ ਦੀ ਬਾਦਸ਼ਾਹ ਜਹਾਂਗੀਰ ਪਾਸ ਸ਼ਿਕਾਇਤ ਕਰ ਦਿੱਤੀ। ਬਾਦਸ਼ਾਹ ਜਹਾਂਗੀਰ ਨੇ ਗੁਰੂ ਹਰਗੋਬਿੰਦ ਜੀ ਦੇ ਸੰਮਨ ਜਾਰੀ ਕਰਕੇ ਆਪਣੇ ਸਨਮੁਖ ਪੇਸ਼ ਹੋਣ ਲਈ ਦਿੱਲੀ ਬੁਲਾਇਆ। ਬਹੁਤ ਸਾਰੀ ਸਿੱਖ ਸੰਗਤ ਇਸ ਗੱਲ ਲਈ ਚਿੰਤਤ ਸੀ ਕਿ ਗੁਰੂ ਸਾਹਿਬ ਦੀ ਜ਼ਿੰਦਗੀ ਨੂੰ ਖਤਰਾ ਹੈ। ਦਿੱਲੀ ਨੂੰ ਰਵਾਨਾ ਹੋਣ ਤੋਂ ਪਹਿਲਾਂ ਗੁਰੂ ਸਾਹਿਬ ਨੇ, ਸਿੱਖ ਸੰਗਤ ਨੂੰ ਆਦੇਸ਼ ਦਿੱਤੇ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਰੋਜ਼ਾਨਾ ਦੇ ਕੰਮਕਾਰ ਦੀ ਜ਼ਿੰਮੇਵਾਰੀ ਬਾਬਾ ਬੁੱਢਾ ਜੀ ਦੀ ਨਿਗਰਾਨੀ 'ਚ ਹੋਵੇਗੀ ਤੇ ਇਹਨਾਂ ਦਾ ਮਾਣ ਸਤਿਕਾਰ ਪੂਰਾ ਕੀਤਾ ਜਾਵੇ ਤੇ 'ਗੁਰੂ ਗ੍ਰੰਥ ਸਾਹਿਬ' 'ਚੋਂ ਰੂਹਾਨੀਅਤ ਦੀ ਸਿੱਖਿਆ ਭਾਈ ਗੁਰਦਾਸ ਜੀ ਤੇ ਦੂਸਰੇ ਸਿੱਖ ਵਿਦਵਾਨਾਂ ਦੀ ਨਿਗਰਾਨੀ ਹੇਠ ਨਿਰਵਿਘਨ ਦਿੱਤੀ ਜਾਵੇ। ਇਸ ਉਪਰੰਤ ਗੁਰੂ ਸਾਹਿਬ ਤਿੰਨ ਸੌ ਘੋੜ ਸਵਾਰ ਜਥੇ ਨੂੰ ਨਾਲ ਲੈ ਕੇ ਦਿੱਲੀ ਲਈ ਰਵਾਨਾ ਹੋ ਗਏ।

ਬਾਦਸ਼ਾਹ ਜਹਾਂਗੀਰ ਜਦੋਂ ਗੁਰੂ ਹਰਗੋਬਿੰਦ ਜੀ ਨੂੰ ਮਿਲੇ ਤਾਂ ਉਹ ਗੁਰੂ ਸਾਹਿਬ ਜੀ ਦੀ ਨਿਮਰਤਾ ਤੇ ਗਿਆਨ ਭਰਪੂਰ ਸ਼ਖਸੀਅਤ ਤੋਂ ਬਹੁਤ ਪ੍ਰਭਾਵਿਤ ਹੋਏ। ਗੁਰੂ ਸਾਹਿਬ ਨੇ ਬਾਦਸ਼ਾਹ ਜਹਾਂਗੀਰ ਨਾਲ ਕਈ ਧਾਰਮਿਕ ਵਿਸ਼ਿਆਂ ਤੇ ਗੋਸ਼ਟੀ ਕੀਤੀ ਤੇ ਬਾਦਸ਼ਾਹ ਜਹਾਂਗੀਰ ਨੇ ਮਹਿਸੂਸ ਕੀਤਾ ਕਿ ਸਿੱਖ ਧਰਮ ਦੇ ਪ੍ਰਚਾਰ ਨਾਲ ਇਸਲਾਮ ਧਰਮ ਨੂੰ ਕੋਈ ਖਤਰਾ ਨਹੀਂ ਹੈ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਇਕ ਸਵਾਲ ਕੀਤਾ ਕਿ ਤੁਹਾਨੂੰ ਕਿਹੜਾ ਧਰਮ ਚੰਗਾ ਲੱਗਦਾ ਹੈ 'ਹਿੰਦੂ ਧਰਮ ਜਾਂ ਮੁਸਲਮਾਨ ਧਰਮ'? ਗੁਰੂ ਜੀ ਨੇ ਇਸ ਸਵਾਲ ਦਾ ਉਤਰ ਦੇਣ ਲਈ ਸਤਿਗੁਰੂ ਕਬੀਰ ਦਾਸ ਜੀ ਦੇ ਵਿਚਾਰਾਂ ਦੀ ਵਿਆਖਿਆ ਨਿਮਨ-ਲਿਖਤ ਅਨੁਸਾਰ ਕੀਤੀ:



"ਪ੍ਰਮਾਤਮਾ ਨੇ ਸਭ ਤੋਂ ਪਹਿਲਾਂ ਜੋਤ (ਰੌਸ਼ਨੀ) ਪੈਦਾ ਕੀਤੀ। ਸਭ ਜੀਵਾਂ ਦੀ ਉਤਪਤੀ ਉਸ ਜੋਤ 'ਚੋਂ ਹੋਈ ਹੈ। ਸਾਰੇ ਸੰਸਾਰ ਦੀ ਰਚਨਾ ਇਸ ਜੋਤ ਦੀ ਇਕੋ ਚੰਗਿਆੜੀ 'ਚੋਂ ਹੋਈ ਹੈ। ਕੌਣ ਚੰਗਾ ਹੈ ਤੇ ਕੌਣ ਮਾੜਾ ਹੈ? ਇਸ ਰਚਨਾ ਦਾ ਕਰਤਾ ਵੀ ਇਸ ਸੰਸ-ਾਰਕ ਰਚਨਾ 'ਚ ਹੀ ਹੈ ਤੇ ਇਹ ਸਾਰੀ ਰਚਨਾ ਵੀ ਉਸ ਕਰਤਾ 'ਚ ਹੀ ਸਮਾਈ ਹੋਈ ਹੈ। ਉਹ ਸਰਬ-ਵਿਆਪੀ ਹੈ। ਮਿੱਟੀ ਸਭ ਦੀ ਇਕੋ ਜਿਹੀ ਹੈ ਪ੍ਰੰਤੂ ਉਸ ਕਰਤਾ ਨੇ ਜੀਵਾਂ ਦੀ ਰਚਨਾ ਅਲੱਗ-ਅਲੱਗ ਰੂਪਾਂ 'ਚ ਕੀਤੀ ਹੈ। ਮਿੱਟੀ ਤੇ ਕਰਤਾ 'ਚ ਕੋਈ ਫਰਕ ਨਹੀਂ ਹੈ। ਉਹ ਸੱਚਾ ਪ੍ਰਮਾਤਮਾ ਭਾਵ ਕਰਤਾ ਸਭ ਜੀਵਾਂ 'ਚ ਵੱਸਦਾ ਹੈ। ਕਿਸੇ ਨਾਲ ਕੀ ਵਾਪਰਨਾ ਹੈ, ਇਹ ਸਭ ਉਹ ਕਰਤਾ ਹੀ ਜਾਣਦਾ ਹੈ। ਜਿਹੜਾ ਜੀਵ ਉਸ ਕਰਤਾ ਅੱਗੇ ਆਪਣੇ ਆਪ ਨੂੰ ਅਰਪਣ ਕਰ ਦਿੰਦਾ ਹੈ, ਉਹ ਹੀ ਉਸ ਕਰਤਾ ਨੂੰ ਪ੍ਰਾਪਤ ਕਰ ਲੈਂਦਾ ਹੈ। ਜੀਵ ਉਸ ਕਰਤਾ ਦਾ ਗੁਲਾਮ ਹੈ। ਉਹ ਕਰਤਾ ਦਿਸਦਾ ਨਹੀਂ ਹੈ ਤੇ ਅਤਿ ਸੂਖਮ ਹੈ ਤੇ ਸਿਰਫ ਮਹਿਸੂਸ ਹੀ ਹੁੰਦਾ ਹੈ। ਪ੍ਰਮਾਤਮਾ ਨੇ ਇਹ ਮਿਠਾਸ ਭਰਿਆ ਤੋਹਫ਼ਾ ਮੈਨੂੰ ਬਖਸ਼ਿਆ ਹੈ ਤੇ ਇਹ ਮਹਾਨ ਵਿਚਾਰ ਸਤਿਗੁਰੂ ਕਬੀਰ ਦਾ ਸਜੀ ਦੇ ਹਨ, ਜਿਹਨਾਂ ਨੇ ਮੇਰੇ ਇਸ ਪ੍ਰਤੀ ਸਾਰੇ ਭਰਮ-ਭੁਲੇਖੇ ਦੂਰ ਕਰ ਦਿੱਤੇ ਹਨ। ਮੈਂ ਉਸ ਪਵਿੱਤਰ ਕਰਤਾ ਦੇ ਅੰਮ੍ਰਿਤ ਵੇਲੇ ਹਰ ਰੋਜ਼ ਦਰਸ਼ਨ ਆਪਣੀਆਂ ਅੱਖਾਂ ਨਾਲ ਕਰਦਾ ਹਾਂ।''

ਜਦੋਂ ਜਹਾਂਗੀਰ ਨੇ ਦੇਖਿਆ ਕਿ ਗੁਰੂ ਜੀ ਖੇਡਾਂ ਤੇ ਸ਼ਿਕਾਰ ਖੇਡਣ ਦੇ ਬਹੁਤ ਸ਼ੌਕੀਨ ਹਨ ਤਾਂ ਉਸਨੇ ਗੁਰੂ ਜੀ ਨੂੰ ਬਾਘ ਦਾ ਸ਼ਿਕਾਰ ਕਰਨ ਲਈ ਨਿਮੰਤਰਣ ਦਿੱਤਾ। ਜਦੋਂ ਉਹ ਜੰਗਲ 'ਚ ਸ਼ਿਕਾਰ ਦਾ ਪਿੱਛਾ ਕਰ ਰਹੇ ਸਨ ਤਾਂ ਇਕ ਬਹੁਤ ਹੀ ਖੂੰਖਾਰ ਬਾਘ ਨੇ ਬਾਦਸ਼ਾਹ ਜਹਾਂਗੀਰ 'ਤੇ ਹਮਲਾ ਕਰ ਦਿੱਤਾ। ਇਹ ਸ਼ਾਹੀ ਸ਼ਿਕਾਰੀ ਗਰੁੱਪ ਬਹੁਤ ਘਬਰਾ ਗਿਆ ਤੇ ਇਹਨਾਂ ਦੇ ਸਭ ਹਾਥੀ ਤੇ ਘੋੜੇ ਵੀ ਬਹੁਤ ਭੈ-ਭੀਤ ਹੋ ਗਏ। ਗੁਰੂ ਹਰਗੋਬਿੰਦ ਜੀ ਨੇ ਇਕਦਮ ਆਪਣਾ ਘੋੜਾ ਉਸ ਹਮਲਾਵਰ ਬਾਘ ਵੱਲ ਦੁੜਾਇਆ ਤੇ ਆਪਣੇ ਮਿਆਨ 'ਚੋਂ ਇਕ ਦਮ ਤਲਵਾਰ ਕੱਢ ਕੇ ਆਪਣੇ ਇਕੋ ਹੱਥ ਨਾਲ ਬਾਘ ਦੇ ਮਾਰੀ ਤੇ ਉਸ ਖਤਰਨਾਕ ਬਾਘ ਨੂੰ ਢੇਰੀ ਕਰ ਦਿੱਤਾ। ਜਹਾਂਗੀਰ ਇਕ ਦਮ ਗੁਰੂ ਜੀ ਦਾ ਸ਼ੁਕਰੀਆ ਕਰਨ ਲਈ ਅੱਗੇ ਵਧਿਆ ਕਿ ਉਹਨਾਂ ਨੇ ਆਪਣੇ ਆਪ ਨੂੰ ਖ਼ਤਰੇ 'ਚ ਪਾ ਕੇ ਜਹਾਂਗੀਰ ਦੀ ਜਾਨ ਬਚਾਈ ਹੈ। ਜਹਾਂਗੀਰ ਗੁਰੂ ਜੀ ਦਾ ਬਹੁਤ ਅਹਿਸਾਨਮੰਦ ਹੋ ਗਿਆ ਤੇ ਉਸ ਨੇ ਗੁਰੂ ਜੀ ਨੂੰ ਕਿਹਾ ਕਿ, 'ਆਪਾਂ ਅੱਗੇ ਤੋਂ ਵੀ ਸ਼ਿਕਾਰ ਲਈ ਇਕੱਠੇ ਜਾਇਆ ਕਰਾਂਗੇ।' ਇਕ ਵਾਰ ਜਦੋਂ ਗੁਰੂ ਜੀ ਆਗਰੇ ਵੱਲ ਜਾ ਰਹੇ ਸਨ ਤਾਂ ਉਹਨਾਂ ਦਾ ਇਕ ਸ਼ਰਧਾਲੂ ਘਸੇਰਾ (ਘਾਹ ਕੱਟਣ ਵਾਲਾ) ਉਹਨਾਂ ਦੇ ਦਰਸ਼ਨਾਂ ਲਈ ਆਇਆ। ਘਸੇਰਾ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਕੁਰਲਾ ਰਿਹਾ ਸੀ ਤੇ ਬਾਦਸ਼ਾਹ ਜਹਾਂਗੀਰ ਦੇ ਸ਼ਾਹੀ ਕਾਫਲੇ ਦੀ ਅਗਵਾਈ ਸ਼ਾਹੀ ਰੱਖਿਅਕ ਕਰ ਰਹੇ ਸਨ। ਉਸ ਘਸੇਰੇ ਨੇ ਉਹਨਾਂ ਅੱਗੇ ਇਕ ਸਿੱਕਾ ਸੁੱਟਿਆ ਅਤੇ ਆਪਣੇ ਹੱਥ ਜੋੜ ਕੇ ਖੜ੍ਹ ਗਿਆ ਤੇ ਦੁਆ ਕਰਦਿਆਂ ਉਸ ਦੀਆਂ ਅੱਖਾਂ 'ਚੋਂ ਹੰਝੂ ਵੱਗ ਰਹੇ ਸਨ ਤੇ ਉਸ ਦਾ ਗਲਾ ਭਾਵੁਕਤਾ ਨਾਲ ਭਰਿਆ ਪਿਆ ਸੀ। ਬਾਦਸ਼ਾਹ, ਗੁਰੂ ਜੀ ਦੇ ਉਸ ਸ਼ਰਧਾਲੂ ਦੀਆਂ ਭਾਵਨਾਵਾਂ ਦੇਖ ਕੇ ਬਹੁਤ ਪ੍ਰਭਾਵਿਤ ਹੋਇਆ ਤੇ ਉਸ ਸ਼ਰਧਾਲੂ ਨੂੰ ਬਹੁਤ ਸਾਰੇ ਤੋਹਫ਼ੇ ਦੇਣ ਦੀ ਪੇਸ਼ਕਸ਼ ਕੀਤੀ। ਉਸ ਸ਼ਰਧਾਲੂ ਸਿੱਖ ਨੇ ਉੱਤਰ ਦਿੱਤਾ, "ਹੇ! ਮੇਰੇ ਸੱਚੇ ਪਾਤਸ਼ਾਹ ਜੇਕਰ ਤੁਸੀਂ ਮੇਰੇ ਤੇ ਪ੍ਰਸੰਨ ਹੋ ਤਾਂ ਮੇਰੇ 'ਤੇ ਉਸ ਸੱਚੇ ਪ੍ਰਮਾਤਮਾ ਦੇ ਨਾਮ ਦੀ ਮਿਹਰ ਕਰੋ ਤਾਂ ਜੋ ਮੈਂ ਮੁਕਤੀ ਪ੍ਰਾਪਤ ਕਰ ਸਕਾਂ।'' ਜਦੋਂ ਉਸ ਸ਼ਰਧਾਲੂ ਨੂੰ ਇਹ ਦੱਸਿਆ ਗਿਆ ਕਿ ਤੁਸੀਂ ਗਲਤ ਕੈਂਪ 'ਚ ਆ ਗਏ ਹੋ ਤੇ ਤੁਹਾਡਾ ਮੁਕਤੀਦਾਤਾ ਸਾਹਮਣੇ ਵਾਲੇ ਕੈਂਪ 'ਚ ਹੈ ਤਾਂ ਉਸ ਸ਼ਰਧਾਲੂ ਨੇ ਇਕਦਮ ਬੇਝਿਜਕ ਹੋ ਕੇ ਬਾਦਸ਼ਾਹ ਜਹਾਂਗੀਰ ਦਾ ਕੈਂਪ ਛੱਡ ਦਿੱਤਾ ਤੇ ਆਪਣਾ ਸੁੱਟਿਆ ਹੋਇਆ ਸਿੱਕਾ ਚੁੱਕ ਲਿਆ ਤੇ ਕਿਹਾ, ''ਇਸ ਲਈ ਮੇਰਾ ਇਹ ਸਿੱਕਾ ਬਾਦਸ਼ਾਹ ਲਈ ਨਹੀਂ ਹੈ ਸਗੋਂ ਉਸ "ਸੱਚੇ ਪਾਤਸ਼ਾਹ'' ਲਈ ਹੈ।

ਆਗਰੇ ਪੜਾਅ ਕਰਦਿਆਂ ਇਕ ਦਿਨ ਬਾਦਸ਼ਾਹ ਜਹਾਂਗੀਰ ਅਚਾਨਕ ਬਿਮਾਰ ਹੋ ਗਿਆ। ਉਹ ਸਾਜ਼ਿਸ਼ੀ ਚੰਦੂ ਸ਼ਾਹ ਵੀ ਬਾਦਸ਼ਾਹ ਦੇ ਨਾਲ ਹੀ ਸੀ, ਉਸ ਨੇ ਫਿਰ ਸਾਜ਼ਿਸ਼ ਰਚੀ ਤੇ ਬਾਦਸ਼ਾਹ ਨੂੰ ਕਿਹਾ ਕਿ ਅਗਰ ਕਿਸੇ ਪਵਿੱਤਰ ਮਹਾਂਪੁਰਸ਼ ਨੂੰ ਗਵਾਲੀਅਰ ਦੇ ਕਿਲ੍ਹੇ 'ਚ ਭੇਜਿਆ ਜਾਵੇ ਤਾਂ ਹੀ ਉਹਨਾਂ ਦਾ ਬੁਖਾਰ ਹਟ ਸਕਦਾ ਹੈ ਤੇ ਉਹ ਬਾਦਸ਼ਾਹ ਲਈ ਆਪਣੀ ਜ਼ਿੰਮੇਵਾਰੀ ਲੈ ਕ ਪ੍ਰਾਸਚਿਤ ਕਰੇ। ਇਸ ਕੰਮ ਲਈ ਗੁਰੂ ਜੀ ਨੂੰ ਗਵਾਲੀਅਰ ਕਿਲ੍ਹੇ 'ਚ ਜਾਣ ਲਈ ਬੇਨਤੀ ਕੀਤੀ ਗਈ। ਚੰਦੂ ਸ਼ਾਹ ਇਸ ਸਾਜ਼ਿਸ਼ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਤੇ ਗੁਰੂ ਜੀ ਉਥੇ ਜਾਣ ਲਈ ਮੰਨ ਗਏ ਤੇ ਉਹਨਾਂ ਨਾਲ ਗੁਰੂ ਜੀ ਦੇ ਪੰਜ ਸਿੱਖ ਵੀ ਰੱਖਿਅਕ ਵਜੋਂ ਭੇਜ ਦਿੱਤੇ। ਗੁਰੂ ਜੀ ਗਵਾਲੀਅਰ ਦੇ ਕਿਲ੍ਹੇ 'ਚ 1617 ਤੋਂ 1619 ਦੇ ਵਿਚਕਾਰ ਮਹੀਨਿਆਂ ਤੱਕ ਅਸਲੀ ਕੈਦੀ ਵਜੋਂ ਰਹੇ। ਉਸ ਸਮੇਂ ਉਸ ਕਿਲ੍ਹੇ 'ਚ ਭਾਰਤ ਦੇ ਵੱਖ-ਵੱਖ ਸੂਬਿਆਂ ਦੇ 52 ਰਾਜੇ ਵੀ ਕੈਦੀ ਬਣਾਏ ਹੋਏ ਸਨ, ਜਿਹਨਾਂ ਨਾਲ ਬੜਾ ਭੈੜਾ ਸਲੂਕ ਕੀਤਾ ਜਾਂਦਾ ਸੀ। ਗੁਰੂ ਜੀ ਰੋਜ਼ ਨਿਤਨੇਤ ਦਾ ਪਾਠ ਕਰਦੇ ਤੇ ਉਹਨਾਂ ਕੈਦੀਆਂ ਦਾ ਮਨੋਬਲ ਵਧਾਉਣ ਲਈ ਉਹਨਾਂ ਨੂੰ ਵੀ ਪਾਠ ਕਰਨ ਨੂੰ ਆਖਦੇ। ਇਸ ਦੇ ਨਾਲ ਹੀ ਗੁਰੂ ਜੀ ਨੇ ਜੇਲ੍ਹ 'ਚ ਦਿੱਤੀ ਜਾਂਦੀ ਭੈੜੀ ਖੁਰਾਕ 'ਚ ਵੀ ਸੁਧਾਰ ਕਰਵ-ਾਇਆ। ਚੰਦੂ ਸ਼ਾਹ ਨੇ ਗੁਰੂ ਜੀ ਨੂੰ ਮਾਰਨ ਲਈ ਖੁਰਾਕ 'ਚ ਜ਼ਹਿਰ ਮਿਲਾਉਣ ਦਾ ਯਤਨ ਵੀ ਕੀਤਾ ਪਰ ਉਹ ਇਸ 'ਚ ਕਾਮਯਾਬ ਨਾ ਹੋਇਆ। ਕਈ ਮਹੀਨੇ ਬੀਤ ਜਾਣ ਬਾਅਦ ਜਦੋਂ ਜਹਾਂਗੀਰ ਠੀਕ ਹੋਇਆ ਤਾਂ ਆਖਿਰ ਵਜ਼ੀਰ ਖਾਨ ਜਿਹੜਾ ਕਿ ਗੁਰੂ ਜੀ ਦਾ ਬਹੁਤ ਪ੍ਰਸੰਸਕ ਸੀ, ਨੇ ਬਾਦਸ਼ਾਹ ਨੂੰ ਮਨਾ ਲਿਆ ਕਿ ਗੁਰੂ ਜੀ ਨੂੰ ਜੇਲ੍ਹ 'ਚੋਂ ਰਿਹਾਅ ਕਰ ਦਿੱਤਾ ਜਾਵੇ ਤੇ ਉਹਨਾਂ ਨੂੰ ਦਿੱਲੀ ਬੁਲਾਇਆ ਜਾਵੇ। ਗੁਰੂ ਜੀ ਨੇ ਜੇਲ੍ਹ 'ਚੋਂ ਉਨਾ ਚਿਰ ਰਿਹਾਅ ਹੋਣ ਤੋਂ ਇਨਕਾਰ ਕਰ ਦਿੱਤਾ, ਜਿੰਨਾ ਚਿਰ ਉਹਨਾਂ ਦੇ ਨਾਲ ਦੂਸਰੇ 52 ਰਾਜਨੀਤਕ ਰਾਜੇ ਕੈਦੀਆਂ ਨੂੰ ਵੀ ਰਿਹਾਅ ਨਹੀਂ ਕੀਤਾ ਜਾਂਦਾ। ਜਹਾਂਗੀਰ ਗੁਰੂ ਜੀ ਦੀ ਇਹ ਸ਼ਰਤ ਮੰਨ ਗਿਆ ਤੇ ਵਜ਼ੀਰ ਖਾਨ ਨੇ ਗੁਰੂ ਜੀ ਨੂੰ ਇਹ ਗੱਲ ਕਹੀ ਕਿ ਬਾਦਸ਼ਾਹ ਜਹਾਂਗੀਰ ਆਪ ਜੀ ਦਾ ਸਾਰੀ ਉਮਰ ਲਈ ਬਹੁਤ ਰਿਣੀ ਬਣ ਗਿਆ ਹੈ।

ਜਦੋਂ ਗੁਰੂ ਜੀ ਦਿੱਲੀ ਬਾਦਸ਼ਾਹ ਜਹਾਂਗੀਰ ਕੋਲ ਆਏ ਤਾਂ ਉਹਨਾਂ ਨੇ ਬਾਦਸ਼ਾਹ ਨੂੰ ਕਿਹਾ ਕਿ ਚੰਦੂ ਸ਼ਾਹ ਨੇ ਉਹਨਾਂ ਨਾਲ ਸਾਜ਼ਿਸ਼ ਕਰਕੇ ਉਹਨਾਂ ਨੂੰ ਗਵਾਲੀਅਰ ਦੀ ਜੇਲ੍ਹ 'ਚ ਭੇਜਿਆ ਹੈ। ਜਹਾਂਗੀਰ ਨੇ ਚੰਦੂ ਸ਼ਾਹ ਨੂੰ ਗੁਰੂ ਜੀ ਦੇ ਹਵਾਲੇ ਕਰ ਦਿੱਤਾ ਤੇ ਕਿਹਾ, ''ਤੁਹਾਡੇ ਪਿਤਾ ਗੁਰੂ ਅਰਜਨ ਦੇਵ ਜੀ ਦੀ ਮੌਤ ਦਾ ਵੀ ਇਹੀ ਜ਼ਿੰਮੇਵਾਰ ਹੈ ਤੇ ਇਸ ਤੋਂ ਤੁਸੀਂ ਬਦਲਾ ਲੈ ਸਕਦੇ ਹੋ।'' ਗੁਰੂ ਹਰਗੋਬਿੰਦ ਜੀ ਨੇ ਚੰਦੂ ਸ਼ਾਹ ਨੂੰ ਸਿੱਖ ਸ਼ਰਧਾਲੂਆਂ ਦੇ ਹਵਾਲੇ ਕਰ ਦਿੱਤਾ। ਸ਼ਰਧਾਲੂ ਸਿੱਖ ਉਸ ਨੂੰ ਲਾਹੌਰ ਲੈ ਆਏ। ਆਖਿਰਕਾਰ ਉਹਨਾਂ ਕ੍ਰੋਧਵਾਨ ਸਿੱਖਾਂ ਨੇ ਚੰਦੂ ਸ਼ਾਹ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਕਿਉਂਕਿ ਉਹਨਾਂ 'ਚੋਂ ਬਹੁਤ ਸਾਰੇ ਸਿੱਖਾਂ ਨੇ ਲਾਹੌਰ ਵਿਖੇ ਗੁਰੂ ਅਰਜਨ ਦੇਵ ਜੀ 'ਤੇ ਆਪਣੀਆਂ ਅੱਖਾਂ ਨਾਲ ਤਸ਼ੱਦਦ ਹੁੰਦੇ ਦੇਖੇ ਸਨ। ਚੰਦੂ ਸ਼ਾਹ ਦੀ ਮੌਤ ਦੀ ਖ਼ਬਰ ਸੁਣ ਕੇ ਗੁਰੂ ਹਰਗੋਬਿੰਦ ਜੀ ਨੇ ਕਿਹਾ ਕਿ, 'ਹੇ ਪ੍ਰਮਾਤਮਾ ਇਸ ਚੰਦੂ ਸ਼ਾਹ ਪਾਪੀ ਨੂੰ ਮੁਆਫ਼ ਕਰ ਦੇਣਾ।' ਇਸ ਉਪਰੰਤ ਗੁਰੂ ਹਰਗੋਬਿੰਦ ਜੀ ਲਾਹੌਰ ਲਈ ਰਵਾਨਾ ਹੋ ਗਏ। ਉਹਨਾਂ ਦਿਨਾਂ 'ਚ ਕਾਬੁਲ ਤੋਂ ਇਕ ਸ਼ਰਧਾਲੂ ਸਿੱਖ ਜਿਸ ਦਾ ਨਾਮ ਸੁਜਾਨ ਸੀ, ਗੁਰੂ ਜੀ ਨੂੰ ਤੋਹਫ਼ੇ ਵਜੋਂ ਇਕ ਘੋੜਾ ਦੇਣ ਲਈ ਲਿਆ ਰਿਹਾ ਸੀ। ਉਹ ਘੋੜਾ ਇਕ ਮੁਸਲਮਾਨ ਕਾਜ਼ੀ ਨੇ ਰਸਤੇ 'ਚ ਉਸ ਤੋਂ ਖੋਹ ਲਿਆ ਤੇ ਉਸ ਘੋੜੇ ਨੂੰ ਮੋੜਨ ਦੇ ਬਦਲੇ 'ਚ ਮੁਆਵਜ਼ਾ ਮੰਗਣ ਲੱਗਾ। ਗੁਰੂ ਹਰਗੋਬਿੰਦ ਜੀ ਨੇ ਕਿਹਾ, "ਘੋੜਾ ਉਸ ਸ਼ਰਧਾਲੂ ਪਾਸ ਜ਼ਰੂਰ ਆਉਣਾ ਚਾਹੀਦਾ ਹੈ, ਜਿਸ ਨੇ ਇਹ ਸਾਨੂੰ ਦੇਣ ਦਾ ਇਰਾਦਾ ਕੀਤਾ ਹੋਇਆ ਹੈ। ਛੇਤੀ ਹੀ ਉਹ ਘੋੜਾ ਬਿਮਾਰ ਹੋ ਗਿਆ ਤੇ ਉਸ ਨੇ ਖਾਣਾ ਪੀਣਾ ਛੱਡ ਦਿੱਤਾ ਤੇ ਉਸ ਦੀ ਸਿਹਤ ਵਿਗੜਨ ਲੱਗ ਪਈ। ਉਸ ਕਾਜ਼ੀ ਨੇ ਇਹ ਘੋੜਾ ਗੁਰੂ ਜੀ ਨੂੰ ਘੱਟ ਤੋਂ ਘੱਟ ਰਕਮ ਵਿਚ ਵੇਚ ਦਿੱਤਾ ਕਿ ਘੋੜਾ ਛੇਤੀ ਹੀ ਮਰਨ ਵਾਲਾ ਹੈ। ਪ੍ਰੰਤੂ ਇਹ ਘੋੜਾ ਥੋੜ੍ਹਾ ਜਿਹਾ ਹੀ ਇਲਾਜ ਕਰਨ ਨਾਲ ਤੰਦਰੁਸਤ ਹੋ ਗਿਆ ਤੇ ਗੁਰੂ ਜੀ ਇਸ ਘੋੜੇ 'ਤੇ ਰੋਜ਼ ਸਵਾਰੀ ਕਰਨ ਲੱਗੇ। ਕਾਜ਼ੀ ਬਹੁਤ ਗੁੱਸੇ 'ਚ ਆ ਗਿਆ ਤੇ ਸਮਝਣ ਲੱਗਾ ਕਿ ਉਸ ਨਾਲ ਧੋਖਾ ਹੋਇਆ ਹੈ ਤੇ ਉਸ ਨੇ ਸਰਕਾਰ ਕੋਲ ਗੁਰੂ ਜੀ ਦੀ ਸ਼ਿਕਾਇਤ ਕਰ ਦਿੱਤੀ। ਸਰਕਾਰ ਨੇ ਗੁਰੂ ਜੀ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਇਸੇ ਦੌਰਾਨ ਉਸ ਅੱਤਿਆਚਾਰੀ ਕਾਜ਼ੀ ਦੀ ਲੜਕੀ ਘਰੋਂ ਦੌੜ ਗਈ ਤੇ ਉਹ ਅੰਮ੍ਰਿਤਸਰ ਸਾਹਿਬ ਵਿਖੇ ਗੁਰੂ ਜੀ ਦੀ ਸ਼ਰਨ 'ਚ ਰਫ਼ਿਊਜੀ ਬਣ ਕੇ ਆ ਗਈ। ਉਸ ਲੜਕੀ ਦਾ ਨਾਮ ਕੁਮਾਰੀ ਕੌਲਾਂ ਸੀ। ਉਹ ਸਾਰੀ ਉਮਰ ਇਥੇ ਗੁਰੂ ਘਰ ਦੀ ਸ਼ਰਧਾਲੂ ਬਣ ਕੇ ਰਹੀ ਤੇ ਗੁਰੂ ਹਰਗੋਬਿੰਦ ਜੀ ਨੇ ਉਸ ਔਰਤ ਦੀ ਯਾਦ 'ਚ 'ਕੌਲਸਰ' ਨਾਮ ਦੇ ਸਰੋਵਰ ਦੀ ਖੁਦਵਾਈ ਕਰਵਾਈ।

ਹੁਣ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪਣੇ ਮੀਰੀ-ਪੀਰੀ ਦੇ ਮਿਸ਼ਨ ਨੂੰ ਹੋਰ ਅੱਗੇ ਵਧਾਉਣ ਦੀ ਜ਼ਿੰਮੇਵਾਰੀ ਲਈ ਤੇ ਇਸ ਕੰਮ ਲਈ ਆਪਣੀਆਂ ਯਾਤਰਾਵਾਂ ਸ਼ੁਰੂ ਕਰ ਦਿੱਤੀਆਂ। ਉਹ 1626 'ਚ ਕੀਰਤਪੁਰ ਨਾਮ ਦੇ ਕਸਬੇ 'ਚ ਆ ਗਏ। ਇਥੇ ਉਹਨਾਂ ਨੂੰ ਉਸ ਕੈਦੀ ਰਾਜੇ ਨੇ ਜ਼ਮੀਨ ਤੋਹਫ਼ੇ ਵਜੋਂ ਦਿੱਤੀ ਜਿਸ ਨੂੰ ਗੁਰੂ ਜੀ ਨੇ ਗਵਾਲੀਅਰ ਦੇ ਕਿਲ੍ਹੇ 'ਚੋਂ ਆਪਣੀ ਰਿਹਾਈ ਦੇ ਨਾਲ ਹੀ ਛੁਡਵਾਇਆ ਸੀ। ਆਪਣੀ ਸ੍ਰੀਨਗਰ ਦੀ ਯਾਤਰਾ ਸਮੇਂ ਗੁਰੂ ਜੀ ਨੇ ਸਵਾਮੀ ਰਾਮਦਾਸ ਸਾਮਰਥ ਜਿਹੜੇ ਕਿ ਰੂਹਾਨੀਅਤ ਦੇ ਇਕ ਵੱਡੇ ਵਿਦਵਾਨ ਸਨ, ਨਾਲ ਗੋਸ਼ਟੀ ਕੀਤੀ। ਇਸੇ ਸਵਾਮੀ ਜੀ ਨੇ ਮਗਰੋਂ ਜਾ ਕੇ ਮਰਾਠਾ ਸਾਮਰਾਜ ਦੇ ਬਾਨੀ ਸ਼ਿਵਾ ਜੀ ਭੋਸਲੇ ਨੂੰ ਰੂਹਾਨੀਅਤ ਦਾ ਪਾਠ ਪੜ੍ਹਾਇਆ ਸੀ। ਸਵਾਮੀ ਰਾਮਦਾਸ ਜੀ ਨੇ ਗੁਰੂ ਜੀ ਨੂੰ ਪੁੱਛਿਆ ਕਿ, "ਤੁਸੀਂ ਰੂਹਾਨੀਅਤ ਦੇ ਮਹਾਨ ਸੰਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੰਘਾਸਨ 'ਤੇ ਬਿਰਾਜਮਾਨ ਹੋ। ਤੁਸੀਂ ਲੜਾਈ ਕਰਨ ਵਾਲੇ ਸ਼ਸਤਰ ਪਹਿਨੇ ਹੋਏ ਹਨ ਤੇ ਤੁਹਾਡੇ ਨਾਲ ਘੋੜਿਆਂ ਤੇ ਸਵਾਰ ਵੱਡੀ ਫੌਜ ਹੈ। ਤੁਸੀਂ ਆਪਣੇ ਆਪ ਨੂੰ 'ਸੱਚਾ ਪਾਤਸ਼ਾਹ' (ਸੱਚਾ-ਬਾਦਸ਼ਾਹ) ਵੀ ਅਖਵਾਉਂਦੇ ਹੋ। ਤੁਸੀਂ ਇਹ ਕਿਸ ਤਰ੍ਹਾਂ ਦੇ ਸੰਤ ਹੋ? ਗੁਰੂ ਹਰਗੋਬਿੰਦ ਜੀ ਨੇ ਉਤਰ ਦਿੱਤਾ ਕਿ, "ਮੇਰੀ ਇਹ ਬਾਦਸ਼ਾਹਤ ਬਾਹਰੀ ਦਿਖਾਵੇ ਦੀ ਹੀ ਹੈ, ਅਸਲ ਵਿਚ ਮੈਂ ਅੰਦਰੋਂ ਇਸ ਦਿਖਾਵੇ ਨੂੰ ਵੱਖ ਕੀਤਾ ਹੋਇਆ ਹੈ ਤੇ ਅਸਲ 'ਚ ਇਕ ਇਕਾਂਤਵਾਸੀ ਸੰਤ ਜਾਂ ਸੰਨਿਆਸੀ ਹੀ ਹਾਂ।'' ਗੁਰੂ ਨਾਨਕ ਦੇਵ ਜੀ ਨੇ ਵੀ ਇਸ ਸੰਸਾਰ ਨੂੰ ਨਹੀਂ ਤਿਆਗਿਆ ਸੀ। ਉਹਨਾਂ ਨੇ ਸਿਰਫ ਮਾਇਆ, ਛੱਲ ਫਰੇਬ, ਭਰਮ-ਵਹਿਮ, ਅੰਧ ਵਿਸ਼ਵਾਸ ਤੇ ਹਉਮੈ ਨੂੰ ਤਿਆਗਿਆ ਸੀ। ਸਵਾਮੀ ਜੀ ਨੇ ਉਤਰ ਦਿੱਤਾ ਹਾਂ ਮੈਂ ਉਹਨਾਂ ਦੇ ਇਹਨਾਂ ਵਿਚਾਰਾਂ ਨਾਲ ਸਹਿਮਤ ਹਾਂ ਤੇ ਇਸ ਲਈ ਹੀ ਉਹਨਾਂ ਨੇ ਇੰਝ ਕਰਕੇ ਹਿੰਦੂ ਮੱਤ ਦੀਆਂ ਸਿੱਖਿਆਵਾਂ ਦਾ ਤਿਆਗ ਕੀਤਾ ਸੀ।

ਆਪਣੀਆਂ ਯਾਤਰਾਵਾਂ ਦੇ ਦੌਰਾਨ ਗੁਰੂ ਜੀ ਜਦੋਂ ਗੁਰੂ ਨਾਨਕ ਦੇਵ ਜੀ ਦੇ ਤੀਰਥ ਸਥਾਨ ਤੇ ਗਏ ਤਾਂ ਉਥੇ ਉਹਨਾਂ ਨੇ ਬਾਬਾ ਸ੍ਰੀ ਚੰਦ ਜੀ ਜੋ ਕਿ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਸਨ, ਤੋਂ ਆਸ਼ੀਰਵਾਦ ਲਿਆ। ਛੇਤੀ ਹੀ ਉਸ ਤੋਂ ਬਾਅਦ 1613 'ਚ ਉਹਨਾਂ ਦੇ ਘਰ ਇਕ ਪੁੱਤਰ ਨੇ ਜਨਮ ਲਿਆ, ਜਿਸ ਦਾ ਨਾਮ ਭਾਈ ਗੁਰਦਿੱਤਾ ਸੀ। ਸੰਨ 1617 'ਚ ਉਹਨਾਂ ਦੇ ਦੂਸਰੇ ਪੁੱਤਰ ਭਾਈ ਸੂਰਜ ਮੱਲ ਜੀ ਦਾ ਜਨਮ ਹੋਇਆ। ਸੰਨ 1618 ਈਸਵੀ 'ਚ ਉਹਨਾਂ ਦੇ ਤੀਸਰੇ ਪੁੱਤਰ ਭਾਈ ਐਨੀ ਰਾਏ ਦਾ ਜਨਮ ਹੋਇਆ। ਸੰਨ 1620 'ਚ ਉਹਨਾਂ ਦੇ ਚੌਥੇ ਪੁੱਤਰ ਭਾਈ ਆਤੁੱਲ ਰਾਏ ਦਾ ਜਨਮ ਹੋਇਆ। ਗੁਰੂ ਹਰਗੋਬਿੰਦ ਜੀ ਦੇ ਜੀਵਨ ਕਾਲ 'ਚ ਸਿੱਖ ਧਰਮ ਦੇ ਕੁਝ ਬਹੁਤ ਹੀ ਪ੍ਰਭਾਵਸ਼ਾਲੀ ਤੇ ਮਹਾਨ ਸਿੱਖਾਂ ਦਾ ਦੇਹਾਂਤ ਹੋਇਆ। ਬਾਬਾ ਬੁੱਢਾ ਜੀ ਦਾ ਦੇਹਾਂਤ 1631 ਈਸਵੀ ਨੂੰ ਰਾਮਦਾਸ ਵਿਖੇ, ਭਾਈ ਗੁਰਦਾਸ ਜੀ ਦਾ ਦੇਹਾਂਤ 1636 ਨੂੰ ਗੋਇੰਦਵਾਲ ਸਾਹਿਬ ਵਿਖੇ ਅਤੇ ਬਾਬਾ ਸ੍ਰੀ ਚੰਦ ਜੀ ਦਾ ਦੇਹਾਂਤ 1629 'ਚ ਕੀਰਤਪੁਰ ਸਾਹਿਬ ਵਿਖੇ ਹੋਇਆ। ਅਕਤੂਬਰ 1627 ਈਸਵੀ ਨੂੰ ਬਾਦਸ਼ਾਹ ਜਹਾਂਗੀਰ ਦਾ ਦੇਹਾਂਤ ਹੋਇਆ ਤੇ ਉਸ ਤੋਂ ਬਾਅਦ ਸ਼ਾਹ ਜਹਾਨ ਦਿੱਲੀ ਦੇ ਤਖਤ 'ਤੇ ਬੈਠਾ।

ਇਕ ਦਿਨ ਬਾਦਸ਼ਾਹ ਜਹਾਂਗੀਰ ਅੰਮ੍ਰਿਤਸਰ ਦੇ ਜੰਗਲ 'ਚ ਸ਼ਿਕਾਰ ਖੇਡ ਰਿਹਾ ਸੀ। ਉਹਨਾਂ ਦਾ ਸ਼ਿਕਰਾ (ਬਾਜ) ਪੰਛੀ ਇਕ ਖਾਸ ਮਨਭਾਉਂਦਾ ਸ਼ਿਕਾਰ ਹੁੰਦਾ ਸੀ। ਉਹ ਪੰਛੀ ਉਡਾਰੀ ਮਾਰ ਕੇ ਗੁਰੂ ਹਰਗੋਬਿੰਦ ਜੀ ਦੇ ਕੈਂਪ 'ਚ ਆ ਗਿਆ ਕਿਉਂਕਿ ਉਹ ਵੀ ਜੰਗਲ 'ਚ ਸ਼ਿਕਾਰ ਖੇਡ ਰਹੇ ਸਨ। ਜਦੋਂ ਬਾਦਸ਼ਾਹ ਦੇ ਸਿਪਾਹੀ ਆਪਣੇ ਸ਼ਿਕਾਰ ਦਾ ਪਿੱਛਾ ਕਰਦੇ ਹੋਏ ਮਗਰ ਆਏ ਤਾਂ ਉਹਨਾਂ ਨੇ ਆਪਣੇ ਸ਼ਿਕਾਰ ਦੀ ਮੰਗ ਕੀਤੀ ਤਾਂ ਗੁਰੂ ਸਾਹਿਬ ਨੇ ਨਾਂਹ ਕਰ ਦਿੱਤੀ ਤਾਂ ਇਸ 'ਤੇ ਉਹਨਾਂ ਦੇ ਸਿਪਾਹੀਆਂ ਨਾਲ ਛੋਟੀ ਜਿਹੀ ਝੜੱਪ ਵੀ ਹੋ ਗਈ ਪਰ ਸ਼ਿਕਾਰ ਵਾਪਸ ਨਹੀਂ ਕੀਤਾ। ਬਾਦਸ਼ਾਹ ਬਹੁਤ ਕ੍ਰੋਧ 'ਚ ਆ ਗਿਆ ਤੇ

(ਬਾਕੀ ਅਗਲੇ ਸਫੇ ਤੇ)

# 'ਮੀਰੀ-ਪੀਰੀ ਦੇ ਸੱਚੇ-ਪਾਤਸ਼ਾਹ' ਤੇ 'ਸੰਤ-ਸਿਪਾਹੀ' ਸ੍ਰੀ ਗੁਰੂ ਹਰਗੋਬਿੰਦ ਜੀ

ਉਸ ਨੇ 7000 ਘੋੜ ਸਵਾਰਾਂ ਦਾ ਫੌਜੀ ਦਸਤਾ ਆਪਣੇ ਜਨਰਲ ਮੁਖਲਿਸ ਖਾਨ ਦੀ ਅਗਵਾਈ 'ਚ, ਦੋਹਾਂ ਨੂੰ, ਗੁਰੂ ਜੀ ਤੇ ਸ਼ਿਕਰਾ ਨੂੰ ਗ੍ਰਿਫ਼ਤਾਰ ਕਰਕੇ ਲਿਆਉਣ ਲਈ ਭੇਜਿਆ। ਕਿਉਂਕਿ ਗੁਰੂ ਜੀ ਨੇ ਉਹਨਾਂ ਦਾ ਸ਼ਿਕਾਰ ਵਾਪਸ ਨਾ ਕਰਨ ਦੀ ਗੁਸਤਾਖ਼ੀ ਕੀਤੀ ਹੈ। ਬੜਾ ਘਮਸਾਨ ਦਾ ਯੁੱਧ ਹੋਇਆ। ਮੁਖਲਿਸ ਖਾਨ ਗੁਰੂ ਜੀ ਦੇ ਇਕੋ ਤਲਵਾਰ ਦੇ ਵਾਰ ਨਾਲ ਮਾਰਿਆ ਗਿਆ ਤੇ ਗੁਰੂ ਜੀ ਦੀ ਜਿੱਤ ਹੋਈ। ਇਹ ਲੜਾਈ 1634 'ਚ ਹੋਈ। ਇਸ ਲੜਾਈ ਨੇ ਸਿੱਖਾਂ ਤੇ ਮੁਗਲ ਸਰਕਾਰ 'ਚ ਇਕ ਨਵਾਂ ਮੋੜ ਲੈ ਆਂਦਾ। ਸਿੱਖਾਂ ਨੇ ਮੁਗਲ ਸਰਕਾਰ ਦੇ ਜ਼ੁਲਮ ਖ਼ਿਲਾਫ਼ ਉਗਰ ਰੂਪ ਧਾਰਨ ਕਰ ਲਿਆ।

ਇਸ ਲੜਾਈ ਤੋਂ ਪਿੱਛੋਂ ਗੁਰੂ ਸਾਹਿਬ ਨੇ ਅੰਮ੍ਰਿਤਸਰ ਛੱਡ ਦਿੱਤਾ ਤੇ ਉਹ ਮੁੜ ਦੁਬਾਰਾ ਇੱਧਰ ਨਹੀਂ ਆਏ। ਗੁਰੂ ਜੀ ਕਰਤਾਰਪੁਰ ਆ ਗਏ ਤੇ ਇਥੇ ਆ ਕੇ ਬਿਆਸ ਨਦੀ ਦੇ ਕਿਨਾਰੇ 'ਤੇ ਵਸਾਏ ਨਵੇਂ ਸ਼ਹਿਰ ਹਰਗੋਬਿੰਦਪੁਰ ਦੀ ਉਸਾਰੀ 'ਚ ਜੁਟ ਗਏ। ਉਸ ਪਿੰਡ ਦ ਘੀਰਾਰ ਕਬੀਲੇ ਦੇ ਲੋਕ ਬੜੇ ਉਤਸ਼ਾਹਿਤ ਸਨ ਕਿ ਗੁਰੂ ਜੀ ਇਸ ਨਗਰ 'ਚ ਆ ਕ ਵੱਸ ਜਾਣ। ਪਰ ਉਸ ਕਬੀਲੇ ਦਾ ਸਰਦਾਰ ਭਗਵਾਨ ਦਾਸ ਨਹੀਂ ਚਾਹੁੰਦਾ ਸੀ ਕਿ ਗੁਰੂ ਜੀ ਇਸ ਨਗਰ ਨੂੰ ਆਪਣਾ ਪੱਕਾ ਟਿਕਾਣਾ ਬਣਾਉਣ ਕਿਉਂਕਿ ਭਗਵਾਨ ਦਾਸ ਦੀ ਮੁਗਲ ਅਧਿਕਾਰੀਆਂ ਨਾਲ ਚੰਗੀ ਦੋਸਤੀ ਸੀ। ਉਹ ਗੁਰੂ ਸਾਹਿਬ ਦੀ ਸ਼ਾਨ ਦੇ ਖ਼ਿਲਾਫ਼ ਅਪਸ਼ਬਦ ਬੋਲਦਾ ਸੀ ਤੇ ਇਸ 'ਤੇ ਸਿੱਖਾਂ ਨੂੰ ਗੁੱਸਾ ਆ ਗਿਆ। ਇਸ ਝੜੱਪ 'ਚ ਭਗਵਾਨ ਦਾਸ ਮਾਰਿਆ ਗਿਆ। ਉਸ ਦਾ ਪੁੱਤਰ ਰਤਨ ਚੰਦ, ਅਬਦੁਲਾ ਖਾਨ ਪਾਸ ਗਿਆ, ਜਿਹੜਾ ਕਿ ਜਲੰਧਰ ਦਾ ਸੂਬੇਦਾਰ ਸੀ ਤੇ ਉਸ ਸੂਬੇਦਾਰ ਨੂੰ ਗੁਰੂ ਸਾਹਿਬ 'ਤ ਹਰਗੋਬਿੰਦਪੁਰ ਵਿਖੇ ਹਮਲਾ ਕਰਨ ਲਈ ਮਨਾ ਲਿਆ। ਸੂਬੇਦਾਰ ਨੇ ਦਸ ਹਜ਼ਾਰ ਫੌਜੀਆਂ ਦੀ ਟੁਕੜੀ ਗੁਰੂ ਜੀ 'ਤੇ ਹਮਲਾ ਕਰਨ ਲਈ ਭੇਜ ਦਿੱਤੀ। ਗੁਰੂ ਸਾਹਿਬ ਨੇ ਮਹਿਸੂਸ ਕੀਤਾ ਕਿ ਸਾਨੂੰ ਲੜਨ ਲਈ ਮਜਬੂਰ ਕੀਤਾ ਜਾ ਰਿਹਾ ਹੈ, ਜਦਕਿ ਇਹ ਇਕ ਧਾਰਮਿਕ ਮਸਲਾ ਹੈ, ਜਿਸ ਨੂੰ ਮਿਲ ਬੈਠ ਕੇ ਇਕੱਲਿਆਂ ਵੀ ਸੁਲਝਾਇਆ ਜਾ ਸਕਦਾ ਹੈ। ਗੁਰੂ ਜੀ ਨੇ ਕਿਹਾ ਕਿ, "ਅਸੀਂ ਦਿਆਨਦਾਰੀ ਦੇ ਮੰਤਵ ਨਾਲ ਲੜ ਰਹੇ ਹਾਂ। ਅਸੀਂ ਚਾਹੁੰਦੇ ਹਾਂ ਕਿ ਅਸੀਂ ਆਰਾਮ ਨਾਲ, ਸ਼ਾਨ ਨਾਲ ਤੇ ਸ਼ਾਂਤੀ ਨਾਲ ਰਹੀਏ- ਨਾ ਕਿ ਆਪਣੀ ਸ਼ਾਨ ਬਣਾਉਣ ਦੀ ਖਾਤਰ ਜਾਂ ਦੂਸਰਿਆਂ 'ਤੇ ਹਕੂਮਤ ਕਰਨ ਦੀ ਖਾਤਰ ਲੜੀਏ।''

ਬਹੁਤ ਹੀ ਘਮਸਾਨ ਦਾ ਯੁੱਧ ਹੋਇਆ, ਭਾਵੇਂ ਮੁਗਲਾਂ ਦੀ ਫੌਜ ਦੇ ਮੁਕਾਬਲੇ 'ਚ ਗੁਰੂ ਜੀ ਦੀ ਫੌਜ ਦੀ ਗਿਣਤੀ ਅੱਧੀ ਸੀ। ਕਰਮ ਚੰਦ ਜਿਹੜਾ ਕਿ ਚੰਦੂ ਸ਼ਾਹ ਦਾ ਪੁੱਤਰ ਵੀ ਸੀ, ਰਤਨ ਚੰਦ ਪੁੱਤਰ ਭਗਵਾਨ ਦਾਸ ਦੀ ਸੈਨਾ ਨਾਲ ਮਿਲ ਗਿਆ ਕਿਉਂਕਿ ਉਹ ਵੀ ਆਪਣੇ ਬਾਪ ਦੀ ਮੌਤ ਦਾ ਬਦਲਾ ਲੈਣਾ ਚਾਹੁੰਦਾ ਸੀ। ਇਸ ਘਮਸਾਨ ਦੀ ਲੜਾਈ 'ਚ ਸੂਬੇਦਾਰ ਅਬਦੁਲਾ ਖਾਨ ਤੇ ਉਸ ਦਾ ਪੁੱਤਰ ਦੋਵੇਂ ਮਾਰੇ ਗਏ। ਰਤਨ ਚੰਦ ਵੀ ਮਾਰਿਆ ਗਿਆ ਤੇ ਕਰਮ ਚੰਦ ਨੂੰ ਸਿੱਖ ਭਾਈ ਬਿਧੀ ਚੰਦ ਨੇ ਬੰਦੀ ਬਣਾ ਲਿਆ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਦੇਸ਼ ਦਿੱਤਾ ਕਿ ਕਰਮ ਚੰਦ ਨੂੰ ਛੱਡ ਦਿੱਤਾ ਜਾਵੇ ਪ੍ਰੰਤੂ ਉਹ ਰਿਹਾਅ ਹੋਣ ਤੋਂ ਬਾਅਦ ਛੇਤੀ ਹੀ ਫਿਰ ਲੜਾਈ ਦੇ ਮੈਦਾਨ 'ਚ ਆ ਟਪਕਿਆ। ਹੁਣ ਗੁਰੂ ਹਰਗੋਬਿੰਦ ਜੀ ਦਾ ਸਿੱਧਾ ਇਕੱਲਿਆਂ ਸਾਹਮਣਾ ਰਤਨ ਚੰਦ ਨਾਲ ਹੋ ਗਿਆ। ਆਹਮੋ-ਸਾਹਮਣੇ ਸਿੱਧੀ ਲੜਾਈ, ਬਿਨਾਂ ਹਥਿਆਰਾਂ ਤੋਂ ਹੋਈ ਤੇ ਗੁਰੂ ਜੀ ਨੇ ਬਿਨਾਂ ਕਿਸੇ ਹਥਿਆਰ ਦੇ ਖਾਲੀ ਹੱਥਾਂ ਨਾਲ ਰਤਨ ਚੰਦ ਨੂੰ ਮਾਰ ਦਿੱਤਾ। ਮੁਗਲ ਫੌਜ ਦੀ ਬੁਰੀ ਤਰ੍ਹਾਂ ਹਾਰ ਹੋਈ ਤੇ ਮਜਬੂਰਨ ਉਹਨਾਂ ਨੂੰ ਪਿੱਛੇ ਹਟਣਾ ਪਿਆ। ਲੜਾਈ ਖਤਮ ਹੋਣ ਤੋਂ ਬਾਅਦ ਗੁਰੂ ਸਾਹਿਬ ਨੇ ਹਰਗੋਬਿੰਦਪੁਰ 'ਚ ਗੁਰਦੁਆਰੇ ਦੀ ਉਸਾਰੀ ਪੂਰੀ ਕਰਵਾਈ ਤੇ ਇਸ ਦੇ ਨਾਲ ਹੀ ਗੁਰੂ ਜੀ ਨੇ ਮੁਸਲਮਨਾਂ ਲਈ ਵੀ ਇਸੇ ਹੀ ਨਗਰ 'ਚ ਇਕ ਮਸਜਿਦ ਦੀ ਉਸਾਰੀ ਵੀ ਕਰਵਾਈ।

ਮੁਗਲ ਹਕੂਮਤ ਨਾਲ ਖਹਿਬਾਜ਼ੀ ਚਲਦੀ ਰਹੀ। ਅਫ਼ਗਾਨਿਸਤਾਨ ਤੋਂ ਇਕ ਸਿੱਖ ਸ਼ਰਧਾਲੂਆਂ ਦਾ ਜਥਾ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਤੇ ਤੋਹਫ਼ੇ ਵਜੋਂ ਦੋ ਸ਼ਾਨਦਾਰ ਘੋੜੇ ਦੇਣ ਲਈ ਲਿਆ ਰਹੇ ਸਨ। ਰਸਤੇ 'ਚ ਲਾਹੌਰ ਵਿਖੇ ਮੁਗਲ ਹਕੂਮਤ ਦੇ ਅਧਿਕਾਰੀਆਂ ਨੇ ਉਹ ਦੋਵੇਂ ਘੋੜੇ ਸ਼ਰਧਾਲੂਆਂ ਪਾਸੋਂ ਖੋਹ ਲਏ ਤੇ ਬਾਦਸ਼ਾਹ ਸ਼ਾਹ ਜਹਾਨ ਜਿਹੜਾ ਕਿ ਉਹਨਾਂ ਦਿਨਾਂ 'ਚ ਲਾਹੌਰ ਦੌਰੇ 'ਤੇ ਆਇਆ ਹੋਇਆ ਸੀ, ਨੂੰ ਦੇ ਦਿੱਤੇ। ਜਦੋਂ ਸਿੱਖਾਂ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਭਾਈ ਬਿਧੀ ਚੰਦ ਜੀ ਨੇ ਆਪਣਾ ਮਨ ਬਣਾ ਲਿਆ ਕਿ ਉਹ ਇਹ ਘੋੜੇ ਜ਼ਰੂਰ ਗੁਰੂ ਸਾਹਿਬ ਲਈ ਲੈ ਕੇ ਆਵੇਗਾ। ਉਸ ਨੇ ਸਭ ਤੋਂ ਪਹਿਲਾਂ ਮੁਗਲ ਹਕੂਮਤ ਦੇ ਅਧਿਕਾਰੀਆਂ ਨਾਲ ਇਕ ਘਸੇਰੇ ਦੇ ਰੂਪ 'ਚ ਚੰਗੀ ਸਾਂਝ ਪੈਦਾ ਕਰ ਲਈ ਤੇ ਉਹ ਘੋੜਿਆਂ ਲਈ ਹਰ ਰੋਜ਼ ਵਧੀਆ-ਵਧੀਆ ਘਾਹ ਲਿਆਉਂਦਾ ਰਿਹਾ ਤੇ ਦੂਸਰੀ ਵਾਰ ਉਸ ਨੇ ਇਕ ਜਾਦੂਗਰ ਤੇ ਜੋਤਸ਼ੀ ਦੇ ਰੂਪ 'ਚ ਅਧਿਕਾਰੀਆਂ ਨਾਲ ਨੇੜਤਾ ਪੈਦਾ ਕਰ ਲਈ। ਇਸ ਤਰ੍ਹਾਂ ਉਹ ਦੋਵੇਂ ਘੋੜਿਆਂ ਨੂੰ ਗੁਰੂ ਜੀ ਵਾਸਤੇ ਲਿਆਉਣ 'ਚ ਸਫਲ ਹੋ ਗਿਆ। ਗੁਰੂ ਜੀ ਨੂੰ ਪਤਾ ਸੀ ਕਿ ਇਸ ਦਾ ਬਦਲਾ ਲੈਣ ਲਈ ਮੁਗਲ ਫੌਜ ਜ਼ਰੂਰ ਉਹਨਾਂ 'ਤੇ ਹਮਲਾ ਕਰੇਗੀ। ਇਸ ਲਈ ਗੁਰੂ ਜੀ ਨੇ ਆਪਣਾ ਠਿਕਾਣਾ ਹਰਗੋਬਿੰਦਪੁਰ ਨੂੰ ਛੱਡ ਕੇ ਨਾਭੇ ਜ਼ਿਲ੍ਹੇ ਦੇ ਘਣੇ ਜੰਗਲਾਂ 'ਚ ਕਰ ਲਿਆ। ਮੁਗਲ ਬਾਦਸ਼ਾਹ ਨੇ ਲਾਲ ਬੇਗ ਦੀ ਅਗਵਾਈ 'ਚ ਕੋਈ 18 ਘੰਟੇ ਦਾ ਖ਼ੂਨੀ ਯੁੱਧ ਹੋਇਆ। ਜਿਸ 'ਚ ਸਿੱਖ ਫੌਜ ਦਾ 1200 ਜਵਾਨ ਫੱਟੜ ਹੋਇਆ ਤੇ ਵੱਡੀ ਗਿਣਤੀ 'ਚ ਸਿੱਖ ਮਾਰੇ ਵੀ ਗਏ। ਇਸ ਦੇ ਨਾਲ ਹੀ ਮੁਗਲ ਫੌਜ ਦਾ ਵੀ ਜਾਨੀ ਤੇ ਮਾਲੀ ਨੁਕਸਾਨ ਵੱਡੀ ਪੱਧਰ 'ਤੇ ਹੋਇਆ ਤੇ ਮੁਗਲ ਫੌਜਾਂ ਨੂੰ ਪਿੱਛੇ ਹਟਣਾ ਪਿਆ ਤੇ ਜਿੱਤ ਗੁਰੂ ਸਾਹਿਬ ਦੀ ਹੋਈ। ਇਹ ਯੁੱਧ 1631 ਈਸਵੀ 'ਚ ਹੋਇਆ।

ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁੱਤਰ ਬਾਬਾ ਸ੍ਰੀ ਚੰਦ ਜੀ ਨੇ ਗੁਰੂ ਹਰਗੋਬਿੰਦ ਜੀ ਨੂੰ ਕਿਹਾ ਕਿ ਅਗਰ ਉਹ ਆਪਣੇ ਇਕ ਪੁੱਤਰ ਨੂੰ ਮੇਰਾ ਮਤਬੰਨਾ ਬਣਾ ਦੇਣ ਤਾਂ ਬਹੁਤ ਚੰਗਾ ਹੋਵੇਗਾ ਕਿਉਂਕਿ ਮੇਰਾ ਕੋਈ ਬੱਚਾ ਨਹੀਂ ਹੈ। ਸਤਿਕਾਰ ਵਜੋਂ ਗੁਰੂ ਜੀ ਨੇ ਆਪਣੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਲਈ ਹਾਂ ਕਰ ਦਿੱਤੀ। ਬਾਬਾ ਸ੍ਰੀ ਚੰਦ ਜੀ ਨੇ ਬਾਬਾ ਗੁਰਦਿੱਤਾ ਜੀ ਨੂੰ ਆਪਣਾ ਮਤਬੰਨਾ ਪੁੱਤਰ ਬਣਾ ਲਿਆ ਤੇ ਉਸ ਨੂੰ ਆਪਣੀ ਗੁਰਗੱਦੀ ਦਾ ਵਾਰਿਸ ਐਲਾਨ ਕਰ ਦਿੱਤਾ। ਬਾਬਾ ਗੁਰਦਿੱਤਾ ਜੀ ਦੀ ਸ਼ਾਦੀ ਬੀਬੀ ਨਾਤੀ ਜੀ ਨਾਲ ਹੋਈ-ਹੋਈ ਸੀ ਤੇ ਉਹਨਾਂ ਦੇ ਘਰ ਇਕ ਪੁੱਤਰ ਨੇ ਜਨਮ ਲਿਆ, ਜਿਸ ਦਾ ਨਾਮ ਧੀਰ ਮੱਲ ਰੱਖਿਆ ਗਿਆ, ਜਿਸ ਨੇ ਵੱਡੇ ਹੋ ਕੇ ਗੁਰੂ ਹਰਗੋਬਿੰਦ ਜੀ ਤੇ ਉਹਨਾਂ ਦੇ ਬਾਕੀ ਪਰਿਵਾਰ ਨੂੰ ਕਈ ਮੁਸ਼ਕਿਲਾਂ 'ਚ ਪਾ ਦਿੱਤਾ। ਸੰਨ 1630 ਈਸਵੀ ਨੂੰ ਬਾਬਾ ਗੁਰਦਿੱਤਾ ਜੀ ਦੇ ਘਰ ਦੂਸਰੇ ਪੁੱਤਰ ਨੇ ਜਨਮ ਲਿਆ, ਜਿਸ ਦਾ ਨਾਮ ਹਰਰਾਏ ਰੱਖਿਆ ਗਿਆ। ਇਹ ਬਾਲਕ ਗੁਰੂ ਜੀ ਦੇ ਪਰਿਵਾਰ ਲਈ ਬੜਾ ਹੋਣਹਾਰ ਸਾਬਤ ਹੋਇਆ। ਗੁਰੂ ਹਰਗੋਬਿੰਦ ਜੀ ਦੇ ਸਪੁੱਤਰ ਬਾਬਾ ਅਟੱਲ ਰਾਏ ਜੀ ਨੇ ਅਲੌਕਿਕ ਚਮਤਕਾਰਾਂ ਦਾ ਢੌਂਗ ਦਿਖਾਉਣਾ ਸ਼ੁਰੂ ਕਰ ਦਿੱਤਾ। ਜਦੋਂ ਅਜਿਹੀਆਂ ਢੌਂਗੀ ਗੱਲਾਂ ਦਾ ਗੁਰੂ ਹਰਗੋਬਿੰਦ ਜੀ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਆਪਣੇ ਪੁੱਤਰ ਨੂੰ ਝਿੜਕਦਿਆਂ ਹੋਇਆਂ ਕਿਹਾ ਕਿ, ''ਮੇਰਾ ਪੁੱਤਰ ਅਵਾਰਾ ਤੇ ਆਯਾਸ਼ ਹੋ ਗਿਆ ਹੈ ਤੇ ਬਿਨਾਂ ਕਿਸੇ ਨਾਲ ਭੇਦਭਾਵ ਕੀਤਿਆਂ ਅਜਿਹਾ ਕਰ ਰਿਹਾ ਹੈ। ਇਹ ਵੀ ਕਿਹਾ ਕਿ ਇਹ ਸਾਡਾ ਪੇਸ਼ਾ ਨਹੀਂ ਹੈ ਕਿ ਅਸੀਂ ਪ੍ਰਮਾਤਮਾ ਦੇ ਕੰਮਾਂ 'ਚ ਦਖਲ ਦੇਈਏ। ਜੋ ਵੀ ਚੰਗਾ ਜਾਂ ਮਾੜਾ ਹੋ ਰਿਹਾ ਹੈ, ਉਹ ਪ੍ਰਮਾਤਮਾ ਦੀ ਖੁਸ਼ੀ 'ਚ ਹੋ ਰਿਹਾ ਹੈ। ਗੁਰੂ ਸਾਹਿਬ ਨੇ ਆਪਣੇ ਪੁੱਤਰ 'ਤੇ ਕਾਫ਼ੀ ਸਖ਼ਤੀ ਕੀਤੀ ਤੇ ਉਸ ਤੋਂ ਬਾਅਦ ਅਟੱਲ ਰਾਏ ਜੀ ਦੀ ਜਲਦੀ ਹੀ 9 ਸਾਲ ਦੀ ਛੋਟੀ ਉਮਰ 'ਚ ਮੌਤ ਹੋ ਗਈ। ਆਪਣੇ ਪੁੱਤਰ ਦੀ ਮੌਤ 'ਤੇ ਗੁਰੂ ਜੀ ਨੇ ਕਾਫ਼ੀ ਦੁੱਖ ਮਹਿਸੂਸ ਕੀਤਾ ਤੇ ਆਪਣੇ ਪੁੱਤਰ ਦੀ ਯਾਦ 'ਚ ਨੌਂ ਮੰਜ਼ਿਲਾ ਬੁੰਗਾ ਬਣਵਾਇਆ ਤੇ ਉਸ ਦਾ ਨਾਮ 'ਬੁੰਗਾ ਬਾਬਾ ਅਟੱਲ' ਰੱਖਿਆ। ਇਹ ਅੱਜ ਵੀ ਅੰਮ੍ਰਿਤਸਰ ਸਾਹਿਬ ਵਿਖੇ ਮੌਜੂਦ ਹੈ।

ਛੇਤੀ ਹੀ ਗੁਰੂ ਸਾਹਿਬ ਦੀਆਂ ਫੌਜਾਂ 'ਚ ਆਪਸੀ ਵਿਰੋਧ ਪੈਦਾ ਹੋ ਗਿਆ। ਗੁਰੂ ਸਾਹਿਬ ਦੇ ਬਹੁਤ ਹੀ ਚਹੇਤੇ ਯੋਧੇ ਪੈਂਦੇ ਖਾਨ ਨੂੰ ਗੁਰੂ ਸਾਹਿਬ ਨੇ ਲੜਾਈਆਂ 'ਚ ਬਹਾਦਰੀ ਦਿਖਾਉਣ ਬਦਲੇ ਕਈ ਤੋਹਫ਼ੇ ਦੇ ਕੇ ਨਿਵਾਜਿਆ। ਇਹਨਾਂ ਤੋਹਫ਼ਿਆਂ 'ਚੋਂ ਕੁਝ ਤੋਹਫ਼ੇ ਉਸ ਨੇ ਆਪਣੇ ਜਵਾਈ ਅਸਮਾਨ ਖਾਨ ਨੂੰ ਦੇ ਦਿੱਤੇ। ਉਸ ਕੋਲ ਪਹਿਲਾਂ ਵੀ ਗੁਰੂ ਸਾਹਿਬ ਜੀ ਦਾ ਬਹੁਤ ਹੀ ਚਹੇਤਾ ਬਾਜ ਸੀ, ਜਿਹੜਾ ਕਿ ਉਸ ਨੇ ਗੁਰੂ ਸਾਹਿਬ ਨੂੰ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜਦੋਂ ਗੁਰੂ ਸਾਹਿਬ ਨੇ ਪੈਂਦੇ ਖਾਨ ਦੀ ਜਵਾਬ-ਤਲਬੀ ਕੀਤੀ ਤਾਂ ਉਸ ਨੇ ਗੁਰੂ ਸਾਹਿਬ ਨੂੰ ਅਪਸ਼ਬਦ ਬੋਲ ਕੇ ਬੇਇੱਜ਼ਤ ਕੀਤਾ। ਪੈਂਦੇ ਖਾਨ ਦਾ ਇਸ ਤਰ੍ਹਾਂ ਦਾ ਬੁਰਾ ਵਿਵਹਾਰ ਦੇਖ ਕੇ ਗੁਰੂ ਜੀ ਨੇ ਉਸ ਦੀਆਂ ਆਪਣੀ ਫੌਜ 'ਚੋਂ ਸੇਵਾਵਾਂ ਖਤਮ ਕਰਨ ਦਾ ਫੈਸਲਾ ਲੈ ਲਿਆ। ਗੁੱਸੇ 'ਚ ਆਏ ਪੈਂਦੇ ਖਾਨ ਨੇ ਆਪਣੇ 500 ਵਫ਼ਾਦਾਰ ਫੌਜੀ ਗੁਰੂ ਜੀ ਦੀ ਸੈਨਾ 'ਚੋਂ ਕੱਢ ਲਏ ਤੇ ਲਾਹੌਰ ਵਿਖੇ ਮੁਗਲ ਬਾਦਸ਼ਾਹ ਨੂੰ ਪਹੁੰਚ ਕਰਕੇ, ਗੁਰੂ ਜੀ ਦੇ ਖ਼ਿਲਾਫ਼ ਕਾਰਵਾਈ ਕਰਨ ਲਈ ਮੁਗਲ ਬਾਦਸ਼ਾਹ ਦੀ ਸ਼ਾਹੀ ਸੈਨਾ 'ਚ ਜਾ ਮਿਲਿਆ। ਬਾਦਸ਼ਾਹ ਬਹੁਤ ਖੁਸ਼ ਹੋਇਆ ਕਿ ਗੁਰੂ ਸਾਹਿਬ ਦਾ ਇਕ ਖਾਸ ਨਜ਼ਦੀਕੀ ਤੇ ਵਫ਼ਾਦਾਰ ਸੈਨਾਪਤੀ ਬਾਗੀ ਹੋ ਕ ਬਾਦਸ਼ਾਹ ਦੀ ਮਦਦ ਕਰਨ ਲਈ ਉਸ ਨਾਲ ਆ ਮਿਲਿਆ ਹੈ। ਪੈਂਦੇ ਖਾਨ ਨੇ ਮੁਗਲ ਬਾਦਸ਼ਾਹ ਨੂੰ ਦੱਸਿਆ ਕਿ ਗੁਰੂ ਸਾਹਿਬ ਦੀ ਸੈਨਾ 'ਚ ਭਰਤੀ ਉਹੀ ਲੋਕ ਹਨ ਜੋ ਗਰੀਬ, ਕਿਸਾਨ, ਖੇਤੀਬਾੜੀ ਦਾ ਧੰਦਾ ਕਰਦੇ ਹਨ। ਸੰਨ 1634 ਈਸਵੀ 'ਚ ਕਾਲੇ ਖਾਨ ਦੀ ਅਗਵਾਈ 'ਚ ਤੇ ਪੈਂਦੇ ਖਾਨ ਦੀ ਮਦਦ ਨਾਲ ਪੰਜਾਹ ਹਜ਼ਾਰ ਮੁਗਲ ਫੌਜੀਆਂ ਨੇ ਮਿਲ ਕੇ ਕਰਤਾਰਪੁਰ ਵਿਖੇ ਗੁਰੂ ਸਾਹਿਬ ਦੀ ਸਿੱਖ ਫੌਜ 'ਤੇ ਹਮਲਾ ਕਰ ਦਿੱਤਾ। ਜਦੋਂ ਗੁਰੂ ਸਾਹਿਬ ਦੀਆਂ ਫੌਜਾਂ ਨੂੰ ਇਸ ਹਮਲੇ ਦਾ ਪਤਾ ਲੱਗਾ, ਧੀਰ ਮੱਲ ਜਿਹੜਾ ਕਿ ਗੁਰੂ ਸਾਹਿਬ ਦਾ ਪੋਤਰਾ ਸੀ, ਉਸ ਨੇ ਪੈਂਦੇ ਖਾਨ ਨੂੰ ਉਸਦੀ ਪੂਰੀ ਮਦਦ ਕਰਨ ਲਈ ਇਕ ਗੁਪਤ ਚਿੱਠੀ ਲਿਖੀ। ਮੁਗਲ ਫੌਜ ਨਾਲ ਲੜਾਈ, ਗੁਰੂ ਸਾਹਿਬ ਤੇ ਉਹਨਾਂ ਦੇ ਦੋ ਪੁੱਤਰਾਂ ਭਾਈ ਗੁਰਦਿੱਤਾ ਤੇ ਤੇਗ ਬਹਾਦਰ ਜੀ ਨੇ ਕੀਤੀ। ਲੜਾਈ ਦੇ ਮੈਦਾਨ 'ਚ ਕਾਲੇ ਖਾਨ ਸਮੇਤ ਕਈ ਮਹਾਨ ਯੋਧੇ ਮਾਰੇ ਗਏ। ਮੁਗਲ ਬਾਦਸ਼ਾਹ ਦੀ ਫੌਜ 'ਚ ਪੈਂਦੇ ਖਾਨ ਸਮੇਤ ਦਸਵਾਂ ਹਿੱਸਾ ਤਾਂ ਗੱਦਾਰ ਫੌਜ ਦਾ ਹੀ ਸੀ, ਜਿਹੜੇ ਕਿ ਗੁਰੂ ਸਾਹਿਬ ਨਾਲ ਗੱਦਾਰੀ ਕਰਕੇ ਮੁਗਲ ਫੌਜ 'ਚ ਸ਼ਾਮਲ ਹੋਏ ਸਨ। ਪੈਂਦੇ ਖਾਨ ਨਾਲ ਗੁਰੂ ਸਾਹਿਬ ਦਾ ਬਚਪਨ ਤੋਂ ਹੀ ਪਿਆਰ ਬਹੁਤ ਸੀ ਤੇ ਉਹਨਾਂ ਦੀ ਇੰਨੀ ਸਾਂਝ ਸੀ ਕਿ ਗੁਰੂ ਸਾਹਿਬ ਉਸ ਨੂੰ ਆਪਣੇ ਪੁੱਤਰਾਂ ਵਾਂਗ ਹੀ ਪਿਆਰ ਕਰਦੇ ਸਨ। ਇਸ ਲਈ ਗੁਰੂ ਸਾਹਿਬ ਨੇ ਲੜਾਈ ਦੇ ਮੈਦਾਨ 'ਚ ਪਹਿਲਾਂ ਪੈਂਦੇ ਖਾਨ 'ਤੇ ਵਾਰ ਨਹੀਂ ਕੀਤਾ। ਸਗੋਂ ਪੈਂਦੇ ਖਾਨ ਨ ਗੁਰੂ ਜੀ ਤੇ ਦੋ ਵਾਰੀ ਵਾਰ ਕੀਤਾ ਪਰ ਗੁਰੂ ਜੀ ਨੇ ਉਸ ਦੇ ਦੋਵੇਂ ਵਾਰ ਰੋਕ ਲਏ। ਪੈਂਦੇ ਖਾਨ ਵਾਰ ਕਰਨ ਸਮੇਂ ਗੁਰੂ ਜੀ ਨੂੰ ਅਪਸ਼ਬਦ ਬੋਲਦਾ ਤੇ ਬੇਇੱਜ਼ਤ ਕਰਦਾ। ਅਖੀਰ ਗੁਰੂ ਜੀ ਨੇ ਪੈਂਦੇ ਖਾਨ 'ਤੇ ਤਲਵਾਰ ਦੇ ਇਕੋ ਵਾਰ ਨਾਲ ਹਮਲਾ ਕਰਕੇ ਉਸ ਨੂੰ ਮਾਰ ਦਿੱਤਾ। ਉਸ ਦਾ ਸਰੀਰ ਮਿੱਟੀ ਨਾਲ ਭਰਿਆ ਹੋਇਆ ਜ਼ਮੀਨ 'ਤੇ ਡਿੱਗਿਆ ਪਿਆ ਸੀ ਤੇ ਗੁਰੂ ਜੀ ਨੇ ਆਪਣੇ ਪੁਰਾਣੇ ਸਾਥੀ ਨੂੰ ਆਪਣੀ ਗਲਵੱਕੜੀ 'ਚ ਲਿਆ ਤੇ ਉਸਦੇ ਮੂੰਹ ਤੇ ਪੈ ਰਹੀ ਸੂਰਜ ਦੀ ਤੇਜ ਧੁੱਪ ਨੂੰ ਆਪਣੀ ਢਾਲ ਨਾਲ ਰੋਕ ਕੇ ਛਾਂ ਕਰ ਦਿੱਤੀ। ਇਸ ਦਰਦਨਾਕ ਦ੍ਰਿਸ਼ ਨੂੰ ਦੇਖ ਕੇ ਗੁਰੂ ਸਾਹਿਬ ਦੀਆਂ ਧਾਹਾਂ ਨਿਕਲ ਗਈਆਂ ਕਿ ਇਹ ਮੇਰਾ ਬਚਪਨ ਦਾ ਬਹੁਤ ਹੀ ਪਿਆਰਾ ਸਾਥੀ ਸੀ। ਗੁਰੂ ਸਾਹਿਬ ਨੇ ਉਸ ਦੀ ਆਤਮਕ ਸ਼ਾਂਤੀ ਲਈ ਅਰਦਾਸ ਕੀਤੀ ਤੇ ਕਿਹਾ, ''ਹੇ ਪ੍ਰਮਾਤਮਾ ਪੈਂਦੇ ਖਾਨ ਨੂੰ ਮੁਆਫ਼ ਕਰਨਾ ਤੇ ਇਸ ਦਾ ਸਵਰਗ 'ਚ ਵਾਸਾ ਕਰਨਾ।'' ਲੜਾਈ ਦੇ ਮੈਦਾਨ ਦੇ ਦੂਸਰੇ ਹਿੱਸੇ 'ਚ ਬਾਬਾ ਗੁਰਦਿੱਤਾ ਜੀ ਦੇ ਹੱਥੋਂ ਮੁਗਲ ਜਰਨੈਲ ਅਸਮਾਨ ਖਾਨ ਮਾਰਿਆ ਗਿਆ। ਇਸ ਦੀ ਮੌਤ 'ਤੇ ਵੀ ਬਾਬਾ ਗੁਰਦਿੱਤਾ ਜੀ ਨੇ ਹੰਝੂ ਵਹਾਏ ਕਿਉਂਕਿ ਇਹ ਵੀ ਉਹਨਾਂ ਦਾ ਬਚਪਨ ਦਾ ਦੋਸਤ ਸੀ। ਮੁਗਲ ਫੌਜ ਦਾ ਜਾਨੀ ਤੇ ਮਾਲੀ ਨੁਕਸਾਨ ਬਹੁਤ ਹੋਇਆ ਤੇ ਮਜਬੂਰਨ ਉਹਨਾਂ ਨੂੰ ਪਿੱਛੇ ਹਟਣਾ ਪਿਆ। ਇਸ ਲੜਾਈ 'ਚ ਸੱਤ ਸੌ ਸਿੱਖ ਜਵਾਨ ਮਾਰਿਆ ਗਿਆ ਤੇ ਵੱਡੀ ਗਿਣਤੀ 'ਚ ਜਵਾਨ ਜ਼ਖਮੀ ਹੋ ਗਏ। ਇਹ ਗੁਰੂ ਸਾਹਿਬ ਦੇ ਜੀਵਨ ਦੀ ਆਖਰੀ ਲੜਾਈ ਸੀ।

ਇਸ ਆਖਰੀ ਲੜਾਈ ਤੋਂ ਜਲਦੀ ਹੀ ਬਾਅਦ ਗੁਰੂ ਹਰਗੋਬਿੰਦ ਜੀ ਨੇ ਕਰਤਾਰਪੁਰ ਛੱਡ ਦਿੱਤਾ ਤੇ ਸ਼ਾਂਤੀਪੂਰਵਕ ਜੀਵਨ ਬਤੀਤ ਕਰਨ ਲਈ ਤੇ ਅੱਗੋਂ ਤੋਂ ਖ਼ੂਨੀ ਸੰਘਰਸ਼ ਤੋਂ ਬਚਣ ਲਈ ਉਹ ਕੀਰਤਪੁਰ ਸਾਹਿਬ ਵਿਖੇ ਆ ਗਏ। ਇਥੇ ਗੁਰੂ ਸਾਹਿਬ ਨੇ ਆਪਣਾ ਮਨ ਸਿੱਖ ਸ਼ਰਧਾਲੂ ਬੁੱਢਣਸ਼ਾਹ ਨੂੰ ਮਿਲਣ ਦਾ ਬਣਾਇਆ, ਜਿਹੜਾ ਕਿ ਬਹੁਤ ਬਿਰਧ ਅਵਸਥਾ 'ਚ ਸੀ ਤੇ ਉਹ ਗੁਰੂ ਨਾਨਕ ਦੇਵ ਜੀ ਨੂੰ ਮਿਲਿਆ ਵੀ ਸੀ। ਗੁਰੂ ਸਾਹਿਬ ਦੇ ਪੋਤਰੇ ਧੀਰ ਮੱਲ ਨੇ ਕਰਤਾਰਪੁਰ ਛੱਡਣ ਤੋਂ ਇਨਕਾਰ ਕਰ ਦਿੱਤਾ ਤੇ ਉਹ ਉਥੇ ਹੀ ਟਿਕਿਆ ਰਿਹਾ। ਉਸ ਕੋਲ 'ਆਦਿ (ਗੁਰੂ) ਗ੍ਰੰਥ' ਸਾਹਿਬ ਦੀ ਅਸਲੀ ਹੱਥ ਲਿਖਤ ਕਾਪੀ ਸੀ ਤੇ ਉਹ ਹੱਥ ਲਿਖਤ ਕਾਪੀ ਉਸ ਨੇ ਗੁਰੂ ਸਾਹਿਬ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ। ਉਹ ਆਪਣੇ ਆਪ ਨੂੰ ਗੁਰੂ ਹਰਗੋਬਿੰਦ ਸਾਹਿਬ ਜੀ ਤੋਂ ਬਾਅਦ 'ਸੱਤਵਾਂ ਸਿੱਖ ਗੁਰੂ' ਹੋਣ ਦਾ ਦਾਅਵਾ ਪੇਸ਼ ਕਰਦਾ ਸੀ ਤੇ ਕਹਿੰਦਾ ਸੀ ਕਿ ਸਿਰਫ ਮੇਰੇ ਪਾਸ ਹੀ ਪਵਿੱਤਰ 'ਆਦਿ (ਗੁਰੂ) ਗ੍ਰੰਥ' ਸਾਹਿਬ ਦੀ ਕਾਪੀ ਹੈ।

ਕੀਰਤਪੁਰ ਸਾਹਿਬ ਆ ਕੇ ਗੁਰੂ ਹਰਗੋਬਿੰਦ ਜੀ ਨੇ ਆਪਣੇ ਜੀਵਨ ਦੇ ਬਾਕੀ ਦਿਨ ਬੜੇ ਸ਼ਾਂਤੀਪੂਰਵਕ ਤਰੀਕੇ ਨਾਲ ਬਤੀਤ ਕੀਤੇ। ਉਹਨਾਂ ਨੇ ਆਪਣੇ ਪਾਸ ਸਿਰਫ ਆਪਣੀ ਸੁਰੱਖਿਆ ਲਈ 900 ਸਿੱਖ ਸਿਪਾਹੀ ਰੱਖੇ। ਕੀਰਤਪੁਰ ਸਾਹਿਬ ਵਿਖੇ ਉਹਨਾਂ ਦੇ ਹਜ਼ਾਰਾਂ ਦੀ ਗਿਣਤੀ 'ਚ ਸ਼ਰਧਾਲੂ ਸਿੱਖ ਜੁੜਨ ਲੱਗੇ। ਗੁਰੂ ਸਾਹਿਬ ਨੇ ਸਿੱਖ ਧਰਮ ਦੇ ਫੈਲਾਅ ਲਈ ਸਾਰੇ ਭਾਰਤ ਵਰਸ਼ 'ਚ ਯਤਨ ਕੀਤੇ। ਉਸ ਸਮੇਂ ਸਿੱਖ ਧਰਮ ਦੇ ਫੈਲਾਅ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਇਕ ਮਸ਼ਹੂਰ ਮੁਸਲਮਾਨ ਲਿਖਾਰੀ ਮੁਹਸਿਨ ਫਾਨੀ ਦੀ ਲਿਖੀ ਹੋਈ ਪੁਸਤਕ 'ਦਾਵਿਸਥਾਨ-ਏ-ਮਜ਼ਹਬ' ਵਿਚ ਅੱਖੀਂ ਦੇਖਿਆ ਹਾਲ ਵਰਣਨ ਕੀਤਾ ਗਿਆ ਹੈ। ਇਸ ਸਮੇਂ ਸਿੱਖ ਧਰਮ ਭਾਰਤ 'ਚ ਆਪਣੀ ਵੱਡੀ ਪਹਿਚਾਣ ਬਣਾ ਚੁੱਕਾ ਸੀ। ਇਸ ਪੁਸਤਕ 'ਚ ਇਹ ਲਿਖਾਰੀ ਸਿੱਖਾਂ ਬਾਰੇ ਲਿਖਦਾ ਹੈ ਕਿ, ''ਗੁਰੂ ਇਕ ਪ੍ਰਮਾਤਮਾ 'ਚ ਵਿਸ਼ਵਾਸ ਰੱਖਦਾ ਹੈ। ਉਸ ਦੇ ਸ਼ਰਧਾਲੂ ਪਾਠ-ਪੂਜਾ 'ਚ ਵਿਸ਼ਵਾਸ ਨਹੀਂ ਰੱਖਦੇ।

ਉਹ ਹਿੰਦੂਆਂ ਦੀ ਤਰ੍ਹਾਂ ਬੁੱਤ ਪੂਜਾ ਨਹੀਂ ਕਰਦੇ। ਉਹ ਦੇਹਧਾਰੀ ਗੁਰੂਆਂ ਨੂੰ ਨਹੀਂ ਮੰਨਦੇ। ਉਹ ਤੀਰਥ ਯਾਤਰਾਵਾਂ ਤੇ ਜਾਣ ਦੀ ਮਨਾਹੀ ਕਰਦੇ ਹਨ ਤੇ ਨਾ ਹੀ ਉਹ ਸੰਸਕ੍ਰਿਤ ਭਾਸ਼ਾ ਨੂੰ ਹਿੰਦੂਆਂ ਦੀ ਤਰ੍ਹਾਂ ਰੱਬ ਦੀ ਭਾਸ਼ਾ ਮੰਨਦੇ ਹਨ। ਉਹ ਇਹ ਵੀ ਮੰਨਦੇ ਹਨ ਕਿ ਸਾਰੇ ਗੁਰੂ, ਗੁਰੂ ਨਾਨਕ ਦੇਵ ਜੀ ਦੇ ਸਮਾਨ ਹੀ ਹਨ। ਉਹਨਾਂ ਨੂੰ ਖਾਣ-ਪੀਣ ਦੀ ਵੀ ਕੋਈ ਮਨਾਹੀ ਨਹੀਂ ਹੈ।

ਛੇਤੀ ਹੀ ਇਥੇ ਆਉਣ ਉਪਰੰਤ ਉਹਨਾਂ ਨੂੰ ਆਪਣੇ ਸਭ ਤੋਂ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਦੀ ਦੁਖਦਾਇਕ ਮੌਤ ਦੀ ਖ਼ਬਰ ਮਿਲੀ। ਉਹਨਾਂ ਦੀ ਉਸ ਸਮੇਂ ਉਮਰ ਸਿਰਫ 24 ਸਾਲ ਦੀ ਹੀ ਸੀ। ਗੁਰੂ ਜੀ ਦਾ ਇਹ ਪੁੱਤਰ ਵੀ ਅਟੱਲ ਰਾਏ ਵਾਂਗ ਰਿਧੀਆਂ-ਸਿਧੀਆਂ ਤੇ ਚਮਤਕਾਰ ਕਰਨ 'ਚ ਵਿਸ਼ਵਾਸ ਰੱਖਦਾ ਸੀ ਪਰ ਸਿੱਖ ਧਰਮ ਅਜਿਹੇ ਕਰਮ-ਕਾਂਡਾਂ ਨੂੰ ਢੌਂਗ ਮੰਨਦਾ ਹੈ ਤੇ ਅਜਿਹੇ ਕਰਮ-ਕਾਂਡਾਂ ਦਾ ਰੱਜ ਕੇ ਵਿਰੋਧ ਕਰਦਾ ਹੈ। ਗੁਰੂ ਹਰਗੋਬਿੰਦ ਜੀ ਨੇ ਆਪਣੇ ਪੁੱਤਰ ਦੀ ਮੌਤ 'ਤੇ ਬੜਾ ਡੂੰਘਾ ਦੁੱਖ ਮਹਿਸੂਸ ਕੀਤਾ ਤੇ ਆਪਣੇ ਪੋਤਰੇ ਬਾਬਾ ਧੀਰ ਮੱਲ ਜੀ ਨੂੰ ਕਿਹਾ ਕਿ ਉਹ, ਉਸ ਦੀ ਮੌਤ 'ਤੇ ਹੋਣ ਵਾਲੀਆਂ ਸਾਰੀਆਂ ਆਖਰੀ ਰਸਮਾਂ 'ਤੇ ਮੇਰੀ ਥਾਂ 'ਤੇ ਜਾ ਕੇ ਨਿਭਾਉਣ ਤੇ ਪਗੜੀ ਵੀ ਬੰਨ੍ਹਵਾਉਣ ਪਰ ਧੀਰ ਮੱਲ ਨੇ ਅਜਿਹੀਆਂ ਰਸਮਾਂ 'ਤੇ ਜਾਣ ਤੋਂ ਇਨਕਾਰ ਕਰ ਦਿੱਤਾ ਤੇ ਇੱਥੋਂ ਤੱਕ ਕਿ ਉਸ ਨੇ ਗੁਰੂ ਸਾਹਿਬ ਨਾਲ ਮੌਤ 'ਤੇ ਅਫਸੋਸ ਵੀ ਪ੍ਰਗਟ ਨਹੀਂ ਕੀਤਾ ਸਗੋਂ ਆਪਣੇ ਆਪ ਨੂੰ ਸੱਤਵਾਂ ਸਿੱਖ ਗੁਰੂ ਹੋਣ ਦੀ ਰੱਟ ਹੀ ਲਾਉਂਦਾ ਰਿਹਾ।

ਹੁਣ ਗੁਰੂ ਹਰਗੋਬਿੰਦ ਜੀ ਨੇ ਆਪਣੇ ਪੋਤਰੇ ਹਰਰਾਏ ਜੀ ਜਿਹੜਾ ਕਿ ਬਾਬਾ ਗੁਰਦਿੱਤਾ ਜੀ ਦਾ ਦੂਸਰਾ ਪੁੱਤਰ ਸੀ, ਨੂੰ ਆਪਣੀ ਗੁਰਗੱਦੀ ਵਾਰਿਸ ਥਾਪਣ ਲਈ ਸਿੱਖਿਅਤ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਜੀ ਦਾ ਆਪਣਾ ਪੁੱਤਰ ਬਾਬਾ ਗੁਰਦਿੱਤਾ ਜੀ ਵੀ ਚਲਾਣਾ ਕਰ ਚੁੱਕੇ ਸਨ। ਸੂਰਜ ਮੱਲ ਤੇ ਅਨੀ ਰਾਏ ਬਹੁਤ ਹੀ ਸੰਸਾਰਕ ਰੁਚੀਆਂ ਦੇ ਮਾਲਕ ਸਨ, ਸਿਰਫ ਤੇਗ ਬਹਾਦਰ ਜੀ ਹੀ ਇਕਾਂਤ ਚਿੱਤ ਤੇ ਅਧਿਆਤਮਕ ਰੁਚੀਆਂ ਦੇ ਮਾਲਕ ਸਨ। ਹਰਰਾਏ ਜੀ ਬਹੁਤ ਹੀ ਧਾਰਮਿਕ ਰੁਚੀਆਂ ਵਾਲੇ ਨੌਜਵਾਨ ਸਨ ਤੇ ਗੁਰੂ ਹਰਗੋਬਿੰਦ ਜੀ ਨੇ ਉਹਨਾਂ ਨੂੰ ਹੀ ਆਪਣੇ ਆਸ਼ੇ ਮੁਤਾਬਕ ਮੀਰੀ-ਪੀਰੀ ਦੇ ਸਿਧਾਂਤ ਅਨੁਸਾਰ ਸਿੱਖਿਅਤ ਕੀਤਾ। ਚੌਦਾਂ ਸਾਲ ਦੀ ਉਮਰ 'ਚ ਹਰਰਾਏ ਜੀ ਨੂੰ ਗੁਰੂ ਹਰਗੋਬਿੰਦ ਜੀ ਨੇ ਆਪਣੀ ਗੁਰਗੱਦੀ ਦਾ 'ਸੱਤਵਾਂ ਸਿੱਖ ਗੁਰੂ' ਐਲਾਨ ਕਰ ਦਿੱਤਾ ਤੇ ਉਹਨਾਂ ਉਹਨਾਂ ਨੂੰ ਆਪਣਾ ਸਿਰ ਝੁਕਾਅ ਕੇ ਨਮਸਕਾਰ ਕੀਤਾ। ਇਸ ਉਪਰੰਤ ਗੁਰੂ ਹਰਗੋਬਿੰਦ ਜੀ 19 ਮਾਰਚ, 1644 ਈਸਵੀ ਨੂੰ ਜੋਤੀ-ਜੋਤ ਸਮਾਅ ਗਏ। ਉਹਨਾਂ ਨੇ ਆਪਣਾ ਸਾਰਾ ਜੀਵਨ ਇਕ ਸੰਤ-ਸਿਪਾਹੀ ਵਜੋਂ ਬਤੀਤ ਕੀਤਾ ਤੇ ਆਪਣੇ ਸਿੱਖ ਸ਼ਰਧਾਲੂਆਂ ਨੂੰ ਵੀ ਵਰਤਮਾਨ ਤੇ ਭਵਿੱਖ 'ਚ ਅਜਿਹਾ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ।

# ਖ਼ੈਰਾਇਤ ਨਹੀਂ, ਸਭ ਨੂੰ ਬਰਾਬਰ ਦੀ ਸਿੱਖਿਆ ਦੇਵੇ ਸਰਕਾਰ

**(ਸਫਾ 10 ਦੀ ਬਾਕੀ)**

ਕਾਰਨ ਇਹ ਵੀ ਸਾਹਮਣੇ ਆਇਆ ਕਿ ਨਿਯੁਕਤ ਕੀਤੇ ਗਏ ਅਧਿਆਪਕਾਂ ਵਿਚੋਂ 25ਗ ਹਰ ਰੋਜ਼ ਸਕੂਲੋਂ ਗੈਰ ਹਾਜ਼ਰ ਰਹਿੰਦੇ ਹਨ। ਅਤੇ ਕਈ ਥਾਈਂ ਪ੍ਰਾਇਮਰੀ ਸਕੂਲਾਂ ਵਿਚ ਲੋੜੀਦੇ ਪੰਜ ਟੀਚਰਾਂ ਦੀ ਥਾਂ ਇਕ ਜਾਂ ਦੋ ਅਧਿਆਪਕ ਕੰਮ ਕਰਦੇ ਹਨ ਅਤੇ ਉਨਾ ਨੂੰ ਵੀ ਪੜ੍ਹਾਈ ਤੋਂ ਇਲਾਵਾ ਦਫ਼ਤਰੀ ਕੰਮ ਅਤੇ ਸਰਕਾਰ ਵਲੋਂ ਲਗਾਈਆਂ ਹੋਰ ਡਿਊਟੀ ਚੋਣਾਂ, ਮਰਦਮਸ਼ੁਮਾਰੀ, ਆਦਿ ਲਈ ਕੰਮ ਲਿਆ ਜਾਂਦਾ ਹੈ। ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਅਤੇ ਬਾਲ ਵਿਕਾਸ ਦੀਆਂ ਗਤੀਵਿਧੀਆਂ ਤੋਂ ਇਲਾਵਾ ਸੱਭੋ ਕੁਝ ਹੁੰਦਾ ਹੈ। ਇਹਨਾ ਸਕੂਲਾਂ 'ਚ ਅਧਿਆਪਕਾਂ ਦੇ ਨਾਮ ਤੇ ਜੋ ਸਿੱਖਿਆ ਮਿੱਤਰ ਭਰਤੀ ਕੀਤੇ ਗਏ ਹਨ,ਉਹਨਾ ਨੂੰ ਖ਼ੁਦ ਸਿੱਖਿਆ ਦੀ ਜ਼ਰੂਰਤ ਹੈ। ਦੇਸ਼ ਵਿੱਚ ਇਸ ਵੇਲੇ ਕੁਲ ਮਾਨਤਾ ਪ੍ਰਾਪਤ ਪ੍ਰਾਇਮਰੀ ਸਕੂਲਾਂ ਵਿਚੋਂ 80% ਸਰਕਾਰੀ ਪ੍ਰਾਇਮਰੀ ਸਕੂਲ ਹਨ। ਇਹਨਾ ਪ੍ਰਾਇਮਰੀ ਸਕੂਲਾਂ ਦੀ ਹਾਲਤ ਇਹ ਹੈ ਕਿ ਦੇਸ਼ ਦੇ ਇਹਨਾ 59ਗ ਸਕੂਲਾਂ ਵਿਚ ਬੱਚਿਆਂ ਲਈ ਟਾਇਲਟ ਨਹੀਂ ਹੈ। ਇਹੋ ਜਿਹੇ ਪ੍ਰਾਇਮਰੀ ਸਕੂਲਾਂ ਦੀ ਗੁਣਵੱਤਾ ਬਣਾਉਣ ਤੋਂ ਬਿਨਾਂ ਇਹਨਾ ਸਕੂਲਾਂ ਨੂੰ ਚੱਲਦੇ ਰੱਖਣਾ ਕੀ ਜਾਇਜ਼ ਹੈ? ਕੀ ਇਹ ਧੰਨ ਦਾ ਦੁਰਉਪਯੋਗ ਨਹੀਂ ਹੈ? ਜੇਕਰ ਅਸਲੋਂ ਅਸੀਂ ਪ੍ਰਾਇਮਰੀ ਸਕੂਲਾਂ ਦੀ ਹਾਲਤ ਬਦਲਣਾ ਚਾਹੁੰਦੇ ਹਾਂ ਤਾਂ ਸਾਨੂੰ ਸਮੁੱਚੇ ਦੇਸ਼ ਵਿੱਚ ਪੰਜਵੀਂ ਕਲਾਸ ਤੱਕ ਦੀ ਸਿੱਖਿਆ ਕੇਵਲ ਸਰਕਾਰੀ ਸਕੂਲਾਂ 'ਚ ਦੇਣੀ ਲਾਜ਼ਮੀ ਕਰਨੀ ਹੋਵੇਗੀ ਅਤੇ ਇਹ ਨਿੱਜੀ ਸਕੂਲਾਂ ਤੋਂ ਛੁਟਕਾਰਾ ਕਰਾਏ ਬਿਨਾਂ ਸੰਭਵ ਨਹੀਂ ਹੈ। ਜਦੋਂ ਦੇਸ਼ ਦੇ ਸਾਰੇ ਬੱਚਿਆਂ ਦੇ ਲਈ ਸਰਕਾਰੀ ਸਕੂਲ ਹੋਣਗੇ, ਤਦੇ ਸਰਕਾਰੀ ਸਕੂਲਾਂ ਵਿੱਚ ਗੁਣਵੱਤਾ ਵਧੇਗੀ।

ਸਭ ਲਈ ਇਕੋ ਜਿਹੀ ਸਿੱਖਿਆ ਦਾ ਸਭਿਆਚਾਰ ਦੇਸ਼ 'ਚ ਜਦੋਂ ਪੈਦਾ ਹੋਏਗਾ ਤਾਂ ਹੀ ਸਿੱਖਿਆ ਵਿਚੋਂ ਪੈਸੇ ਦੇ ਜ਼ੋਰ ਨਾਲ ਪ੍ਰਾਪਤ ਕੀਤੀ ਜਾ ਰਹੀ ਸਿੱਖਿਆ ਉਤੇ ਰੋਕ ਲੱਗੇਗੀ। ਪ੍ਰਾਇਮਰੀ ਸਕੂਲਾਂ ਨੂੰ ਬਚਾਉਣ ਦਾ ਇਕ ਮਾਤਰ ਢੰਗ-ਤਰੀਕਾ ਦੁਪਹਿਰ ਦੇ ਭੋਜਨ ਜਿਹੀਆਂ ਦਿਖਾਵੇ ਵਾਲੀਆਂ ਅਤੇ ਫਜ਼ੂਲ ਖਰਚੀ ਵਾਲੀਆਂ ਯੋਜਨਾਵਾਂ ਨੂੰ ਤੁਰੰਤ ਬੰਦ ਕਰਕੇ ਸਾਰੇ ਪ੍ਰਾਇਮਰੀ ਸਕੂਲਾਂ ਵਿਚ ਘੱਟੋ-ਘੱਟ ਪੰਜ ਜਾਂ ਛੇ ਯੋਗ ਅਧਿਆਪਕਾਂ ਦੀ ਨਿਯੁੱਕਤੀ ਕੀਤੀ ਜਾਵੇ ਅਤੇ ਉਹਨਾ ਦੀ ਸਿੱਖਿਆ, ਹੋਰ ਨਵੀਨ ਟਰੇਨਿੰਗ ਉਤੇ ਨਿਰੰਤਰ ਨਜ਼ਰ ਰੱਖਕੇ ਉਹਨਾ ਨੂੰ ਵਿਦਿਆਰਥੀਆਂ ਦੀ ਸਿੱਖਿਆ ਪ੍ਰਤੀ ਜਵਾਬਦੇਹ ਬਣਾਇਆ ਜਾਵੇ। ਅਧਿਆਪਕਾਂ ਦੀ ਜਵਾਬਦੇਹੀ ਚੰਗੇ ਨਤੀਜੇ ਦੇਣ ਦੀ ਹੋਵੇ। ਗਰੀਬ ਬੱਚਿਆਂ ਦੀ ਸਹਾਇਤਾ ਲਈ ਹੋਰ ਬਹੁਤ ਸਾਰੇ ਤਰੀਕੇ ਹਨ, ਉਹਨਾ ਨੂੰ ਵਜ਼ੀਫਾ ਮਿਲੇ। ਉਹਨਾ ਨੂੰ ਅਨਾਜ਼ ਅਤੇ ਹੋਰ ਲੋੜੀਂਦੀਆਂ ਚੀਜ਼ਾਂ ਘਰ 'ਚ ਦਿਤੀਆਂ ਜਾ ਸਕਦੀਆਂ ਹਨ, ਜੋ ਤਦ ਦਿਤੀਆਂ ਜਾਣ ਜੇਕਰ ਬੱਚਿਆਂ ਦੇ ਮਾਪੇ ਉਹਨਾ ਦੀ ਹਾਜ਼ਰੀ ਘੱਟੋ-ਘੱਟ 80% ਯਕੀਨੀ ਬਨਾਉਣ। ਸਕੂਲਾਂ ਨੂੰ ਰਸੋਈ ਘਰਾਂ 'ਚ ਤਬਦੀਲ ਹੋਣ ਤੋਂ ਬਚਾਉਣ ਵਗੈਰ, ਪ੍ਰਾਇਮਰੀ ਸਿੱਖਿਆ ਦਾ ਭਲਾ ਨਹੀਂ ਹੋ ਸਕਦਾ। ਸਰਕਾਰ ਗਰੀਬਾਂ ਨੂੰ ਖ਼ੈਰਾਇਤ ਨਾ ਦਵੇ, ਸਭਨਾਂ ਨੂੰ ਬਰਾਬਰ ਦੀ ਸਿੱਖਿਆ ਦੇਵੇ।

# ਯੋਗੀ ਆਦਿੱਤਿਆਨਾਥ ਨੂੰ ਮਿਲਣ ਵਾਲਿਆਂ ਨੂੰ ਸਾਬਣ-ਸ਼ੈਂਪੂ ਨਾਲ ਨਹਾ ਕੇ ਆਉਣ ਦਾ ਹੁਕਮ

**ਲਖਨਊ-** ਮੈਨਪੁਰ ਕੋਟ ਪਿੰਡ ਦੀ ਮੁਸਹਿਰ ਬਸਤੀ ਦੇ ਲੋਕਾਂ ਨੂੰ ਮੁੱਖ ਮੰਤਰੀ ਯੋਗੀ ਆਦਿੱਤਿਯਨਾਥ ਦੇ ਦੌਰੇ ਤੋਂ ਪਹਿਲਾਂ ਅਧਿਕਾਰੀਆਂ ਨੇ ਇਕ ਅਜੀਬ ਫਰਮਾਨ ਸੁਣਾ ਦਿੱਤਾ। ਇੱਕ ਰਿ-ਪੋਰਟ ਅਨੁਸਾਰ ਯੋਗੀ ਆਦਿੱਤਿਯਨਾਥ ਨੇ 25 ਮਈ ਨੂੰ ਇਸ ਬਸਤੀ ਵਿੱਚ ਐਨਸੇਫਲਾਈਟਿਸ ਦਾ ਟੀਕਾਕਰਨ ਮੁਹਿੰਮ ਸ਼ੁਰੂ ਕਰਨੀ ਸੀ। ਇਸ ਤੋਂ ਪਹਿਲਾਂ ਅਫਸਰ ਇਸ ਬਸਤੀ ਦਾ ਦੌਰਾ ਕਰਨ ਪੁੱਜੇ। ਉਨ੍ਹਾਂ ਨੇ ਬਸਤੀ ਵਾਲਿਆਂ ਨੂੰ ਸਾਬਨ, ਸ਼ੈਂਪੂ ਅਤੇ ਸੈਂਟ ਵੰਡੇ ਅਤੇ ਕਿਹਾ ਕਿ ਮੁੱਖ ਮੰਤਰੀ ਨੂੰ ਮਿਲਣ ਤੋਂ ਪਹਿਲਾਂ ਤੁਸੀਂ ਲੋਕ ਸਾਬਨ-ਸ਼ੈਂਪੂ ਨਾਲ ਨਹਾਉਣ ਪਿੱਛੋਂ ਪਾਊਡਰ-ਸੈਂਟ ਲਾ ਕੇ ਚੰਗੀ ਤਰ੍ਹਾਂ ਤਿਆਰ ਹੋ ਕੇ ਆਇਓ।



ਮੁਸਹਿਰ ਭਾਈਚਾਰੇ ਦੇ ਇਕ ਬਜ਼ੁਰਗ ਨੇ ਅਖਬਾਰ ਨੂੰ ਦੱਸਿਆ ਕਿ ਅਫਸਰਾਂ ਨੇ ਉਨ੍ਹਾਂ ਨੂੰ ਖੁਸ਼ਬੂਦਾਰ ਸਾਬਨ, ਸ਼ੈਂਪੂ ਅਤੇ ਸੈਂਟ ਦਿੱਤਾ ਅਤੇ ਕਿਹਾ ਕਿ ਮੁੱਖ ਮੰਤਰੀ ਨੂੰ ਮਿਲਣ ਤੋਂ ਪਹਿਲਾਂ ਇਸ ਨਾਲ ਨਹਾ ਲੈਣਾ ਅਤੇ ਸੈਂਟ ਲਾ ਲੈਣਾ। ਅਫਸਰਾਂ ਨੇ ਪਿੰਡ ਵਾਲਿਆਂ ਨੂੰ ਆਪਣੇ ਘਰਾਂ ਅਤੇ ਚਬੂਤਰਾਂ ਨੂੰ ਸਾਫ ਰੱਖਣ ਲਈ ਵੀ ਕਿਹਾ।

# ਵਾਤਾਵਰਣ ਵਿੱਚ ਵੱਧ ਰਹੇ ਪ੍ਰਦੂਸ਼ਣ ਕਾਰਨ ਫੈਲ ਰਹੀਆਂ ਹਨ ਕਈ ਬਿਮਾਰੀਆਂ



ਕੁਲਦੀਪ ਚੰਦ
91-94175-63054

05 ਜੂਨ ਦਾ ਦਿਹਾੜਾ ਹਰ ਸਾਲ ਦੀ ਤਰਾਂ ਵਿਸ਼ਵ ਵਾਤਾਵਰਣ ਦਿਵਸ ਵਜੋਂ ਮਨਾਇਆ ਜਾਂਦਾ ਹੈ। ਅੱਜ ਵਾਤਾਵਰਣ ਵਿੱਚ ਵੱਧ ਰਹੇ ਪ੍ਰਦੂਸ਼ਣ ਤੇ ਚਿੰਤਾ ਦਾ ਪ੍ਰਗਟਾਵਾ ਕਰਨ ਲਈ ਲੱਗਭੱਗ ਹਰ ਕਸਬੇ ਸ਼ਹਿਰ ਵਿੱਚ ਪ੍ਰੋਗਰਾਮ ਕੀਤੇ ਜਾਣਗੇ ਅਤੇ ਇਸ ਪ੍ਰਦੂਸ਼ਣ ਨੂੰ ਰੋਕਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵਲੋਂ 1972 ਵਿੱਚ ਵਿਸ਼ਵ ਵਾਤਾਵਰਣ ਦਿਵਸ ਦੀ ਸ਼ੁਰੂਆਤ ਕੀਤੀ ਗਈ। ਇਸ ਸਾਲ 2017 ਦਾ ਮੁੱਖ ਉਦੇਸ਼ ਲੋਕਾਂ ਨੂੰ ਧਰੁਵਾਂ ਤੋਂ ਭੂਮੱਧ ਰੇਖਾ ਤੱਕ ਕੁਦਰਤ ਨਾਲ ਜੋੜਨਾ ਹੈ। ਵਾਤਾਵਰਣ ਵਿੱਚ ਵੱਧ ਰਹੇ ਪ੍ਰਦੂਸ਼ਣ ਨੂੰ ਲੈਕੇ ਅੱਜ ਪੂਰਾ ਵਿਸ਼ਵ ਚਿੰਤਿਤ ਹੈ। ਪ੍ਰਦੂਸ਼ਣ ਦੀਆਂ ਕਈ ਕਿਸਮਾਂ ਹਨ ਜਿਵੇਂ ਕਿ ਜਲ ਪ੍ਰਦੂਸ਼ਣ, ਹਵਾ ਪ੍ਰਦੂਸ਼ਣ, ਸ਼ੋਰ ਪ੍ਰਦੂਸ਼ਣ ਆਦਿ। ਪ੍ਰਦੂਸ਼ਣ ਕਾਰਨ ਮਨੁੱਖੀ ਜੀਵਨ ਸਮੇਤ ਹੋਰ ਕਈ ਪ੍ਰਜਾਤੀਆਂ ਨੂੰ ਵੱਡਾ ਖਤਰਾ ਹੋ ਗਿਆ ਹੈ ਪਰ ਵਾਤਾਵਰਣ ਵਿੱਚ ਪ੍ਰਦੂਸ਼ਣ ਵਧਾਉਣ ਲਈ ਸਿਰਫ ਮਾਨਵ ਹੀ ਜਿੰਮੇਵਾਰ ਹੈ। ਜਿਵੇਂ-ਜਿਵੇਂ ਵਿਕਾਸ ਹੋ ਰਿਹਾ ਹੈ ਪ੍ਰਦੂਸ਼ਣ ਵੀ ਵੱਧਦਾ ਜਾ ਰਿਹਾ ਹੈ। ਵਧਦਾ ਸ਼ਹਿਰੀਕਰਣ ਅਤੇ ਉਦਯੋਗਿਕਕਰਣ ਵਾਤਾਵਰਣ ਲਈ ਵੱਡਾ ਖਤਰਾ ਬਣ ਰਹੇ ਹਨ। ਪਲਾਸਟਿਕ ਦੇ ਲਿਫਾਫਿਆਂ ਨੇ ਵੀ ਵਾਤਾਵਰਣ ਨੂੰ ਬਹੁਤ ਜ਼ਿਆਦਾ ਪ੍ਰਦੂਸ਼ਿਤ ਕੀਤਾ ਹੈ ਜਿਸ ਕਾਰਨ ਸਰਕਾਰ ਨੂੰ ਪੋਲੀਥੀਨ ਦੇ ਲਿਫਾਫਿਆਂ ਦੇ ਉਤਪਾਦਨ ਅਤੇ ਵਰਤੋਂ ਕਰਨ ਤੇ ਪਾਬੰਦੀ ਲਗਾਉਣੀ ਪਈ ਹੈ। ਵਾਤਾਵਰਣ ਵਿਗਿਆਨੀਆਂ ਨੇ ਬੀਤੇ ਸਮੇਂ ਵਿੱਚ ਜੋ ਸ਼ੰਕੇ ਜਾਹਿਰ ਕੀਤੇ ਸਨ ਉਹ ਅੱਜ ਸੱਚ ਹੋਣ ਵੱਲ ਵੱਧ ਰਹੇ ਹਨ। ਓਜ਼ੋਨ ਪਰਤ ਵਿੱਚ ਛੇਕ ਹੋ ਜਾਣੇ, ਗਲੇਸ਼ੀਅਰਾਂ ਦਾ ਲਗਾਤਾਰ ਪਿਘਲਣਾ ਤੇ ਆਲਮੀ ਤਪਸ਼ ਦਾ ਵੱਧਣਾ ਇਸਦੇ ਮਾਰੂ ਪ੍ਰਭਾਵਾਂ ਦੇ ਸਪੱਸ਼ਟ ਲੱਛਣ ਹਨ। ਪ੍ਰਦੂਸ਼ਣ ਕਾਰਨ ਕੈਂਸਰ ਵਰਗੀ ਬਿਮਾਰੀਆਂ ਨੇ ਦੁਨੀਆਂ ਭਰ ਵਿੱਚ ਪੈਰ ਪਸਾਰ ਲਏ ਹਨ। ਅੱਜ ਗਲੋਬਲ ਵਾਰਮਿੰਗ ਵਿੱਚ ਵਾਧਾ ਹੋ ਰਿਹਾ ਹੈ ਜਿਸ ਨਾਲ ਧਰੁਵਾਂ ਤੇ ਪਈ ਬਰਫ ਪਿਘਲ ਰਹੀ ਹੈ। ਜੇਕਰ ਇਸ ਪਾਸੇ ਧਿਆਨ ਨਾ ਦਿੱਤਾ ਤਾਂ ਸਮੁੰਦਰਾਂ ਦੇ ਪਾਣੀ ਦਾ ਪੱਧਰ ਉੱਚਾ ਹੋ ਜਾਵੇਗਾ ਅਤੇ ਤੱਟਵਰਤੀ ਇਲਾਕੇ ਇਸ ਵਿੱਚ ਡੁੱਬ ਜਾਣਗੇ। ਪੈਰਾਵੈਂਗਨੀ ਕਿਰਨਾਂ ਧਰਤੀ ਤੇ ਕੈਂਸਰ ਵਰਗੇ ਰੋਗ ਫੈਲਾ ਰਹੀਆਂ ਹਨ। ਗਰੀਨ ਹਾਊਸ ਪ੍ਰਭਾਵ ਵਿੱਚ ਵਾਧਾ ਹੋ ਰਿਹਾ ਹੈ। ਕਾਰਬਨ ਡਾਈਆਕਸਾਈਡ ਗੈਸ ਦੀ ਹਵਾ ਵਿੱਚ ਮਾਤਰਾ 0.03ਗ਼ ਤੋਂ ਵੱਧ ਰਹੀ ਹੈ। ਇਹ ਗਰਮੀ ਨੂੰ ਵਧਾਉਣ ਦਾ ਵੱਡਾ ਕਾਰਨ ਬਣਦਾ ਜਾ ਰਿਹਾ ਹੈ। ਪੈਟ੍ਰੋਲੀਅਮ ਪਦਾਰਥਾਂ ਦੀ ਅਥਾਹ ਵਰਤੋਂ ਕਰਨ ਨਾਲ ਜ਼ਹਿਰੀਲੇ ਧੂੰਏ ਦੀ ਵੱਧ ਪੈਦਾਵਾਰ ਹੋ ਰਹੀ ਹੈ। ਫਰਿਜ਼ ਅਤੇ ਏਅਰ ਕੰਡੀਸ਼ਨਰ ਦੀ ਵਰਤੋਂ ਅਤੇ ਤੇਜ਼ੀ ਨਾਲ ਵੱਧ ਰਹੇ ਉਦਯੋਗੀਕਰਨ ਨਾਲ ਕਾਰਬਨ ਡਾਈਆਕਸਾਈਡ ਵਿੱਚ ਵਾਧਾ ਹੋ ਰਿਹਾ ਹੈ ਅਤੇ ਸੀ.ਐਫ.ਸੀ. ਗੈਸ ਦਾ ਰਿਸਾਵ ਹੋ ਰਿਹਾ ਹੈ। ਵਾਤਾਵਰਣ ਬਾਰੇ ਜੇਕਰ ਭਾਰਤ ਦੀ ਗੱਲ ਕਰੀਏ ਤਾ ਹਾਲਾਤ ਬਹੁਤੇ ਚੰਗੇ ਨਜ਼ਰ ਨਹੀਂ ਆਉਂਦੇ। ਦੇਸ਼ ਦੀਆਂ ਲੱਗਭੱਗ ਸਾਰੀਆਂ ਨਦੀਆਂ, ਦਰਿਆਵਾਂ ਅਤੇ ਪਾਣੀ ਦੇ ਹੋਰ ਕੁਦਰਤੀ ਸੋਮਿਆਂ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਫੈਕਟਰੀਆਂ ਤੇ ਸ਼ਹਿਰਾਂ ਦਾ ਜ਼ਹਿਰੀਲਾ ਤੇ ਗੰਦਾ ਪਾਣੀ ਸੁੱਟਿਆ ਜਾ ਰਿਹਾ ਹੈ। ਖੇਤਾਂ ਵਿੱਚ ਰਸਾਇਣਕ ਖਾਦਾਂ ਅਤੇ ਕੀਟ ਨਾਸ਼ਕ ਦਵਾਈਆਂ ਦੀ ਧੜੱਲੇ ਨਾਲ ਵਰਤੋਂ ਕੀਤੀ ਜਾ ਰਹੀ ਹੈ ਅਤੇ ਇਹ ਜ਼ਹਿਰ ਧਰਤੀ ਹੇਠਲੇ ਪਾਣੀ ਤੱਕ ਵੀ ਪਹੁੰਚ ਗਈ ਹੈ। ਪੰਜਾਬ ਦੇ ਜਲ ਸਰੋਤਾਂ ਦੀ ਹਾਲਤ ਬੜੀ ਤਰਸਯੋਗ ਹੈ। ਦਰਿਆ, ਨਦੀਆਂ ਨਾਲੇ ਤੇ ਡਰੇਨਾਂ ਜ਼ਹਿਰ ਤੇ ਗੰਦਗੀ ਨਾਲ ਭਰਕੇ ਵੱਗਦੀਆਂ ਹਨ। ਇਹ ਵਰਤਾਰਾ ਮਨੁੱਖੀ ਲਾਲਚਪਨ ਕਰਕੇ ਵਾਪਰਿਆ ਹੈ। ਪਾਣੀ ਦੇ ਪ੍ਰਦੂਸ਼ਣ ਕਾਰਨ ਇਸ ਵਿਚਲੇ ਕਈ ਜੀਵ ਮਰ ਗਏ ਹਨ ਤੇ ਕਈ ਜੀਵਾਂ ਦੀਆਂ ਪ੍ਰਜਾਤੀਆਂ ਹੀ ਖਤਮ ਹੋ ਗਈਆਂ ਹਨ। ਹੁਣ ਮਨੁੱਖ ਦੀ ਵਾਰੀ ਹੈ ਪ੍ਰਦੂਸ਼ਤ ਪਾਣੀਆਂ ਕਾਰਨ ਕੁਦਰਤੀ ਜਲ ਸਰੋਤਾਂ ਕੰਢੇ ਵਸਦੇ ਲੋਕ ਕੈਂਸਰ ਤੇ ਕਾਲਾ ਪੀਲੀਆ ਵਰਗੀਆਂ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਛੋਟੇ ਤੋਂ ਛੋਟੇ ਸਮਾਜਿਕ, ਧਾਰਮਿਕ, ਰਾਜਨੀਤਿਕ ਕਾਰਜਾਂ ਲਈ ਉੱਚੀ ਅਵਾਜ਼ ਵਿੱਚ ਵੱਜਦੇ ਸਪੀਕਰ ਅਵਾਜ਼ ਦੇ ਪ੍ਰਦੂਸ਼ਣ ਵਿੱਚ ਅਥਾਹ ਵਾਧਾ ਕਰ ਰਹੇ ਹਨ ਅਤੇ ਅਸੀਂ ਅਣਜਾਣਪੁਣੇ ਵਿੱਚ ਕਈ ਬਿਮਾਰੀਆਂ ਨੂੰ ਸੱਦਾ ਦੇ ਰਹੇ ਹਾਂ। ਨਵੀਂ ਬਿਲਡਿੰਗ ਬਣਾਉਣੀ ਹੋਵੇ ਜਾਂ ਫਿਰ ਮੈਟਰੋ ਦਾ ਪੁੱਲ ਅੱਜ ਹਰ ਜਗ੍ਹਾ ਵਿਕਾਸ ਦੇ ਕੰਮਾਂ ਦੇ ਲਈ ਜਿਸ ਚੀਜ਼ ਨੂੰ ਸਭ ਤੋਂ ਜ਼ਿਆਦਾ ਬਲੀ ਦੇਣੀ ਪੈ ਰਹੀ ਹੈ ਉਹ ਹੈ ਰੁੱਖ। ਰੁੱਖ ਜੋ ਸਾਡੇ ਜੀਵਨ ਤੰਤਰ ਅਤੇ ਵਾਤਾਵਰਣ ਦੇ ਸਭ ਤੋਂ ਅਹਿਮ ਕਾਰਕ ਹਨ ਉਹ ਲਗਾਤਾਰ ਖਤਮ ਹੁੰਦੇ ਜਾ ਰਹੇ ਹਨ। ਅੱਜ ਸੰਘਣੀ ਆਬਾਦੀ ਦੇ ਵਿੱਚ ਕੁਝ ਰੁੱਖ ਹੀ ਦੇਖਣ ਨੂੰ ਮਿਲਦੇ ਹਨ ਅਤੇ ਇਸਦੇ ਕਾਰਨ ਧਰਤੀ ਦਾ ਪਰਿਵਰਤਨ ਚੱਕਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਗੱਡੀਆਂ ਦਾ ਧੂੰਆਂ, ਕਾਰਖਾਨਿਆਂ ਦੀ ਗੰਦਗੀ, ਨਾਲੀਆਂ ਦਾ ਗੰਦਾ ਪਾਣੀ ਇਹਨਾਂ ਸਭ ਨੇ ਸਾਡੇ ਜੀਵਨ ਦੀਆਂ ਜ਼ਰੂਰਤਾਂ ਹਵਾ, ਪਾਣੀ ਅਤੇ ਧਰਾਤਲ ਨੂੰ ਦੂਸ਼ਿਤ ਕਰਕੇ ਕਈ ਬਿਮਾਰੀਆਂ ਨੂੰ ਜਨਮ ਦਿੱਤਾ ਹੈ। ਉਦਯੋਗਿਕ ਕ੍ਰਾਂਤੀ ਤੋਂ ਬਾਦ ਵਾਯੂਮੰਡਲ ਵਿੱਚ ਕਾਰਬਨ ਡਾਈਆਕਸਾਈਡ ਦੀ ਮਾਤਰਾ ਵਿੱਚ 40 ਫੀਸਦੀ ਵਾਧਾ ਹੋਇਆ ਹੈ। ਵਾਤਾਵਰਣ ਨੂੰ ਹੋ ਰਹੇ ਨੁਕਸਾਨ ਨੂੰ ਦੇਖਦੇ ਹੋਏ ਹੀ ਸੰਯੁਕਤ ਰਾਸ਼ਟਰ ਸੰਘ ਨੇ ਸਾਲ 1972 ਤੋਂ ਹਰ ਸਾਲ 05 ਜੂਨ ਨੂੰ ਵਿਸ਼ਵ ਵਾਤਾਵਰਣ ਦਿਵਸ ਦੇ ਰੂਪ ਵਿੱਚ ਮਨਾਉਣ ਦਾ ਫੈਸਲਾ ਕੀਤਾ ਸੀ। ਇਸਦਾ ਮੁੱਖ ਉਦੇਸ਼ ਵਾਤਾਵਰਣ ਦੇ ਪ੍ਰਤੀ ਜਾਗਰੂਕਤਾ ਲਿਆਂਦੇ ਹੋਏ ਰਾਜਨੀਤਿਕ ਚੇਤਨਾ ਜਗਾਉਣਾ ਅਤੇ ਆਮ ਜਨਤਾ ਨੂੰ ਪ੍ਰੇਰਿਤ ਕਰਨਾ ਸੀ। ਭਾਰਤ ਵਿੱਚ ਵਾਤਾਵਰਣ ਸੁਰੱਖਿਆ ਅਧਿਨਿਯਮ ਸਭ ਤੋਂ ਪਹਿਲਾਂ 19 ਨਵੰਬਰ, 1986 ਨੂੰ ਲਾਗੂ ਹੋਇਆ ਸੀ, ਜਿਸ ਵਿੱਚ ਵਾਤਾਵਰਣ ਦੀ ਗੁਣਵੱਤਾ ਦੇ ਮਾਣਕ ਨਿਰਧਾਰਤ ਕੀਤੇ ਗਏ ਸੀ। ਪਰ ਸਿਰਫ ਕਾਨੂੰਨ ਬਣਾ ਦੇਣ ਨਾਲ ਹੀ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਨਹੀਂ ਬਚਾਇਆ ਜਾ ਸਕਦਾ ਹੈ। ਲੋਕਾਂ ਵਿੱਚ ਵਾਤਾਵਰਣ ਦੇ ਲਈ ਕੋਈ ਖਾਸ ਜਾਗਰੂਕਤਾ ਨਹੀਂ ਫੈਲੀ ਹੈ। ਅੱਜ ਵੀ ਲੋਕ ਵੱਡੀ ਮਾਤਰਾ ਵਿੱਚ ਕੁਦਰਤੀ ਸਾਧਨਾਂ ਦਾ ਦੁਰਉਪਯੋਗ ਕਰਦੇ ਹਨ। ਖੇਤੀ ਦੀ ਰਹਿੰਦ ਖੂਹੰਦ ਅੰਨੇਵਾਹ ਜਲਾਉਣ ਨਾਲ ਹੀ ਪਿਛਲੇ ਸਾਲ ਹਰਿਆਣਾ ਅਤੇ ਦਿੱਲੀ ਸਮੇਤ ਦੇਸ਼ ਦੇ ਕਈ ਭਾਗਾਂ ਵਿੱਚ ਕਈ ਦਿਨ ਅਸਮਾਨ ਵਿੱਚ ਧੂੰਏ ਦੇ ਕਾਲੇ ਬੱਦਲ ਹੀ ਨਜ਼ਰ ਆਂਦੇ ਸਨ। ਵਾਤਾਵਰਣ ਵਿੱਚ ਵਧਦੇ ਪ੍ਰਦੂਸ਼ਣ ਨੂੰ ਰੋਕਣ ਲਈ ਸਰਕਾਰ ਵਲੋਂ ਕੇਂਦਰੀ ਪ੍ਰਦੂਸ਼ਣ ਨਿੰਯਤਰਣ ਬੋਰਡ ਅਤੇ ਰਾਜਾਂ ਵਿੱਚ ਰਾਜ ਪ੍ਰਦੂਸ਼ਣ ਨਿੰਯਤਰਣ ਬੋਰਡ ਬਣਾਏ ਗਏ ਹਨ। ਪੰਜਾਬ ਵਿੱਚ ਕੰਮ ਕਰ ਰਹੇ ਪੰਜਾਬ ਪ੍ਰਦੂਸ਼ਣ ਨਿੰਯਤਰਣ ਬੋਰਡ ਨੂੰ ਪੰਜਾਬ ਰਾਜ ਵਿੱਚ ਵਾਤਾਵਰਣ ਨੂੰ ਪ੍ਰਦੂਸ਼ਣ ਮੁੱਕਤ ਰੱਖਣ ਦੀ ਜਿੰਮੇਬਾਰੀ ਦਿਤੀ ਗਈ ਹੈ।




ਇਸ ਵਿਭਾਗ ਕੋਲ ਜਿੰਮੇਬਾਰੀ ਬੇਸ਼ੱਕ ਵੱਡੀ ਹੈ ਪਰੰਤੂ ਬੋਰਡ ਵਿੱਚ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਵੱਡੀ ਘਾਟ ਇਸਦੇ ਕੰਮਾ ਵਿੱਚ ਰੋੜ੍ਹਾ ਬਣੀ ਹੋਈ ਹੈ। ਬੋਰਡ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵਿੱਚ ਕੁੱਲ 662 ਅਸਾਮੀਆਂ ਹਨ ਜਿਹਨਾਂ ਵਿੱਚੋਂ 432 ਅਸਾਮੀਆਂ ਭਰੀਆਂ ਹਨ ਅਤੇ 230 ਅਸਾਮੀਆਂ ਖਾਲੀ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਸ਼੍ਰੇਣੀ ਏ ਦੀਆਂ 165 ਅਸਾਮੀਆਂ ਮੰਨਜ਼ੂਰ ਹਨ ਜਿਹਨਾਂ ਵਿੱਚੋਂ 130 ਅਸਾਮੀਆਂ ਭਰੀਆਂ ਹਨ ਅਤੇ 35 ਖਾਲੀ ਹਨ ਜਿਨ੍ਹਾਂ ਵਿੱਚ ਸੀਨੀਅਰ ਵਾਤਾਵਰਣ ਇੰਜਨੀਅਰ, ਵਾਤਾਵਰਣ ਇੰਜਨੀਅਰ, ਸਹਾਇਕ ਵਿਗਿਆਨਕ ਅਫਸਰ, ਸਿਸਟਮ ਐਨ-ਾਲਿਸਟ ਦੀਆਂ ਪੋਸਟਾਂ ਸ਼ਾਮਿਲ ਹਨ। ਸ਼੍ਰੇਣੀ ਬੀ ਦੀਆਂ 126 ਅਸਾਮੀਆਂ ਮੰਨਜ਼ੂਰ ਹਨ ਜਿਹਨਾਂ ਵਿੱਚੋਂ 92 ਅਸਾਮੀਆਂ ਭਰੀਆਂ ਹਨ ਅਤੇ 34 ਖਾਲੀ ਹਨ ਜਿਨ੍ਹਾਂ ਵਿੱਚ ਜੂਨੀਅਰ ਵਿਗਿਆਨਕ ਅਫਸਰ, ਕਨੂੰਨੀ ਅਫਸਰ, ਨਿੱਜੀ ਸਹਾਇਕ, ਜੂਨੀਅਰ ਵਾਤਾਵਰਣ ਇੰਜਨੀਅਰ, ਸਿਨੀਅਰ ਸਹਾਇਕ ਆਦਿ ਦੀਆਂ ਪੋਸਟਾਂ ਸ਼ਾਮਿਲ ਹਨ। ਸ਼੍ਰੇਣੀ ਸੀ ਦੀਆਂ 211 ਅਸਾਮੀਆਂ ਮੰਨਜ਼ੂਰ ਹਨ ਜਿਹਨਾਂ ਵਿੱਚੋਂ 124 ਭਰੀਆਂ ਹਨ ਅਤੇ 87 ਖਾਲੀ ਹਨ ਜਿਨ੍ਹਾਂ ਵਿੱਚ ਜੂਨੀਅਰ ਸਕੇਲ ਸਟੈਨੋਗ੍ਰਾਫਰ, ਵਿਗਿਆਨਕ ਸਹਾਇਕ, ਜੂਨੀਅਰ ਸਹਾਇਕ, ਕਲਰਕ, ਰਿਸੈਪਸ਼ਨਿਸਟ, ਕਲਰਕ ਲੇਖਾ, ਸਟੈਨੋ ਟਾਇਪੀਸਟ, ਡਰਾਇਵਰਾਂ ਦੀਆਂ ਪੋਸਟਾਂ ਸ਼ਾਮਿਲ ਹਨ। ਸ਼੍ਰੇਣੀ ਡੀ ਦੀਆਂ 144 ਅਸਾਮੀਆਂ ਮੰਨਜ਼ੂਰ ਹਨ ਜਿਹਨਾਂ ਵਿੱਚੋਂ 124 ਭਰੀਆਂ ਹਨ ਅਤੇ 20 ਖਾਲੀ ਹਨ ਜਿਨ੍ਹਾਂ ਵਿੱਚ ਇਲੈਕਟ੍ਰੀਸ਼ਨ, ਫੀਲਡ ਅਟੈਂਡਟ, ਚਪੜਾਸੀ, ਮਾਲੀ, ਸਵੀਪਰ ਆਦਿ ਦੀਆਂ ਪੋਸਟਾਂ ਸ਼ਾਮਿਲ ਹਨ। ਸਰਕਾਰ ਵਲੋਂ ਬੇਸ਼ੱਕ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਸਿਰ ਸੂਬੇ ਵਿੱਚ ਪ੍ਰਦੂਸ਼ਣ ਘਟਾਉਣ ਦੀ ਵੱਡੀ ਜਿੰਮੇਬਾਰੀ ਲਗਾਈ ਗਈ ਹੈ ਪਰੰਤੂ ਇੰਨੀਆਂ ਜ਼ਿਆਦਾ ਅਸਾਮੀਆਂ ਖਾਲੀ ਹੋਣ ਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਪ੍ਰਦੂਸ਼ਣ ਤੇ ਨਿੰਯਤਰਣ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ ਇਹ ਸੋਚਣ ਵਾਲੀ ਗੱਲ ਹੈ। ਸਾਨੂੰ ਸਭਨੂੰ ਮਿਲਕੇ ਅਪਣੇ ਵਾਤਾਵਰਣ ਨੂੰ ਪ੍ਰਦੂਸ਼ਣ ਦੀ ਮਾਰ ਤੋ ਬਚਾਉਣ ਲਈ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਅਪਣੀਆਂ ਆਣ ਵਾਲੀਆਂ ਪੀੜ੍ਹੀਆਂ ਨੂੰ ਸਾਫ ਅਤੇ ਪ੍ਰਦੂਸ਼ਣ ਮੁੱਕਤ ਵਾਤਾਵਰਣ ਦੇ ਸਕੀਏ।

ਸਰਕਾਰ ਨੂੰ ਪ੍ਰਦੂਸ਼ਣ ਕਰਨ ਵਾਲੇ ਅਦਾਰਿਆਂ ਅਤੇ ਇਸ ਲਈ ਜਿੰਮੇਵਾਰ ਵਿਅਕਤੀਆਂ ਖਿਲਾਫ ਸੱਖਤ ਕਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ। ਜੇਕਰ ਹਰ ਵਿਅਕਤੀ ਪਾਣੀ ਬਰਬਾਦ ਨਾ ਕਰਨ ਦਾ ਪ੍ਰਣ ਲਵੇ, ਬਿਜਲੀ ਦੀ ਬਰਬਾਦੀ ਨੂੰ ਰੋਕੇ, ਵਾਤਾਵਰਣ ਵਿੱਚ ਵੱਧ ਰਹੇ ਪ੍ਰਦੂਸ਼ਣ ਨੂੰ ਰੋਕਣ ਲਈ ਹਰ ਸੰਭਬ ਕੋਸ਼ਿਸ਼ ਕਰੇ ਤਾਂ ਹੀ ਅੱਜ ਦੇ ਦਿਨ ਦਾ ਮਹੱਤਵ ਮੰਨਿਆ ਜਾ ਸਕਦਾ ਹੈ।

# ਪੰਜਾਬ ਅੰਦਰ ਤੰਬਾਕੂ ਤੇ ਹੋਰ ਰਾਜਾਂ ਵਾਂਗ ਪਾਬੰਦੀ ਲੱਗੇਗੀ?



ਮੇਜਰ ਸਿੰਘ ਨਾਭਾ
91-94635-53962

ਨਸ਼ਿਆਂ ਦਾ ਰੁਝਾਣ ਪੰਜਾਬ ਅੰਦਰ ਵੱਧਦਾ ਜਾ ਰਿਹਾ ਹੈ। ਨਸ਼ਿਆਂ ਨਾਲ ਹਰ ਸਾਲ ਲੱਖਾਂ ਮੌਤਾਂ ਹੋ ਜਾਂਦੀਆਂ ਹਨ। ਸ਼ਰਾਬ, ਅਫੀਮ, ਚਰਸ, ਭੁੱਕੀ, ਗਾਂਜਾ, ਸਿਗਰਟ, ਜਰਦਾ ਆਦਿ ਅਨੇਕਾਂ ਹੀ ਤਰ੍ਹਾਂ ਦੇ ਨਸ਼ੇ ਨੌਜਵਾਨਾਂ ਵਿਚ ਪ੍ਰਚੱਲਿਤ ਹੋ ਰਹੇ ਹਨ। ਤੰਬਾਕੂ ਪੈਦਾ ਕਰਨ 'ਚ ਭਾਰਤ ਦੁਨੀਆਂ ਦਾ ਦੂਜਾ ਵੱਡਾ ਦੇਸ਼ ਬਣ ਚੁੱਕਿਆ ਹੈ। ਵਿਸ਼ਵ ਸਿਹਤ ਸੰਗਠਨ ਦੀ ਤਾਜਾ ਰਿਪੋਰਟ ਵਿਚ ਦੱਸਿਆ ਹੈ ਕਿ ਦੇਸ਼ ਵਿਚ ਪੁਰਸ਼ਾਂ ਦੀਆਂ ਕੁੱਲ ਮੌਤਾਂ ਦੇ 20 ਫੀਸਦੀ ਅਤੇ ਇਸਤਰੀਆਂ ਦੀਆਂ ਕੁੱਲ ਮੌਤਾਂ ਦਾ 5 ਫੀਸਦੀ ਹਿੱਸਾ ਮੌਤਾਂ ਸਿਰਫ ਸਿਗਰਟਨੋਸ਼ੀ ਨਾਲ ਹੁੰਦੀਆਂ ਹਨ। ਸਰਵੇਖਣ ਮੁਤਾਬਿਕ ਤਪਦਿਕ ਕਾਰਨ ਮਰਨ ਵਾਲਿਆਂ ਵਿਚੋਂ 66 ਫੀਸਦੀ ਮਰੀਜ ਸਿਗਰਟਨੋਸ਼ੀ ਦੇ ਆਦੀ ਸਨ। ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਦੀਆਂ ਸਪੱਸ਼ਟ ਹਦਾਇਤਾਂ ਵਿਚ ਕਿਹਾ ਗਿਆ ਹੈਕਿ 'ਸਿਗਰਟ ਐਂਡ ਅਦਰ ਤੰਬਾਕੂ ਪ੍ਰੋਡਕਟ ਪੈਕਿੰਗ ਐਂਡ ਲੇਬਲਿੰਗ' ਰੂਲਜ਼ 2006 ਤਹਿਤ ਸਿਗਰਟ ਤੇ ਤੰਬਾਕੂ ਵਾਲੇ ਹਰੇਕ ਪਦਾਰਥ ਦੇ ਪੈਕਟ ਉਤੇ ਸਿਹਤ ਸੰਬੰਧੀ ਤਾਕੀਦ ਲਿਖੀ ਤੇ ਛਪੀ ਹੋਣੀ ਅਤਿ ਜਰੂਰੀ ਹੈ। ਅਜਿਹਾ ਨਾ ਕਰਨ ਵਾਲੇ ਨੂੰ 2 ਸਾਲ ਦੀ ਕੈਦ ਤੇ 5000 ਰੁਪਏ ਤੱਕ ਜੁਰਮਾਨਾ ਹੋ ਸਕਦਾ ਹੈ। ਭਾਵੇਂ ਦੇਸ਼ ਦੀ ਸਰਵਉਚ ਅਦਾਲਤ ਨੇ ਨਵੰਬਰ 2004 ਵਿਚ ਫੈਸਲਾ ਦੇ ਕੇ ਜਨਤਕ ਸੂਚਨਾ ਰਾਹੀਂ ਜਨਤਕ ਸਥਾਨਾਂ ਤੇ ਸਿ-ਗਰਟਨੋਸ਼ੀ ਤੇ ਪਾਬੰਦੀ ਲਗਾ ਦਿੱਤੀ ਸੀ। ਪਰ ਇਸ ਨੂੰ ਲਾਗੂ ਕਰਵਾਉਣ ਵਾਲੀ ਜਿੰਮੇਵਾਰੀ ਲੈਣ ਨੂੰ ਕੋਈ ਤਿਆਰ ਨਹੀਂ। ਪੰਜਾਬ ਵਿਚ ਲਗਭਗ ਵੀਹ ਪ੍ਰਤੀਸ਼ਤ ਲੋਕ ਤੰਬਾਕੂ ਦੇ ਆਦੀ ਹਨ। ਪੰਜਾਬ ਵਿਚ 10 ਤੋਂ 14 ਸਾਲ ਦੇ ਬੱਚੇ ਵੀ ਸਿਗਰਟਨੋਸ਼ੀ ਕਰਨ ਲੱਗ ਪਏ ਹਨ। ਤੰਬਾਕੂ ਨੂੰ ਛੋਟੇ-ਛੋਟੇ ਚਮਕੀਲੇ, ਆਕਰਸ਼ਿਤ ਪੈਕਟਾਂ ਵਿਚ ਕਈ ਕਈ ਨਾਮਾਂ 'ਚ ਸੁਆਦੀ ਰੰਗਤ ਦੇ ਕੇ ਬੱਚਿਆਂ ਨੂੰ ਲਲਚਾਇਆ ਜਾਂਦਾ ਹੈ। ਆਮ ਦੁਕਾਨਾਂ ਤੇ ਖੋਖਿਆਂ ਤੇ ਰੰਗ ਬਰੰਗੇ ਪੈਕਟ ਦੂਰੋਂ ਹੀ ਸਾਹਮਣੇ ਲਟਕਦੇ ਨਜਰ ਆਉਂਦੇ ਹਨ। ਤਿੰਨ ਦਹਾਕੇ ਪਹਿਲਾ ਪੰਜਾਬ ਦੇ ਮਸ਼ਹੂਰ ਗਾਇਕ ਜੋ ਅੱਜ ਕਲ੍ਹ ਵਿਧਾਨ ਸਭਾ ਮੈਂਬਰ ਹੈ, ਦੇ ਇੱਕ ਅਜਿਹੇ ਗੀਤ, ਜਿਸ ਦੇ ਬੋਲ ਨੇ, 'ਜ਼ਰਦੇ ਬਿਨ ਮਰਦਾ, ਤਲੀ ਤੇ ਪਟਾਕਾ ਜਿਹਾ ਪਾਉਂਦਾ, ਵੇ ਢੋਲੇ ਦੀਆਂ ਲਾਉਂਦਾ' ਨੇ ਲੋਕਾਂ ਨੂੰ ਜ਼ਰਦੇ ਦਾ ਸੁਆਦ ਚੱਖਣ ਲਈ ਵਧੇਰੇ ਚੇਟਕ ਲਾ ਦਿੱਤੀ। ਇਹੋ ਜਿਹੇ ਰਾਜਨੀਤਿਕ ਨੇਤਾਵਾਂ ਤੋਂ ਨਸ਼ਿਆਂ ਵਿਰੋਧੀ ਕੀ ਆਸ ਰੱਖ ਸਕਦੇ ਹੋ? ਭਾਰਤ ਸਰਕਾਰ ਨੇ 2004 'ਚ ਇਕ ਇਸ਼ਤਿਹਾਰ ਰਾਹੀਂ ਜਨਤਕ ਸੂਚਨਾ ਰਾਹੀਂ ਤੰਬਾਕੂ ਰੋਕਥਾਮ ਕਾਨੂੰਨ ਨੂੰ 1 ਮਈ 2004 ਤੋਂ ਲਾਗੂ ਕਰ ਦਿੱਤਾ ਗਿਆ। ਇਸ ਅਨੁਸਾਰ ਜਨਤਕ ਥਾਵਾਂ ਤੇ ਸਿਗਰਟ ਪੀਣ ਤੇ ਪਾਬੰਦੀ, ਸਿਗਰਟ ਅਤੇ ਹੋਰ ਤੰਬਾਕੂ ਉਤਪਾਦਾਂ ਦੇ ਇਸ਼ਤਿਹਾਰ 'ਤੇ ਪਾਬੰਦੀ ਅਤੇ 18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਸਿਗਰਟ ਅਤੇ ਹੋਰ ਤੰਬਾਕੂ ਉਤਪਾਦ ਵੇਚਣ 'ਤੇ ਪਾਬੰਦੀ ਲਾ ਦਿੱਤੀ। ਐਕਟ ਦੇ ਅਧੀਨ ਮਨਾਹੀ ਕੀਤੇ ਉਤਪਾਦਾਂ 'ਚ ਸਿਗਰਟ, ਸ਼ਿਗਾਰ, ਚੁਰਟ, ਬੀੜੀ, ਸਿਗਰਟ ਤੰਬਾਕੂ, ਪਾਈਪ ਤੰਬਾਕੂ ਅਤੇ ਹੁੱਕਾ ਤੰਬਾਕੂ ਅਤੇ ਚਬਾਉਣ ਵਾਲਾ ਤੰਬਾਕੂ, ਨਾਮਵਰ ਪਾਨ ਮਸਾਲਾ ਜਾਂ ਚਬਾਉਣ ਵਾਲਾ ਹੋਰ ਕੋਈ ਵੀ ਉਤਪਾਦ ਜਿਸ ਵਿਚ ਤੰਬਾਕੂ ਮਿਲਾਇਆ ਸ਼ਾਮਿਲ ਕੀਤੇ ਗਏ ਹਨ। ਜਨਤਕ ਥਾਵਾਂ ਤੋਂ ਭਾਵ ਜਿਥੇ ਜ਼ਨਤਾ ਦਾ ਆਉਣ ਜਾਣ ਹੈ। ਇਸ ਵਿਚ ਸ਼ਾਮਿਲ ਆਡੀਟੋਰਿਅਮ, ਹਸਪਤਾਲ ਭਵਨ, ਸਿਹਤ ਸੰਸਥਾਵਾਂ, ਮਨੋਰੰਜਨ, ਕੇਂਦਰ, ਰੈਸਟੋਰੈਂਟਸ, ਜਨਤਕ ਦਫਤਰ ਅਦਾਲਤਾਂ ਸਿੱਖਿਆ ਸੰਸਥਾਵਾਂ, ਲਾਇਬ੍ਰੇਰੀਆਂ, ਜਨਤਕ ਪਰਿਵਹਿਨ, ਖੁੱਲ੍ਹੇ ਆਡੀਟੋਰੀਅਮ, ਸਟੇਡੀਅਮ, ਰੇਲਵੇ ਸਟੇਸ਼ਨ, ਬਸ ਸਟਾਪ ਆਦਿ ਹੈ। ਪਰ ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ ਤੇ ਅੱਜ ਵੀ ਬੁਰਾ ਹਾਲ ਹੈ। ਥਾਂ-ਥਾਂ ਗੁਟਕੇ ਦੀਆਂ ਪਿਚਕਾਰੀਆਂ, ਤੰਬਾਕੂ ਦਾ ਧੂੰਆਂ ਆਮ ਹੈ।ਸਰਕਾਰੀ ਦਫਤਰਾਂ ਦੀਆਂ ਪੌੜੀਆਂ ਦੇ ਖੂੰਝਿਆਂ, ਬਾਥਰੂਮਾਂ ਆਦਿ ਥਾਵਾਂ 'ਤੇ ਬੀੜੀ, ਸਿਗਰਟਾਂ ਟੋਟੇ ਆਮ ਦਿਖਾਈ ਦਿੰਦੇ ਹਨ। ਹੈ ਕੋਈ ਰੋਕਣ ਵਾਲਾ ਇਹਨਾਂ ਲੋਕਾਂ ਨੂੰ ਇਸ ਤਰ੍ਹਾਂ ਕਰਨ ਤੋਂ। ਹਾਂ ਏਨਾ ਜਰੂਰ ਹੈ ਦਫਤਰਾਂ ਆਦਿ ਜਨਤਕ ਥਾਵਾਂ ਤੇ ਸਿਗਰਟ, ਤੰਬਾਕੂ ਪੀਣਾ ਮਨ੍ਹਾਂ ਹੈ ਦੇ ਬੋਰਡ ਜਰੂਰ ਲਾ ਦਿੱਤੇ ਹਨ ਪਰ ਇਹਨਾਂ 'ਤੇ ਅਮਲ ਕਰਵਾਉਣ ਵਾਲਾ ਕੋਈ ਨਹੀਂ। ਭਾਵੇਂ ਚੰਡੀਗੜ੍ਹ ਪ੍ਰਾਸ਼ਾਸ਼ਨ ਨੇ ਇਸ ਸੰਬੰਧ 'ਚ ਕਾਰਵਾਈ ਕਰਦਿਆਂ 15 ਜੁਲਾਈ 2007 ਤੋਂ ਚੰਡੀਗੜ੍ਹ ਨੂੰ ਭਾਰਤ ਦਾ ਪਹਿਲਾ ਸਿਗਰਟਨੋਸ਼ੀ ਰਹਿਤ ਸ਼ਹਿਰ ਐਲਾਣ ਦਿੱਤਾ ਹੈ।ਦੇਖਣਾ ਤਾਂ ਇਹ ਹੈ ਕਿ ਸੱਚਮੁਚ ਜਨਤਕ ਥਾਵਾਂ ਤੇ ਸਿਗਰਟਨੋਸ਼ੀ ਦੀ ਪਾਬੰਦੀ ਲਾਗੂ ਕਰਨ ਵਾਲੇ ਕਿੰਨੀ ਕੁ ਦਿਆਨਤਦਾਰੀ ਨਾਲ ਆਪਣੀ ਜਿੰਮੇਵਾਰੀ ਨਿਭਾਉਂਦੇ ਹਨ। ਇਹ ਕਾਰਜ ਬੜਾ ਮੁਸ਼ਕਿਲ ਹੈ। ਗੁਰੂਆਂ ਪੀਰਾਂ ਦੀ ਧਰਤੀ ਹੋਣ ਦੇ ਬਾਵਜੂਦ ਪੰਜਾਬ ਅੰਦਰ ਪਤਾ ਨਹੀਂ ਕਿਉਂ ਇਸ ਸੰਬੰਧ 'ਚ ਕਾਰਗਰ ਕਾਰਵਾਈ ਨਹੀਂ ਕੀਤੀ ਜਾਂਦੀ। ਬੱਚੇ ਖੋਖਿਆਂ ਤੇ ਤੰਬਾਕੂ ਵੇਚਦੇ ਹਨ, ਤੰਬਾਕੂ ਬੱਚਿਆਂ ਨੂੰ ਵੇਚਿਆ ਵੀ ਜਾਂਦਾ ਹੈ। ਅਸਲ ਤਾਂ ਇਹਨਾਂ ਉਤਪਾਦਾਂ ਨੂੰ ਆਮ ਦੁਕਾਨਾਂ ਤੇ ਰੱਖਣ ਦੀ ਮਨਾਹੀ ਹੋਣੀ ਚਾਹੀਦੀ ਹੈ। ਹੁਣ ਤਾਂ ਹਰ ਕੋਈ ਦੁਕਾਨਦਾਰ ਆਪਣੀ ਦੁਕਾਨ ਤੇ ਤੰਬਾਕੂ ਉਤਪਾਦ ਰੱਖੀ ਬੈਠਾ ਹੈ। ਸਿੱਖ ਧਰਮ ਵਿਚ ਤਾਂ ਉਂਝ ਹੀ ਤੰਬਾਕੂ ਪੀਣ ਦੀ ਮਨਾਹੀ ਹੈ। ਪੰਜਾਬ ਵਿਚ ਸਿੱਖ ਵਸੋਂ ਜ਼ਿਆਦਾ ਹੋਣ ਕਾਰਨ ਸਰਕਾਰ ਨੂੰ ਵੀ ਉਹਨਾਂ ਦੀਆਂ ਭਾਵਨਾਵਾਂ ਦਾ ਅਤੇ ਸੁਪਰੀਮ ਕੋਰਟ ਦੇ ਆਦੇਸ਼ਾਂ ਦਾ ਸਤਿਕਾਰ ਕਰਦਿਆਂ ਇਸ ਨੂੰ ਸਖਤੀ ਨਾਲ ਘੱਟੋ-ਘੱਟੋ ਜਨਤਕ ਥਾਵਾਂ 'ਤੇ ਤਾਂ ਲਾਗੂ ਕਰਵਾਇਆ ਜਾਣਾ ਚਾਹੀਦਾ ਹੈ। ਜਿਹੜੇ ਲੋਕ ਸਿਗਰਟ ਦੇ ਧੂੰਏਂ ਕੋਲ ਦੀ ਲੰਘਦੇ ਹਨ ਉਹਨਾਂ ਦੇ ਅੰਦਰ ਵੀ ਨਿਕੋਟੀਨ ਵਰਗੇ ਜਹਿਰੀਲੇ ਤੱਤ ਚਲੇ ਜਾਂਦੇ ਹਨ ਤੇ ਬਿਮਾਰੀਆਂ ਦੇ ਕਾਰਨ ਬਣ ਸਕਦੇ ਹਨ। ਸਭ ਨੂੰ ਪਤਾ ਹੈ ਕਿ ਤੰਬਾਕੂ ਨਾਲ ਕੈਂਸਰ ਦੀ ਭਿਆਨਕ ਬਿਮਾਰੀ ਚਿੰਬੜਦੀ ਹੈ ਅਤੇ ਉਮਰ ਵੀ ਘਟਦੀ ਹੈ। ਆਸਾਮ ਅੰਦਰ ਕੈਂਸਰ ਦੇ ਵਧਦੇ ਰੁਝਾਨ ਨੂੰ ਦੇਖਦੇ ਹੋਏ 'ਗਲੋਬਲ ਅਡਲਟ ਤੰਬਾਕੂ ਸਰਵੇ 2010' ਕਰਵਾਇਆ ਗਿਆ, ਜਿਸ ਵਿਚ ਇਹ ਸਾਹਮਣੇ ਆਇਆ ਕਿ 39.03% ਤੰਬਾਕੂ ਦੀ ਕਿਸੇ ਨਾ ਕਿਸੇ ਰੂਪ ਵਿੱਚ ਵਰਤੋਂ ਕੀਤੀ ਜਾਂਦੀ ਹੈ ਅਤੇ 32.07% ਧੂੰਆਂ ਰਹਿਤ ਤੰਬਾਕੂ ਦੀ ਵਰਤੋਂ ਕੀਤੀ ਜਾਂਦੀ ਹੈ। ਆਸਾਮ ਸਰਕਾਰ ਨੇ ਫਰਵਰੀ 2014 ਵਿੱਚ ਐਂਟੀ ਤੰਬਾਕੂ ਐਕਟ 2013 ਜਿਸ ਵਿੱਚ ਧੂੰਆਂ ਰਹਿਤ ਤੰਬਾਕੂ( ਜ਼ਰਦਾ, ਗੁਟਕਾ, ਪਾਨ ਮਸਾਲਾ ਆਦਿ ਦੇ ਬਣਾਉਣ ਇਸ਼ਤਿਹਾਰ ਬਾਜ਼ੀ ਕਰਨ, ਵਪਾਰ, ਸਟੋਰ ਕਰਨ, ਵੰਡਣ, ਵੇਚਣ ਅਤੇ ਵਰਤੋਂ ਕਰਨ) ਤੇ ਪਾਬੰਦੀ ਲਾ ਕੇ ਦੇਸ਼ ਵਿੱਚ ਪਹਿਲਾ ਰਾਜ ਬਣ ਗਿਆ ਹੈ। ਆਸਾਮ ਦੇ ਸਿਹਤ ਮੰਤਰੀ ਨੇ ਅਗਲਾ ਮਿਸ਼ਨ 'ਸਮੋਕਿੰਗ ਤੰਬਾਕੂ' ਨੂੰ ਰੋਕਣ ਦਾ ਰੱਖਿਆ ਹੈ। ਪੰਜਾਬ ਤੋਂ ਪਹਿਲ ਕਰਦਿਆਂ ਹਰਿਆਣਾ ਦੇ ਸਿਹਤ ਮੰਤਰੀ ਅਨਿਲ ਵਿਜ਼ ਨੇ ਲੋਕਾਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਸੂਬੇ ਵਿਚ ਗੁਟਕਾ, ਪਾਨ, ਮਸਾਲਾ, ਸੁਗੰਧਿਤ ਤੇ ਸਵਾਦੀ ਤੰਬਾਕੂ ਆਦਿ ਪਦਾਰਥਾਂ ਦੇ ਨਿਰਮਾਣ, ਭੰਡਾਰਣ, ਵੰਡ ਅਤੇ ਵੇਚ-ਵੰਡ ਉੱਤੇ ਪੂਰੀ ਪਾਬੰਦੀ ਲਗਾ ਦਿੱਤੀ ਹੈ। ਬਾਜ਼ਾਰ ਵਿਚ ਦੂਜੇ ਨਾਮਾਂ ਨਾਲ ਵਿਕਣ ਵਾਲੇ ਤੰਬਾਕੂ ਵਾਲੇ ਹੋਰ ਪਦਾਰਥਾਂ ਨੂੰ ਵੀ ਇਸ ਪਾਬੰਦੀ ਅਧੀਨ ਲਿਆਂਦਾ ਹੈ।ਪਰ ਪੰਜਾਬ ਅੰਦਰ ਅਜਿਹਾ ਕਿਉਂ ਨਹੀ ਹੋ ਰਿਹਾ? ਤੰਬਾਕੂ ਉਤਪਾਦ ਬਣਾਉਣ ਵਾਲੀਆਂ ਫੈਕਟਰੀਆਂ ਵੱਡੇ-ਵੱਡੇ ਸ਼ਰਮਾਏਦਾਰ ਅਤੇ ਰਾਜਨੀਤਿਕਾਂ ਦੀਆਂ ਹੋਣ ਦੇ ਬਾਵਜੂਦ ਇਹਨਾਂ ਤੇ ਪਾਬੰਦੀ ਲਾਉਣੀ ਸੌਖੀ ਨਹੀਂ ਜਾਪਦੀ ਕਿਉਂਕਿ ਚੋਣਾਂ ਸਮੇਂ ਇਹ ਲੋਕ ਰਾਜਨੀਤਿਕ ਪਾਰਟੀਆਂ ਨੂੰ ਮੋਟੀਆਂ ਰਕਮਾਂ ਚੰਦੇ ਦੇ ਰੂਪ ਵਿੱਚ ਦਿੰਦੀਆਂ ਹਨ।



ਹੁਣ ਜੋ ਇਸ ਮਾੜੀ ਆਦਤ ਦੇ ਆਦੀ ਹੋ ਚੁੱਕੇ ਹਨ ਉਹਨਾਂ ਨੂੰ ਹਟਾਉਣਾ ਤਾਂ ਮੁਸ਼ਕਿਲ ਕੰਮ ਹੈ। ਪਰ ਅਸੀਂ ਇਸ ਦੇ ਭਵਿੱਖ ਵਿਚ ਆ ਰਹੇ ਖਤਰੇ ਨੂੰ ਭਾਪਦਿਆਂ ਸਾਡੇ ਬੱਚਿਆਂ ਨੂੰ ਜਰੂਰ ਇਸ ਕੋਹੜ ਰੂਪੀ ਤੰਬਾਕੂ ਤੋਂ ਬਚਾਉਣ ਲਈ ਉਪਰਾਲੇ ਕਰ ਸਕਦੇ ਹਾਂ। ਬੱਚਾ ਤਾਂ ਕਲੀ ਵਾਂਗ ਹੁੰਦਾ ਹੈ ਜਿੱਧਰ ਮਰਜੀ ਮੋੜ ਲਵੋ। ਬੱਚੇ ਉਪਰ ਪ੍ਰਭਾਵ ਸਕੂਲੀ ਸਮੇਂ ਦੌਰਾਨ ਜ਼ਿਆਦਾ ਪੈਂਦਾ ਹੈ। ਬੱਚੇ ਲਈ ਅਧਿਆਪਕ ਅਤੇ ਮਾਪਿਆਂ ਦਾ ਇਸ ਸਮੇਂ ਬਹੁਤ ਵੱਡਾ ਰੋਲ ਹੁੰਦਾ ਹੈ। ਬੱਚਿਆਂ ਨੂੰ ਜ਼ੇ ਹੋ ਸਕੇ ਤਾਂ ਤੰਬਾਕੂ ਤੋਂ ਪੀੜ੍ਹਿਤ ਮਰੀਜਾਂ ਦੀਆਂ ਫਿਲਮਾਂ ਦਿਖਾ ਕੇ,ਤੰਬਾਕੂ ਦੇ ਮਾੜੇ ਪ੍ਰਭਾਵਾਂ ਬਾਰੇ ਲਿਟਰੇਚਰ ਪੜ੍ਹਨ ਲਈ ਦੇ ਕੇ ਕਾਫੀ ਹੱਦ ਤੱਕ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਸੋ ਪੰਜਾਬ ਸਰਕਾਰ ਨੂੰ ਇਮਾਨਦਾਰੀ ਨਾਲ ਧੂੰਆਂ ਰਹਿਤ ਤੰਬਾਕੂ ਅਤੇ ਸਿਗਰਟਨੋਸ਼ੀ ਤੇ ਕਾਬੂ ਪਾਉਣ ਲਈ ਆਸਾਮ ਅਤੇ ਹਰਿਆਣਾ ਰਾਜਾਂ ਵਾਂਗ ਠੋਸ ਕਾਰਵਾਈ ਕਰਕੇ ਪੂਰਨ ਪਾਬੰਦੀ ਲਾਉਣੀ ਚਾਹੀਦੀ ਹੈ।

# ਖਾਲਸਾ ਦੇ ਸਿਰਜਣਾ ਦਿਵਸ ਵਿਸਾਖੀ ਦੇ ਵਿਚਾਰਕ ਦਿਹਾੜੇ ਤੇ ਭਾਰਤ ਰਤਨ ਡਾ. ਭੀਮ ਰਾਉ ਅੰਬੇਡਕਰ ਜੀ ਦੀ ਸੋਚ ਦੀ ਸਾਰਥਿਕਤਾ

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 13 ਅਪ੍ਰੈਲ 1699 ਨੂੰ ਦੱਬੇ ਕੁਚਲੇ ਲੋਕਾਂ ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛੂਕਾ ਕੇ ਅਛੂਤਾਂ ਨੂੰ ਨਵੀਂ ਪਛਾਣ ਦੇ ਕੇ ਖਾਲਸਾ ਪੰਥ ਦੀ ਸਿਰਜਣਾ ਕੀਤੀ। ਖਾਲਸੇ ਦੀ ਸਾਜਨਾ ਨਾਲ ਉਸ ਸਮੇਂ ਦੇ ਬ੍ਰਾਹਮਣਵਾਦੀ ਪਹਾੜੀ ਰਾਜੇ ਅਤੇ ਇਸਲਾਮ ਦੀ ਕੱਟੜਤਾ ਤੇ ਜੁਲਮਾਂ ਦੇ ਵਿਰੁੱਧ ਗਰੀਬ ਮਜਲੂਮਾਂ ਦੀ ਰੱਖਿਆ ਕਰਨੀ ਸੀ। ਖਾਲਸੇ ਦੇ ਬਾਨੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਛੂਤਾਂ ਨੂੰ ਖਾਲਸੇ ਦਾ ਰੂਪ ਦਿੱਤਾ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਨਾਂ ਹੀ ਪੰਜ ਸਿੰਘਾਂ (ਅਛੂਤਾਂ) ਕੋਲੋਂ ਹੀ ਖੰਡੇ-ਬਾਟੇ ਦਾ ਅੰਮ੍ਰਿਤ ਛੱਕ ਕੇ ਆਪ ਵੀ ਖਾਲਸੇ ਪੰਥ ਦੇ ਸੇਵਾਦਾਰ ਬਣੇ। ਇਤਿਹਾਸਕਾਰ ਦੱਸਦੇ ਹਨ ਕਿ ਇਹ ਸ਼ਬਦ ਉਸ ਸ਼ੁਭ ਸਮੇਂ ਤੇ ਉਚਾਰਣ ਕੀਤਾ ਗਿਆ ਸੀ "ਵਾਹੁ-ਵਾਹੁ ਗੁਰੂ ਗੋਬਿੰਦ ਸਿੰਘ ਆਪੇ ਗੁਰੂ ਚੇਲਾ" ਜੋ ਖਾਲਸਾ ਇਤਿਹਾਸ ਦੀ ਪਹਿਲੀ ਕੜ੍ਹੀ ਬਣੀ ਸੀ।ਅਤੇ ਅੱਜ ਤੱਕ ਦੂਜੀ ਕੜ੍ਹੀ ਨਹੀ ਬਣ ਸਕੀ ਕਿਉਂਕਿ ਪੰਜਾਬ ਦੇ ਬ੍ਰਾਹਮਣਵਾਦੀ ਜੱਟਾਂ ਨੇ ਸਿੱਖੀ ਤੇ ਪੂਰਾ ਕਬਜ਼ਾ ਕੀਤਾ ਹੋਇਆ ਹੈ ਜਿਸਦਾ ਰਾਜਨੀਤਕ ਫਾਇਦਾ ਇਹ ਲੋਕ ਲੈ ਰਹੇ ਹਨ ਅਤੇ ਭਾਰਤ ਦੇ ਅਛੂਤ ਲੋਕ ਜੋ ਸਿਖੀ ਦੀ ਰੀੜ ਦੀ ਹੱਡੀ ਹਨ ਉਨਾਂ ਨੂੰ ਗੁਲਾਮ ਤੇ ਸੀਰੀ ਤੱਕ ਹੀ ਸੀਮਤ ਕੀਤਾ ਹੋਇਆ ਹੈ ਉਖਾਲਸੇ ਦੀ ਅਰਦਾਸ ਵਿੱਚ ਜੋ ਸ਼ਹੀਦੀਆਂ ਦਾ ਜਿਕਰ ਆਉਦਾ ਹੈ "ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ ਚਰੜਖੀਆਂ ਤੇ ਚੜੇ" ਉਹ ਸਾਰੇ ਸ਼ਬਦ ਤਕਰੀਬਨ ਇਨਾਂ ਅਛੂਤਾਂ ਸਿੰਘਾਂ ਦੀਆਂ ਸ਼ਹਾਦਤਾਂ ਨੂੰ ਹੀ ਸੰਬੋਧਨ ਕੀਤੇ ਜਾਂਦੇ ਹਨ।

ਪੰਜਾਬ ਦੇ ਬ੍ਰਾਹਮਣਵਾਦੀ ਜੱਟੇ ਅਕਸਰ ਇਨਾਂ ਅਛੂਤਾਂ ਨੂੰ ਖਾਲਸਾ ਜਾਂ ਫਿਰ ਮਜ਼ਬੀ ਸਿੰਘ, ਰਵਿਦਾਸੀਆ ਸਿੰਘ ਜਾਂ ਹੋਰ ਸਿੰਘ ਸੰਬੋਧਨ ਕਰਕੇ ਬੁਲਾਉਦੇ ਹਨ ਜੋ ਕਿ ਇੱਕ ਇਨਾਂ ਅਛੂਤ ਲੋਕਾਂ ਦੀ ਜਾਤੀ ਪਹਿਚਾਣ ਬਣਾਈ ਰੱਖਣ ਲਈ ਕੀਤਾ ਜਾਂਦਾ ਹੈ। ਪਰ ਮੰਨੁਵਾਦੀ ਲੋਕ ਆਪਣੇ ਨਾਵਾਂ ਪਿਛੇ ਬਰਾੜ ਅਤੇ ਗਿੱਲ ਆਦਿ ਲਗਾਉਦੇ ਹਨ, ਕਿਉਂ? ਜੇ ਕਰ ਤੁਸੀ ਗੁਰੂ ਦੇ ਸਿੰਘ ਹੋ ਤਾਂ ਅਜਿਹਾ ਕਿਉਂ ਹੋ ਰਿਹਾ ਹੈ? ਪਰ ਇਹ ਬੇ-ਸਮਝ ਲੋਕ ਇਸ ਵੱਲ ਧਿਆਨ ਨਹੀਂ ਦੇ ਰਹੇ ਕਿ ਜਦੋਂ ਉਨਾਂ ਨੇ ਹੀ ਆਪ ਪੰਜ ਪਿਆਰਿਆਂ ਤੋਂ ਅੰਮ੍ਰਿਤ ਛੱਕਿਆ ਸੀ ਤਾਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ-ਆਪ ਤੋਂ ਜਾਤ-ਪਾਤ ਰਹਿਤ ਹੋ ਗਏ ਸਨ ਤੇ ਉਨਾਂ ਨੇ ਇਹ ਮਰਿਯਾਦਾ ਬਣਾਈ ਰੱਖੀ ਸੀ ਭਾਵੇਂ ਉਨਾਂ ਨੂੰ ਬ੍ਰਾਹਮਣਵਾਦੀ ਪਹਾੜੀ ਰਾਜਿਆਂ ਦੀ ਇਸੇ ਕਰਕੇ ਹੀ ਦੁਸ਼ਮਣੀ ਸਹਿਣੀ ਪਈ ਸੀ।

ਸਰਬੰਸ ਦਾਨੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦੇ ਅੰਤਲੇ ਸਮੇਂ ਵਿੱਚ ਇਹ ਸ਼ਬਦ ਉਚਾਰਣ ਕੀਤਾ ਸੀ ਕਿ "ਗੁਰੂ ਮਾਨਿਉ ਗ੍ਰੰਥ ਪ੍ਰਗਟ ਗੁਰਾਂ ਦੀ ਦੇਹ" ਤਾਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਅਧੀਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਿਰਾਜਮਾਨ ਸਾਰੇ ਭਗਤਾਂ, ਭੱਟਾਂ ਤੇ ਹੋਰ ਵੀ ਸਾਰੇ ਗੁਰੂ ਹੀ ਹਨ ਪਰ ਫਿਰ ਵੀ ਅਖੋਤੀ ਉਚੀਆਂ ਜਾਤਾਂ ਵਾਲੇ ਲੋਕ ਭਗਤਾਂ ਨੂੰ ਗੁਰੂ ਨਹੀਂ ਮੰਨਦੇ ਜੋ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਤੋਂ ਉਲਟ ਚੱਲ ਰਹੇ ਹਨ। ਅਜਿਹਾ ਵੀ ਦੇਖਣ ਨੂੰ ਆਉਦਾ ਹੈ ਕਿ ਕਈ ਲੋਕ ਸਮਝਦੇ ਹਨ ਕਿ ਸ਼੍ਰੀ ਗੁਰੂ ਰਵਿਦਾਸ ਸਭਾ ਵਿੱਚ ਬਿਰਾਜਮਾਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਰਵਿਦਾਸੀਆ ਦਾ ਹੀ ਹੈ ਤੇ ਬਹੁਤ ਸਾਰੇ ਮੰਨੂਵਾਦੀ ਲੋਕਾਂ ਇਥੇ ਨਤਮੱਸਤਕ ਵੀ ਨਹੀ ਹੁੰਦੇਂ।

ਸਿੱਖ ਧਰਮ ਦੇ ਬਾਨੀ ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਗੁਰੂਆਂ ਨੇ ਬ੍ਰਹਮਣਵਾਦੀ ਸੋਚ ਨੂੰ ਖਤਮ ਕਰਕੇ ਖਾਲਸੇ ਦੀ ਸਿਰਜਨਾਂ ਕੀਤੀ ਸੀ ਤੇ ਜਾਤ-ਪਾਤ ਨੂੰ ਤੋੜਿਆ ਤੇ ਔਰਤਾਂ ਦਾ ਸਤਿਕਾਰ ਬਹਾਲ ਕੀਤਾ ਸੀ ਪਰ ਬ੍ਰਹਮਣਵਾਦੀ ਤਾਕਤਾਂ ਲਗਾਤਾਰ ਗੁਰੂਆਂ ਦੀ ਫਿਲਾਸਫੀ ਨੂੰ ਘਾਤ ਲਗਾਉਂਦੀਆਂ ਰਹੀਆਂ ਹਨ ਤੇ ਅੱਜ ਦੇ ਸਮੇਂ ਵਿੱਚ ਵੀ ਲਗਾ ਰਹੀਆਂ ਹਨ।

ਸਮੂਹ ਗੁਰੂਆਂ ਦੀ ਵਿਚਾਰਧਾਰਾ ਨੂੰ ਭਾਰਤ ਰਤਨ ਡਾ. ਭੀਮ ਰਾਉ ਅੰਬੇਡਕਰ ਜੀ ਨੇ ਵੀ ਆਪਣੀ ਜ਼ਿੰਦਗੀ ਵਿੱਚ ਬ੍ਰਹਮਣਵਾਦ ਦੇ ਖਿਲਾਫ ਜਦੋ-ਜਹਿਦ ਲਈ ਵਰਤਿਆ ਤੇ ਆਪਣੀ ਕਲਮ ਦੀ ਇੱਕ ਸਟਰੋਕ ਨਾਲ ਭਾਰਤੀ ਸੰਵਿਧਾਨ ਰਾਂਹੀ ਗੁਰੂਆਂ ਦੀ ਸਮਾਜਿਕ ਫਿਲਾਸਫੀ ਨੂੰ ਕਾਨੂੰਨ ਰਾਂਹੀ ਸੁਰੱਖਿਆ ਪ੍ਰਦਾਨ ਕੀਤਾ ਸੀ ਅਤੇ ਆਪਜੀ ਨੇ ਜਾਤ-ਪਾਤ ਨੂੰ ਤੋੜਨ ਵਾਸਤੇ ਇੱਕ ਬ੍ਰਹਮਣ ਔਰਤ ਨਾਲ ਦੂਜਾ ਵਿਆਹ ਕੀਤਾ ਸੀ।

ਡਾ. ਭੀਮ ਰਾਉ ਅੰਬੇਡਕਰ ਜੀ ਦੀ ਵਿਚਾਰਧਾਰਾ ਦੀ ਕੜ੍ਹੀ ਨੂੰ ਜੋੜਨ ਵਾਸਤੇ ਉਨਾਂ ਦੇ ਜੀਵਨ ਨੂੰ ਜਾਨਣ ਦੀ ਲੋੜ ਹੈ ਕਿਉਂਕਿ ਉਨਾਂ ਦੀ ਵਿਚਾਰਧਾਰਾ ਸਰਬਜਨਕ ਭਾਰਤੀ ਲੋਕਾਂ ਵਾਸਤੇ ਹੈ।

ਡਾ. ਭੀਮ ਰਾਉ ਅੰਬੇਡਕਰ ਆਪਣੇ ਸਮੇਂ ਵਿੱਚ ਪੂਰੇ ਏਸ਼ੀਆ ਚੋ ਸੱਭ ਤੋਂ ਵੱਧ ਪੜੇ ਲਿਖੇ ਵਿਦਵਾਨ ਮੰਨੇ ਜਾਂਦੇ ਸਨ ਜੋ ਕਿ ਆਪਣੇ ਮਾਤਾ ਪਿਤਾ ਜੀ ਦੀ 14 ਵੀਂ ਸੰਤਾਨ ਸਨ। ਉਨਾਂ ਦੀ ਸੋਚ ਅਗਾਹ-ਵੱਧੂ ਸੀ ਜਿਸਦੇ ਅਧੀਨ ਉਨਾਂ ਨੇ ਸਾਰੇ ਭਾਰਤੀ ਅਤੇ ਵਿਸ਼ੇਸ਼ ਕਰਕੇ ਔਰਤਾਂ ਅਤੇ ਦਲਿਤ ਸਮਾਜ ਦੇ ਹੱਕਾਂ ਵਾਸਤੇ ਆਪਣੀ ਅਵਾਜ਼ ਬੁਲੰਦ ਕੀਤੀ ਉਹ ਭਾਰਤੀ ਸੰਵਿਧਾਨ ਦੇ ਮੁੱਖ ਨਿਰਮਾਤਾ ਸਨ।

ਰੱਛਪਾਲ ਸਿੰਘ ਭਾਰਦਵਾਜ
1-778-866-7755

ਡਾ. ਭੀਮ ਰਾਉ ਅੰਬੇਡਕਰ ਜੀ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਗਏ ਤੇ ਉਥੋ ਦੇ ਦੇਸ਼ਾਂ ਦੀ ਰਹਿਣੀ-ਬਹਿਣੀ ਤੇ ਉਨਾਂ ਦੇ ਕਲਚਰ ਨੂੰ ਜਾਨਣ ਦਾ ਮੌਕਾ ਮਿਲਿਆ। ਡਾ. ਭੀਮ ਰਾਉ ਅੰਬੇਡਕਰ ਜੀ ਨੇ ਅਮਰੀਕਾ ਦੀ ਕੋਲੰਬੀਆ ਯੂਨੀਵਰਸਟੀ ਨਿਉਯਾਰਕ ਤੋਂ 1917 ਵਿੱਚ ਪੀ.ਐਚ.ਡੀ ਦੀ ਡਿਗਰੀ ਪ੍ਰਪਾਤ ਕੀਤੀ ਤੇ 1923 ਵਿੱਚ ਉਨਾਂ ਨੇ ਯੂ.ਕੇ. ਤੋਂ ਡੀ.ਐਸੀ.ਸੀ. ਤੇ ਬੈਰਿਸਟ੍ਰੀ ਡਿਗਰੀ ਪਾਸ ਕੀਤੀ। ਏਸ਼ੀਆ ਦੀ ਸੱਭ ਤੋਂ ਵੱਡੀ ਲਾਇਬ੍ਰੇਰੀ ਉਨਾਂ ਦੇ ਘਰ ਵਿੱਚ ਹੀ ਸੀ ਕਿਉਂਕੇ ਬਾਬਾ ਸਹਿਬ ਜੀ ਕਿਤਾਬਾਂ ਨੂੰ ਬਹੁਤ ਪਿਆਰ ਕਰਦੇ ਸਨ।

ਅੱਜ ਦੇ ਸਮੇਂ ਅਨੁਸਾਰ ਜੋ ਭਾਰਤ ਦਾ ਸੰਵਿਧਾਨ ਉਨਾਂ ਵਲੋਂ ਲਿਖਿਆ ਗਿਆ ਸੀ,ਸੰਸਾਰ ਦੀ ਜਾਣਕਾਰੀ ਰਖਣ ਵਾਲੇ ਲੋਕ ਭਾਰਤੀ ਸੰਵਿਧਾਨ ਨੂੰ ਇੰਨਸਾਨੀਅਤ ਦਾ ਰੱਖਿਅਕ ਸੰਵਿਧਾਨ ਮੰਨਦੇ ਹਨ। ਡਾ. ਭੀਮ ਰਾਉ ਅੰਬੇਡਕਰ ਜੀ ਨੇ ਬੇਗਿਣਤ ਕਿਤਾਬਾਂ ਦਾ ਅਧਿਅਨ ਕਰਨ ਤੋਂ ਬਾਅਦ ਭਾਰਤੀ ਸੰਵਿਧਾਨ ਨੂੰ ਲਿਖਿਆ ਸੀ। ਭਾਰਤ ਦੇ ਮੰਨੂਵਾਦੀ ਲੋਕ ਇਸ ਸੰਵਿਧਾਨ ਨੂੰ ਬਦਲਣ ਵਾਸਤੇ ਆਪਣੇ ਸਾਰੇ ਯਤਨ ਕਰ ਰਹੇ ਹਨ। ਕਿਉਂਕਿ ਇਸੇ ਹੀ ਸੰਵਿਧਾਨ ਨੇ ਹਿੰਦੂਆਂ ਦੇ ਮੰਨੂਸਿਮ੍ਰਤੀ ਗ੍ਰੰਥ ਨੂੰ ਖੱਤਮ ਕੀਤਾ ਸੀ ਅਤੇ ਸਾਰੇ ਭਾਰਤੀਆਂ ਨੂੰ ਧਾਰਮਿਕ, ਆਰਥਿਕਤਾ, ਰਾਜਨੀਤਕ ਤੇ ਵਿਦਿਆ ਗ੍ਰਹਣ ਕਰਨ ਦੀ ਅਜ਼ਾਦੀ ਦਿਵਾਈ ਸੀ।



ਡਾ. ਭੀਮ ਰਾਉ ਅੰਬੇਡਕਰ ਇੱਕ ਡੂੰਘੀ ਸੋਚ ਰੱਖਣ ਵਾਲੇ ਭਾਰਤੀ ਵਿਦਵਾਨ ਸਨ ਜਿਨਾਂ ਦੀ ਅਗਾਹਵੱਧੂ ਸੋਚ ਅਧੀਨ ਭਾਰਤੀ ਰਿਜ਼ਰਬ ਬੈਂਕ ਦੀ ਨੀਂਹ ਰਖੀ ਗਈ ਸੀ। ਭਾਰਤੀ ਖੇਤੀਬਾੜੀ ਉਦਯੋਗ ਵਾਸਤੇ ਪਾਣੀਆਂ ਦੇ ਵਿਸਥਾਰ ਅਧੀਨ ਦਮੋਦਰ ਮਹਾਂਨਦੀ, ਸੋਨਘਾਟੀ, ਹੀਰਾ ਕੁੰਡ ਡੈਮ, ਬਦਰਾ ਬੰਧ ਤੇ ਭਾਖੜਾ ਡੈਮ ਦੀ ਉਸਾਰੀ ਮਲਟੀਪ੍ਰੋਜੈਕਟ ਦੇ ਅਧੀਨ ਕਰਵਾਈ ਗਈ ਤੇ ਬਿਜਲੀ ਗਰਿਡ ਸੱਬ ਸਟੇਸ਼ਨਾਂ ਦਾ ਨਿਰਮਾਣ ਵੀ ਕੀਤਾ ਗਿਆ ਸੀ। ਡਾ. ਭੀਮ ਰਾਉ ਅੰਬੇਡਕਰ ਜੀ ਨੇ ਮਿੱਲ ਮਜ਼ਦੂਰਾਂ ਨੂੰ ਸਮਾਂਬੱਧ ਮਜ਼ਦੂਰੀ ਦਾ ਅਧਿਕਾਰ, ਮਜ਼ਦੂਰੀ ਬੀਮਾ ਯੋਜਨਾ ਦਾ ਅਧਿਕਾਰ ਦਿਵਾਇਆ ਸੀ। ਉਨਾਂ ਨੇ 22 ਜੁਲਾਈ 1947 ਨੂੰ ਝੰਡਾ ਕਮੇਟੀ ਅਧੀਨ ਭਾਰਤੀ ਝੰਡੇ ਵਿੱਚ ਸਮਰਾਟ ਅਸ਼ੋਕ ਦਾ "ਅਸ਼ੋਕ ਚੱਕਰ" ਪਾਇਆ ਗਿਆ ਸੀ। ਡਾ. ਭੀਮ ਰਾਉ ਅੰਬੇਡਕਰ ਜੀ ਭਾਰਤ ਦੇ ਪ੍ਰਧਾਨ ਮੰਤਰੀ ਤੋਂ ਭਾਰਤ ਦਾ ਪਲੈਨਿੰਗ ਮਹਿਕਮਾ ਮੰਗਦੇ ਸਨ ਕਿਉਂਕੇ ਕਿਸੇ ਵੀ ਦੇਸ਼ ਦੀ ਤਰੱਕੀ ਉੱਦਯੋਗਾਂ ਦੇ ਪਲੈਨ ਤੇ ਨਿਰਭਰ ਕਰਦੀ ਹੈ।ਪਰ ਨਹਿਰੂ ਨੇ ਉਨਾਂ ਨੂੰ ਕਾਨੂੰਨ ਮੰਤਰੀ ਹੀ ਬਣਾਇਆ ਸੀ।

ਡਾ. ਭੀਮ ਰਾਉ ਅੰਬੇਡਕਰ ਜੀ ਨੇ ਦਲਿਤਾਂ ਵਾਸਤੇ ਬਿਰਿਟਸ਼ ਸਰਕਾਰ ਤੋਂ ਦੂਹਰੀ ਵੋਟ ਦਾ ਅਧਿਕਾਰ ਲਿਆ ਸੀ ਕਿਉਂਕੇ ਇਸ ਅਧਿਕਾਰ ਰਾਂਹੀ ਭਾਰਤ ਵਿੱਚ ਦਲਿਤ ਅਜ਼ਾਦੀ ਨਾਲ ਰਹਿ ਸਕਦੇ ਸਨ। ਪਰ ਮੋਹਣਦਾਸ ਕਰਮਚੰਦ ਗਾਂਧੀ ਨੇ ਦਲਿਤਾਂ ਦਾ ਇਹ ਹੱਕ ਖੋ-ਲਿਆ ਸੀ। ਉਸੇ ਰਾਜਨੀਤਕ ਪ੍ਰਬੰਧ ਅਧੀਨ ਦਲਿਤ ਰਾਜਨੀਤਕ ਲੀਡਰਾਂ ਦੀ ਗੁਲਾਮੀ ਵੀ ਸਾਡੇ ਸਮਾਜ ਨੂੰ ਅੱਜ ਵੀ ਢਾਹ ਲਾ ਰਹੀ ਹੈ।

ਡਾ. ਭੀਮ ਰਾਉ ਅੰਬੇਡਕਰ ਜੀ ਨੇ ਆਪਣੀ ਜ਼ਿੰਦਗੀ ਵਿੱਚ ਮਾਰਚ 30,1927 ਨੂੰ ਮਹਾਦ ਤਲਾਬ ਵਿਚੋਂ ਪਾਣੀ ਭਰਨ ਦਾ ਅੰਦੋਲਨ ਸ਼ੁਰੂ ਕੀਤਾ ਤੇ ਮਾਰਚ 2-3, 1930 ਵਿੱਚ ਨਾਸਿਕ ਵਿੱਚ ਕਾਲਾ ਰਾਮ ਮੰਦਰ ਵਿੱਚ ਪ੍ਰਵੇਸ਼ ਕਰਨ ਵਾਸਤੇ ਮੰਦਰ ਪ੍ਰਵੇਸ਼ ਮੋਰਚਾ ਲਾਇਆ ਸੀ। ਡਾ. ਭੀਮ ਰਾਉ ਅੰਬੇਡਕਰ ਤੇ ਉਨਾਂ ਦੇ ਸਾਥੀਆਂ ਨੂੰ ਮੰਦਰ ਵਿੱਚ ਪ੍ਰਵੇਸ਼ ਨਹੀ ਕਰਨ ਦਿੱਤਾ ਗਿਆ ਸੀ। ਡਾ. ਭੀਮ ਰਾਉ ਅੰਬੇਡਕਰ ਜੀ ਨੇ ਦਲਿਤਾਂ ਦੇ ਅਧਿਕਾਰਾਂ ਨੂੰ ਜਤਾਉਣ ਵਾਸਤੇ ਇਹ ਅੰਨਦੋਲਨ ਸ਼ੁਰੂ ਕੀਤੇ ਸਨ ਅਤੇ ਉਨਾਂ ਨੇ ਦੱਸਿਆ ਸੀ ਕੇ "ਜੋ ਕੌਮਾਂ ਆਪਣਾ ਇਤਿਹਾਸ ਨਹੀ ਜਾਣਦੀਆ ਉਹ ਆਪਣਾ ਇਤਿਹਾਸ ਬਣਾ ਵੀ ਨਹੀਂ ਸਕਦੀਆ"।

ਯਿਉਲਾ ਵਿਖੇ ਉਨਾਂ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਹਾਂ ਪਰ ਹਿੰਦੂ ਮਰਾਂਗਾ ਨਹੀ ਅਤੇ ਇਹ ਪ੍ਰਣ ਉਹਨਾਂ ਨੇ ਨਾਗਪੁਰ ਵਿੱਚ 14 ਅਕਤੂਬਰ 1956 ਨੂੰ ਬੁੱਧ ਧਰਮ ਅਪਣਾ ਕੇ ਪੂਰਾ ਕੀਤਾ ਸੀ ।ਡਾ. ਭੀਮ ਰਾਉ ਅੰਬੇਡਕਰ ਜੀ ਨੇ 28 ਅਕਤੂਬਰ 1951 ਨੂੰ ਡੀ.ਏ.ਵੀ. ਕਾਲਜ ਜਲੰਧਰ ਵਿਖੇ ਸੰਸਦੀ ਲੋਕਤੰਤਰ ਦਾ ਭਵਿੱਖ ਦੇ ਵਿਸ਼ੇ ਤੇ ਬੋਲਦਿਆ ਦੱਸਿਆ ਸੀ, ਮਹਾਂਭਾਰਤ ਦੇ ਹਵਾਲੇ ਅਨੁਸਾਰ ਭੀਸ਼ਣ ਜੀ ਨੂੰ ਕਿਸੇ ਨੇ ਪੁਛਿਆ ਕਿ ਜਦੋਂ ਤੁਹਾਨੂੰ ਪਤਾ ਹੈ ਕਿ ਪਾਂਡੂ -ਕੌਰਵਾਂ ਦੇ ਯੁਧ ਵਿੱਚ ਕੌਰਵ ਗਲਤ ਹਨ ਤਾਂ ਤੁਸੀ ਕੌਰਵਾਂ ਦੀ ਮਦਦ ਕਿਉ ਕਰਦੇ ਹੋ? ਤਾਂ ਭੀਸ਼ਣ ਜੀ ਨੇ ਇਤਿਹਾਸਕ ਸ਼ਬਦਾ ਵਿੱਚ ਜਵਾਬ ਦਿੱਤਾ ਸੀ ਕਿ ਮੈਂ ਨਮਕ ਹਲਾਲ ਹਾ, ਮੈਂ ਕੌਰਵਾਂ ਦਾ ਲੂਣ ਖਾਂਦਾ ਹਾਂ, ਇਸ ਕਰਕੇ ਮੈ ਉਨਾਂ ਦਾ ਪੱਖ ਪੂਰਦਾ ਹਾਂ। ਬੇਸ਼ਕ ਉਹ ਗਲਤ ਹੀ ਹਨ- ਅੱਜ ਦੀਆਂ ਕਾਂਗਰਸ ਤੇ ਬੇ.ਜੀ.ਪੀ ਤੇ ਹੋਰ ਪਾਰ-ਟੀਆਂ ਵੀ ਇਸੀ ਨੀਤੀ ਉਪਰ ਚੱਲਦਿਆ ਭਾਰਤ ਦੇ ਪੂੰਜੀਨਿਵੇਸ਼ੀ ਤਾਕਤਾਂ ਜਿਵੇਂ ਕਿ ਬਨੀਆ, ਮਾਰਵਾੜੀਆਂ ਤੇ ਹੋਰ ਕਰੋੜਾਂ ਪਤੀਆਂ ਤੋਂ ਮਾਇਕ ਸਹਾਇਤਾ ਪ੍ਰਾਪਤ ਕਰਦੀਆਂ ਹਨ। ਜਿਸ ਕਰਕੇ ਮੌਜੂਦਾ ਸਰਕਾਰਾਂ ਉਨਾਂ ਵੱਡੇ ਬਿਉਪਾਰੀਆਂ ਦਾ ਹੀ ਪੱਖ-ਪੂਰਦੀਆ ਹਨ। ਨਤੀਜਾ ਇਹ ਹੋਵੇਗਾ ਕਿ ਦੇਸ਼ ਵਿੱਚ ਵਿਦਰੋਹ, ਹੱ-ਫੜਾਦੱਫੜੀ ਤੇ ਅੰ-ਬੇਡਕਰਵਾਦ ਵਿਚਾਰਧਾਰਾ ਫੈਲੇਗੀ।

ਡਾ. ਭੀਮ ਰਾਉ ਅੰਬੇਡਕਰ ਜੀ ਨੂੰ ਸੰਸਾਰ ਦੀਆ ਮਹਾਨ ਹੱਸਤੀਆਂ ਕਿਵੇਂ ਯਾਦ ਕਰਦੀਆ ਹਨ:

**ਇੰਗਲੈਂਡ:-** ਅਗਰ ਭਾਰਤ ਨੂੰ ਪੂਰਣ ਸੁਤੰਤਰਤਾ ਚਾਹੀਦੀ ਹੈ ਤਾ ਡਾ. ਭੀਮ ਰਾਉ ਅੰਬੇਡਕਰ ਵਰਗੇ ਅਨੁਭਵੀ ,ਨਿਰਪੱਖ ਰਾਜਨੀਤਕ ਤੇ ਸਮਾਜ ਸ਼ਾਸ਼ਤਰੀ ਨੂੰ ਸੰਵਿਧਾਨ ਵਿੱਚ ਹੋਣਾ ਚਾਹੀਦਾ ਹੈ ; ਗਵਰਨਰ ਜਨਰਲ.

**ਕੋਲੰਬੀਆ ਯੂਨੀਵਿਰਸਟੀ ਅਮਰੀਕਾ:-** ਸਾਨੂੰ ਮਾਣ ਹੈ ਕਿ ਸਾਡੀ ਯੂਨੀਵਿਰਸਟੀ ਵਿੱਚ ਇੱਕ ਅਜਿਹਾ ਵਿਦਿਆਰਥੀ ਪੜ੍ਹਿਆ ਹੈ ਜਿਸਨੇ ਭਾਰਤ ਦਾ ਸੰਵਿਧਾਨ ਲਿਖਿਆ ਹੈ ਤੇ ਡਾ. ਭੀਮ ਰਾਉ ਅੰਬੇਡਕਰ ਸਿੰਬਲ ਆਫ ਨੌਲਜ ਵਜੋਂ ਸਾਰੇ ਸੰਸਾਰ ਵਿੱਚ ਜਾਣਿਆ ਜਾਂਦਾ ਹੈ। - ਯੂਨੀਵਿਰਸਟੀ ਪ੍ਰਮੁੱਖ।

ਕੇਨੈਡਾ ਦੇ ਸਾਬਕਾ ਰਹਿ ਚੁਕੇ ਪ੍ਰਧਾਨ ਮੰਤਰੀ ਪਾਲ ਮਾਰਟਿਨ ਨੇ ਵੈਨਕੂਵਰ ਦੇ ਸ਼੍ਰੀ ਗੁਰੂ ਰਵਿਦਾਸ ਗੁਰੂ ਘਰ ਵਿਖੇ ਸੰਗਤਾਂ ਨੂੰ ਦੱਸਿਆ ਸੀ ਕਿ ਭਾਰਤ ਦਾ ਸੰਵਿਧਾਨ ਦੁਨੀਆਂ ਦੇ ਪਰਫੈਕਟ ਸੰਵਿਧਾਨਾਂ ਵਿਚੋਂ ਇੱਕ ਹੈ: ਪਾਲ ਮਾਰਟਿਨ ਸਾਬਕਾ ਪ੍ਰਧਾਨ ਮੰਤਰੀ ਕੇਨੈਡਾ।

**ਸਾਊਥ ਅਫਰੀਕਾ:-** ਭਾਰਤ ਵਿਚੋਂ ਇੱਕ ਹੀ ਕਿਤਾਬ ਚਾਹੁੰਦਾ ਹਾਂ, ਜੋ ਮਹਾਨ ਸ਼ਖਸੀਅਤ ਡਾ. ਭੀਮ ਰਾਉ ਅੰਬੇਡਕਰ ਦਾ ਲਿਖਿਆ ਹੋਇਆ ਭਾਰਤੀ ਸੰਵਿਧਾਨ ਹੈ:

**ਨੈਲਸਨ ਮੰਡੇਲਾ**

ਡਾ. ਭੀਮ ਰਾਉ ਅੰਬੇਡਕਰ ਭਾਰਤੀ ਔਰਤਾਂ ਨੂੰ ਸਮਾਜਿਕ ਤੇ ਧਾਰਮਿਕ ਅਜ਼ਾਦੀ ਦਿਵਾਉਣ ਲਈ ਚੈਂਪੀਅਨ ਵਜੋਂ ਜਾਣੇ ਜਾਂਦੇ ਹਨ। ਉਹਨਾਂ ਨੇ ਸੰਵਿਧਾਨ ਦੀ ਧਾਰਾ 15 (1) ਤਹਿਤ ਔਰਤਾਂ ਨੂੰ ਅਜ਼ਾਦੀ ਦਿਵਾਈ ਤੇ ਉਨਾਂ ਨੂੰ ਮਰਦਾਂ ਦੇ ਬਰਾਬਰ ਦੇ ਹੱਕ ਲੈ ਕੇ ਦਿੱਤੇ ਸਨ।

ਗੀਤਾ ਦਾ ਮੁੱਖ ਵਿਸ਼ਾ ਮਨੂੱਖਤਾ ਨੂੰ ਜਾਤੀ ਦੇ ਅਧਾਰ ਤੇ ਵੰਡਦਾ ਹੈ ਤੇ ਇਸੇ ਗ੍ਰੰਥ ਦੇ ਅਧਿਆਏ 18 ਦੇ ਅਧੀਨ ਸਲੋਕ 41-45 ਵਿੱਚ ਜਾਤ-ਪਾਤ, ਔਰਤਾਂ ਵਾਸਤੇ ਅਤਿ ਸ਼ੂਦਰ ਲਿਖਿਆ ਹੋਇਆ ਹੈ। ਹਿੰਦੂਆ ਦੇ ਧਾਰਮਿਕ ਗ੍ਰੰਥ ਤੁਲਸੀਦਾਸ ਦੀ ਰਾਮਾਇਣ ਵਿੱਚ ਔਰਤ ਨੂੰ ਢੋਲ ਗਵਾਰ ਸ਼ੂਦਰ ਪਸ਼ੂ ਨਾਰੀ, ਇਹ ਸਭ ਤਾੜਨ ਦੇ ਅਧਿਕਾਰੀ ਲਿਖਿਆ ਗਿਆ ਹੈ।ਭਾਰਤ ਦੀ ਸਮੁੱਚੀ ਔਰਤ ਜਾਤੀ (ਜਿਨਾਂ ਵਿੱਚ ਅਖੋਤੀ ਉਚੀਆਂ ਜਾਤਾਂ ਦੀਆਂ ਔਰਤਾਂ ਵੀ ਹਨ) ਨੂੰ ਹਿੰਦੂਆ ਦੇ ਧਾਰਮਿਕ ਗ੍ਰੰਥਾਂ ਅਨੁਸਾਰ ਅਤਿ ਸ਼ੂਦਰ ਮੰਨਿਆ ਗਿਆ ਹੈ।

ਮੰਨੂਸਿਮ੍ਰਤੀ ਅਧੀਨ ਜਾਤ-ਪਾਤ ਦੇ ਅਧਾਰ ਤੇ ਭਾਰਤ ਦੀਆਂ ਸਾਰੀਆ ਔਰਤਾਂ ਤੇ ਦਲਿਤਾਂ ਉਪਰ ਪੜ੍ਹਾਈ ਤੇ ਧਾਰਮਿਕ ਸਿਖਿਆ ਤੇ ਪਾਬੰਦੀ ਲਗਾਈ ਗਈ ਸੀ ਅਤੇ ਇਸੇ ਅਧੀਨ ਹੀ ਔਰਤਾਂ ਨੂੰ ਪੈਰਾ ਦੀ ਜੁਤੀ, ਬੇ-ਅਕਲੀ, ਨਰਕ ਦਾ ਦੁਆਰ, ਬੇਵਫਾ, ਕੁਲਟਾ, ਅਧਿਕਾਰਾਂ ਰਹਿਤ, ਗੁੱਤ ਪਿੱਛੇ ਮੱਤ, ਪਤੀ ਦੀ ਲਾਸ਼ ਨਾਲ ਸਤੀ ਹੋਣ ਵਾਲੀਆਂ ਨੂੰ ਡਾ. ਭੀਮ ਰਾਉ ਅੰਬੇਡਕਰ ਨੇ ਆਪਣੀ ਕਲਮ ਦੇ ਇੱਕ ਸਟਰੋਕ ਨਾਲ ਭਾਰਤੀ ਸੰਵਿਧਾਨ ਧਾਰਾ 15 (1) ਤਹਿਤ ਬਦਲ ਕੇ ਰੱਖ ਦਿੱਤਾ ਸੀ।

ਡਾ. ਭੀਮ ਰਾਉ ਅੰਬੇਡਕਰ ਜੀ ਨੇ 5 ਫਰਵਰੀ 1951 ਵਿੱਚ ਹਿੰਦੂ ਕੋਡ ਬਿਲ ਭਾਰਤੀ ਪਾਰਲੀਮੈਂਟ ਵਿੱਚ ਪੇਸ਼ ਕੀਤਾ ਸੀ ਤੇ ਪੰਡਤ ਜਵਾਹਰ ਲਾਲ ਨਹਿਰੂ ਦੀ ਸਰਕਾਰ ਨੇ ਉਸ ਬਿਲ ਨੂੰ ਪਾਸ ਨਹੀ ਹੋਣ ਦਿੱਤਾ ਸੀ ਜਿਸ ਕਰਕੇ ਉਨਾਂ ਨੇ ਕਾਨੂੰਨ ਮੰਤਰੀ ਤੋਂ ਅਸਤੀਫਾ ਦੇ ਦਿੱਤਾ ਸੀ।

ਡਾ. ਭੀਮ ਰਾਉ ਅੰਬੇਡਕਰ ਨੇ ਬਿਲ ਵਿੱਚ ਔਰਤਾਂ ਨੂੰ ਜਾਇਦਾਦ ਚੋ ਬਰਾਬਰੀ ਦਾ ਅਧਿਕਾਰ,ਨੌਕਰੀਪੇਸ਼ਾ ਔਰਤਾ ਲਈ ਪ੍ਰਸੂਤਾ ਛੁਟੀ ਦਾ ਅਧਿਕਾਰ, ਆਪਣਾ ਵਾਰਿਸ ਚੁਣਣ ਦਾ ਅਧਿਕਾਰ, ਬੱਚਾ ਗੋਦ ਲੈਣ ਆਦ ਦੇ ਹੱਕ ਦੀ ਅਵਾਜ਼ ਬਤੌਰ ਕਾਨੂੰਨ ਮੰਤਰੀ, ਬਹੁ-ਚਰਚਿਤ ਹਿੰਦੂ ਕੋਡ ਬਿਲ ਰਾਹੀ ਭਾਰਤੀ ਪਾਰਲੀਮੈਂਟ ਵਿੱਚ ਉਠਾਈ ਸੀ।

ਉਸ ਸਮੇਂ ਦੇ ਬ੍ਰਹਮਣਵਾਦੀ ਲੋਕਾਂ ਨੇ ਇਸਦਾ ਸੱਖਤ ਵਿਰੋਧ ਕੀਤਾ ਸੀ ਅਤੇ ਖਾਸ ਕਰਕੇ ਅਗਿਆਨਤਾ ਦੇ ਕਾਰਨ ਹਿੰਦੂ ਸੋਚ ਰੱਖਣ ਵਾਲੀਆਂ ਔਰਤਾਂ ਨੇ ਵੀ ਵਿਰੋਧ ਕੀਤਾ ਸੀ ਉਹੀ ਔਰਤਾਂ ਅੱਜ ਭਾਰਤੀ ਸੰਵਿਧਾਨ ਦੀ ਧਾਰਾ 15 (1) ਤਹਿਤ ਅਜ਼ਾਦੀ ਨਾਲ ਜ਼ਿੰਦਗੀ ਬਤੀਤ ਕਰ ਰਹੀਆ ਹਨ।

ਡਾ. ਭੀਮ ਰਾਉ ਅੰਬੇਡਕਰ ਜੀ ਨੇ ਦੱਸਿਆ ਸੀ ਕਿ ਜਿਸ ਦੇਸ਼ ਦੀਆਂ ਔਰਤਾਂ ਗੁਲਾਮੀ ਵਾਲਾ ਜੀਵਨ ਬਤੀਤ ਕਰ ਰਹੀਆ ਹੋਣ ਉਸ ਦੇਸ਼ ਦੀ ਅੱਧੀ ਅਬਾਦੀ ਗੁਲਾਮ ਬਣ ਜਾਂਦੀ ਹੈ ਜਿਨਾਂ ਚਿਰ ਭਾਰਤੀ ਔਰਤਾਂ ਸਮਾਜਿਕ, ਰਾਜਨੀਤਕ ਤੇ ਆਰਥਿਕਤ ਕ੍ਰਾਂਤੀ ਵਿੱਚ ਭਾਗ ਨਹੀ ਲੈਂਦੀਆ ਉਹ ਕ੍ਰਾਂਤੀ ਅਧੂਰੀ ਹੀ ਰਹਿਦੀ ਹੈ।

ਭਾਰਤੀ ਔਰਤਾਂ ਉਪਰ ਅਤਿਆਚਾਰ ਕਰਵਾਉਣ ਵਾਲੇ ਹਿੰਦੂ ਧਾਰਮਿਕ ਗ੍ਰੰਥ ਮੰਨੂਸਿਮ੍ਰਤੀ ਨੂੰ ਡਾ. ਭੀਮ ਰਾਉ ਅੰਬੇਡਕਰ ਜੀ ਨੇ 25 ਦਸੰਬਰ 1927 ਨੂੰ ਮਹਾਡ ਵਿਖੇ ਆਮ-ਸਭਾ ਵਿੱਚ ਸਾੜਿਆ ਸੀ ਜੋ ਕਿ ਇਕ ਔਰਤਾਂ ਪ੍ਰਤੀ ਇੰਨਕਲਾਬੀ ਜੁਰਅਤ ਉਨਾਂ ਵਲੋਂ ਵਿਖਾਈ ਗਈ ਸੀ।

ਡਾ. ਭੀਮ ਰਾਉ ਅੰਬੇਡਕਰ ਜੀ ਨੇ ਦੱਸਿਆ ਸੀ ਕਿ ਜਾਤ-ਪਾਤ ਫੈਲਾਉਣ ਵਾਲੇ ਧਾਰਮਿਕ ਗ੍ਰੰਥਾਂ ਨੂੰ ਬੰਬ ਨਾਲ ਉਡਾ ਦੇਣਾ ਚਾਹੀਦਾ ਹੈ।

ਜਾਤ-ਪਾਤ ਨੂੰ ਤੋੜਨ ਵਾਸਤੇ ਅੰਤਰ- ਜਾਤੀ ਵਿਆਹ ਕਰਨੇ ਬਹੁਤ ਜ਼ਰੂਰੀ ਹਨ ਜਿਸ ਨਾਲ ਜਾਤ-ਪਾਤ ਖੱਤਮ ਹੋ ਰਹੀ ਹੈ।

ਡਾ. ਭੀਮ ਰਾਉ ਅੰਬੇਡਕਰ ਜੀ ਨੇ ਖੁਦ ਆਪਣਾ ਦੂਜਾ ਵਿਆਹ ਬ੍ਰਹਮਣੀ ਔਰਤ ਨਾਲ ਕਰਵਾਇਆ ਸੀ। ਉਨਾਂ ਦੀ ਪਹਿਲੀ ਧਰਮ-ਪਤਨੀ "ਰਾਮਾਬਾਈ" ਦੇ ਨਾਂਵ ਨਾਲ ਜਾਣੀ ਜਾਂਦੀ ਹੈ ਜੋ ਕਿ ਬਹੁਤ ਮਿੱਠ ਬੋਲੜੀ ਸੀ ਤੇ ਬਾਬਾ ਸਾਹਿਬ ਦੇ ਕੰਮਾਂ ਵਿੱਚ ਪੂਰੇ ਤਨ ਮਨ ਨਾਲ ਸੇਵਾ ਕਰਦੀ ਸੀ। ਮਾਤਾ ਰਾਮਾਬਾਈ ਜੀ ਨੂੰ ਭਾਰਤੀ ਔਰਤਾਂ ਵਲੋਂ ਆਪਣੀ ਜ਼ਿੰਦਗੀ ਦਾ ਰੋਲ-ਮਾਡਲ ਸੰਮਜਣਾ ਚਾਹੀਦਾ ਹੈ।

ਅੱਜ ਦੀਆਂ ਔਰਤਾਂ ਨੂੰ ਡਾ. ਭੀਮ ਰਾਉ ਅੰਬੇਡਕਰ ਜੀ ਦੀ ਲਿਖੀ ਹੋਈ ਕਿਤਾਬ "ਭਾਰਤੀ ਨਾਰੀ ਦਾ ਉਥਾਨ ਅਤੇ ਪੱਤਨ" ਪੜ੍ਹਨੀ ਚਾਹੀਦੀ ਹੈ ਤੇ ਉਹਨਾਂ ਦਾ ਮੂਲ ਮੰਤਰ-ਪੜ੍ਹੋ ਜੁੜੋ ਅਤੇ ਸੰਘਰਸ਼ ਕਰੋ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਆਪਣੇ ਬੱਚਿਆ ਨੂੰ ਵੀ ਡਾ. ਭੀਮ ਰਾਉ ਅੰਬੇਡਕਰ ਜੀ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ, ਕਿਉਂਕਿ ਡਾ. ਭੀਮ ਰਾਉ ਅੰਬੇਡਕਰ ਜੀ ਹੀ ਭਾਰਤੀ ਨਾਰੀ ਦੇ ਮੁਕਤੀ ਦਾਤਾ ਹਨ ਜਿਨਾਂ ਨੇ ਆਪਣੇ ਚਾਰ ਬੱਚੇ ਇਸ ਹੀ ਸੰਘਰਸ਼ ਵਿੱਚ ਬਲਿਦਾਨ ਕਰ ਦਿੱਤੇ ਸਨ।

**ਜੈ ਭੀਮ ਜੈ ਭਾਰਤ**

# ਕਿਸਾਨ ਵੀਰਾਂ ਲਈ ਜ਼ਰੂਰੀ ਅਰਜ਼

ਅੱਜਕਲ੍ਹ ਕਿਸਾਨਾਂ ਬਾਰੇ ਜਾਣ ਕੇ ਬਹੁਤ ਦੁੱਖ ਹੁੰਦਾ ਹੈ, ਹਰ ਰੋਜ਼ ਕਿਤੇ ਨਾ ਕਿਤੇ ਕਿਸਾਨ ਕਰਜੇ ਤੋਂ ਤੰਗ ਆ ਕੇ ਖੁਦਕੁਸ਼ੀ ਕਰ ਰਿਹਾ ਹੈ। ਆਤਮ ਹੱਤਿਆ ਕਰਨਾ ਕਿਸੇ ਸਮੱਸਿਆ ਦਾ ਹੱਲ ਨਹੀਂ ਹੈ, ਸਗੋਂ ਉਸਦਾ ਸਾਹਮਣਾ ਕਰਨਾ ਚਾਹੀਦਾ ਹੈ। ਆਤਮ ਹੱਤਿਆ ਕਰਕੇ ਕਿਸਾਨ ਖੁਦ ਤਾਂ ਆਪਣੀਆਂ ਸਮੱਸਿਆਵਾਂ ਤੋਂ ਨਿਜਾਤ ਪਾ ਲੈਂਦਾ ਹੈ ਪਰ ਉਹ ਆਪਣੇ ਪਰਿਵਾਰ ਨੂੰ ਹੋਰ ਮੁਸ਼ਕਿਲਾਂ ਵਿਚ ਪਾ ਕੇ ਚਲਾ ਜਾਂਦਾ ਹੈ। ਇਸ ਨਾਲ ਉਸ ਦੇ ਬੱਚਿਆਂ ਦੇ ਭਵਿੱਖ ਤੇ ਵੀ ਬੁਰਾ ਅਸਰ ਪੈਂਦਾ ਹੈ। ਬੱਚੇ ਵੀ ਇਸ ਤੋਂ ਇਹੀ ਸਿੱਖਿਆ ਲੈਂਦੇ ਹਨ, ਉਹ ਵੀ ਸਮੱਸਿਆ ਦਾ ਹੱਲ ਕਰਨ ਦੀ ਬਜਾਏ ਉਹਨਾਂ ਸਮੱਸਿਆਵਾਂ ਤੋਂ ਮੂੰਹ ਹੀ ਛੁਪਾਉਣਗੇ। ਕੰਮ ਕੋਈ ਵੀ ਵੱਡਾ-ਛੋਟਾ ਨਹੀਂ ਹੁੰਦਾ, ਇਹ ਤਾਂ ਮਨੁੱਖ ਦੀ ਸੋਚ ਤੇ ਨਿਰਭਰ ਕਰਦਾ ਹੈ। ਜੇਕਰ ਵੱਡਾ ਕੰਮ ਨਹੀਂ ਤਾਂ ਸਾਨੂੰ ਕਿਸੇ ਨਾ ਕਿਸੇ ਛੋਟੇ ਕੰਮ ਤੋਂ ਸ਼ੁਰੂਆਤ ਕਰਨੀ ਚਾਹੀਦੀ ਹੈ। ਇਸ ਗੱਲ ਦਾ ਸਾਡੇ ਬੱਚਿਆਂ ਤੇ ਚੰਗਾ ਅਸਰ ਪਵੇਗਾ। ਉਹ ਵੀ ਕੰਮ ਨੂੰ ਵੱਡਾ-ਛੋਟਾ ਨਹੀਂ ਸਮਝਣਗੇ, ਸਗੋਂ ਮਿਹਨਤ ਕਰਨ ਨੂੰ ਪਹਿਲ ਦੇਣਗੇ। ਲੱਖਾਂ ਰੁਪਏ ਖਰਚ ਕੇ ਸਾਡੇ ਨੌਜਵਾਨ ਬਾਹਰਲੇ ਦੇਸ਼ਾਂ ਵਿਚ ਜਾ ਕੇ ਹਰ ਤਰ੍ਹਾਂ ਦਾ ਕੰਮ ਕਰਦੇ ਹਨ ਜਿਵੇਂ ਟੈਕਸੀ ਚਲਾਉਣਾ, ਸਫਾਈਆਂ ਕਰਨੀਆਂ ਆਦਿ। ਫਿਰ ਅਸੀ ਇਹ ਕੰਮ ਆਪਣੇ ਦੇਸ਼ ਵਿਚ ਰਹਿ ਕੇ ਕਿਉ ਨਹੀਂ ਕਰ ਸਕਦੇ। ਸਾਡੇ ਦੇਸ਼ ਵਿਚ 60-70 ਸਾਲਾਂ ਦੇ ਬਜ਼ੁਰਗ ਰਹਿੰਦੇ ਹਨ ਜੋ ਆਪਣੇ ਖੇਤਾਂ ਵਿਚ ਸਬਜ਼ੀਆਂ ਉਗਾਉਂਦੇ ਹਨ, ਫਿਰ ਸ਼ਹਿਰਾਂ ਵਿਚਆ ਕੇ ਵੇਚਦੇ ਹਨ ਅਤੇ ਫਿਰ ਆਪਣਾ ਪੇਟ ਭਰਦੇ ਹਨ। ਇਕ ਇਹ ਗੱਲ ਜਾਣ ਕੇ ਬਹੁਤ ਹੈਰਾਨੀ ਹੋਵੇਗੀ ਕਿ ਜ਼ਮੀਨ ਤਾਂ ਸਿਰਫ ਕੁਝ ਕੁ ਲੋਕਾਂ ਕੋਲ ਹੀ ਹੈ। ਬਾਕੀ ਲੋਕ ਤਾਂ ਆਪਣੇ ਨਿੱਜੀ ਕਿੱਤਿਆਂ ਤੋਂ ਜਿਵੇਂ ਕਿ ਦੁਕਾਨਦਾਰੀਆਂ, ਨੌਕਰੀਆਂ, ਟੈਕਸੀਆਂ ਚਲਾਉਣਾ, ਡੇਅਰੀ ਉਤਪਾਦ ਕਰਨਾ, ਆਪਣਾ ਕੋਈ ਛੋਟਾ ਬਿਜ਼ਨਸ ਕਰਨਾ ਆਦਿ ਅਨੇਕਾਂ ਹੀ ਹੋਰ ਕੰਮ ਹਨ, ਜਿਹਨਾਂ ਤੋਂ ਇਹ ਇਕ ਚੰਗੀ ਆਮਦਨ ਲੈ ਕੇ ਆਪਣੇ ਜੀਵਨ ਨੂੰ ਬਤੀਤ ਕਰਦੇ ਹਨ ਅਤੇ ਸੰਤੁਸ਼ਟ ਹਨ। ਉਹਨਾਂ ਨੂੰ ਆਪਣੀ ਕਮਾਈ ਅਤੇ ਆਪਣੇ ਖਰਚਿਆਂ ਦਾ ਪੂਰਾ-ਪੂਰਾ ਹਿਸਾਬ ਹੁੰਦਾ ਹੈ। ਕਿਤੇ ਨਾ ਕਿਤੇ ਕਿਸਾਨ ਵੀਰ ਇਸ ਗੱਲ ਤੋਂ ਬਹੁਤ ਦੂਰ ਹਨ ਕਿ ਉਹ ਆਪਣੀ ਕਮਾਈ ਤੇ ਖਰਚਿਆਂ ਦਾ ਹਿਸਾਬ ਨਹੀਂ ਰੱਖਦੇ ਅਤੇ ਦੂਜਿਆਂ ਨੂੰ ਦੇਖੋ ਦੇਖੀ ਵਿਆਹਾਂ ਅਤੇ ਮਕਾਨਾਂ ਵਰਗੇ ਬੇਲੋੜੇ ਕਾਰਜਾਂ ਦੇ ਖਰਚਿਆਂ ਲਈ ਬੈਂਕਾਂ ਤੋਂ ਲੱਖਾਂ ਰੁਪਏ ਦਾ ਕਰਜਾ ਲੈਂਦੇ ਹਨ। ਹਰ ਸਮੇਂਆਪਣੀ ਕਮਾਈ ਤੋਂ ਜ਼ਿਆਦਾ ਖਰਚਣਾ ਵੀ ਕਰਜੇ ਦੀ ਪੰਡ ਨੂੰ ਵੱਡੀ ਕਰਦਾ ਹੈ। ਸਾਨੂੰ ਚੁਣੇ ਹੋਏ ਕਿਸੇ ਵੀ ਖੇਤਰ ਵਿਚ ਆਤਮ ਵਿਸ਼ਵਾਸ ਅਤੇ ਸਖਤ ਮਿਹਨਤ ਕਰਨੀ ਚਾਹੀਦੀ ਹੈ, ਆਤਮ ਹੱਤਿਆ ਨਹੀਂ। ਜ਼ਿੰਦਗੀ ਰੱਬ ਦੀ ਦਿੱਤੀ ਹੋਈ ਅਨਮੋਲ ਸੌਗਾਤ ਹੈ। ਮਨੁੱਖ ਨੂੰ ਆਪਣੇ ਹੀ ਹੱਥੀਂ ਇਸ ਨੂੰ ਖਤਮ ਕਰਨ ਦਾ ਕੋਈ ਹੱਕ ਨਹੀਂ ਹੈ।

- ਅਮਨਦੀਪ ਕੌਰ 91-94785-83003

## ਪਿੰਡ ਗੁਣਾਚੌਰ ਵਿਚ ਲੱਗਦੇ ਬਾਜ਼ੀਗਰ ਮੇਲੇ ਉਤੇ ਵਿਸ਼ੇਸ਼ ਲੇਖ

# ਅਲੌਕਿਕ ਸੰਤ ਬਾਬਾ ਹਾਥੀ ਰਾਮ ਜੀ

ਇੰਦਰ ਸਿੰਘ ਵਲਜੋਤ , ਐਡਵੋਕੇਟ

ਇਹ ਸੱਚ ਹੈ ਕਿ ਸੰਤ ਦੀ ਕੋਈ ਜਾਤ ਨਹੀਂ ਹੁੰਦੀ , ਪ੍ਰੰਤੂ ਇਹ ਵੀ ਸੱਚ ਹੈ ਕਿ ਸਾਰਾ ਸਮਾਜ ਜਾਤਾਂ ਅਤੇ ਵਰਣਾਂ ਵਿੱਚ ਵੰਡਿਆ ਹੋਇਆ ਹੈ। ਸਮਾਜ ਅਪਣੀਆਂ ਉਨ੍ਹਾਂ ਦਿਵਿਆ ਆਤਮਾਵਾਂ ਉਤੇ ਮਾਣ ਕਰਦਾ ਹੈ ਜੋ ਅੱਜ ਤੱਕ ਸਮਾਜ ਦੇ ਅਗਵਾਈ ਸਤੰਭ ਬਣੇ ਹੋਏ ਹਨ। ਕੁਝ ਤਾਂ ਕੁਦਰਤ ਵਲੋਂ ਅਤੇ ਕੁਝ ਸਾਰੇ ਵਰਗ ਦੇ ਲੋਕਾਂ ਦੀ ਆਦਤ ਬਣ ਗਈ ਹੈ ਕਿ ਇਨ੍ਹਾਂ ਦਿਵਿਆ ਆਤਮਾਵਾਂ ਦਾ ਨਾਮ ਆਪਣੇ ਸਮਾਜ ਨਾਲ ਜੋੜਦੇ ਹਨ ਜਿਵੇਂ ਸਮੇਂ ਦੇ ਮਹਾਨ ਵਿਚਾਰਕ ਦਿਵਿਆ ਆਤਮਾ ਬਾਬਾ ਹਾਥੀ ਰਾਮ ਜੀ ਨਾਲ ਸੰਬੰਧ ਜੋੜਦੇ ਅਤੇ ਆਪਣੇ ਆਪ ਨੂੰ ਬਾਬਾ ਜੀ ਦੇ ਵੰਸ਼ਜ ਦੱਸਦੇ ਹਨ। ਬ੍ਰਾਹਮਣ ਸਮਾਜ ਇਹ ਦਾਅਵਾ ਕਰਦਾ ਹੈ ਕਿ ਬਾਬਾ ਹਾਥੀ ਰਾਮ ਜੀ ਬ੍ਰਾਹਮਣ ਸਮਾਜ ਦੇ ਹਨ। ਪੰਜਾਬ ਵਿੱਚ ਵੱਸਣ ਵਾਲੇ ਗੋਆਰ ਜਿਨ੍ਹਾਂ ਨੂੰ ਪੰਜਾਬ ਵਿੱਚ ਬਾਜ਼ੀਗਰ ਕਹਿੰਦੇ ਹਨ, ਇਹ ਦਾਅਵਾ ਕਰਦੇ ਹਨ ਕਿ ਬਾਬਾ ਹਾਥੀ ਰਾਮ ਜੀ ਗੋਆਰ ਸਮਾਜ ਦੇ ਹਨ ਅਤੇ ਬਲਜੋਤ ਗੋਆਰ ਦੀ ਉਪ ਗੋਤ ਦੇਸਰਾਜੀਏ ਆਪਣੇ ਆਪ ਨੂੰ ਬਾਬਾ ਹਾਥੀ ਰਾਮ ਜੀ ਦੀ ਸੰਤਾਨ ਦੱਸਦੇ ਹਨ। ਬਾਬਾ ਹਾਥੀ ਰਾਮ ਜੀ ਦਾ ਇਹ ਅਸਥਾਨ ਇਸ ਵੇਲੇ ਪੰਜਾਬ ਦੇ ਸ਼ਹੀਦ ਭਗਤ ਸਿੰਘ ਨਗਰ ਜ਼ਿਲੇ ਵਿਚ ਬੰਗੇ ਲਾਗੇ ਪਿੰਡ ਗੁਣਾਚੌਰ ਵਿਚ ਹੈ। ਗੋਆਰ ਜਿਨ੍ਹਾਂ ਨੂੰ ਪੰਜਾਬ ਵਿੱਚ ਬਾਜ਼ੀਗਰ ਕਹਿੰਦੇ ਹਨ, ਦੇ ਬਾਬਾ ਹਾਥੀ ਰਾਮ ਜੀ ਦੇ ਨਾਲ ਸਬੰਧ ਨੂੰ ਦੇਖਣ ਤੋਂ ਪਹਿਲਾਂ ਗੋਆਰ ਸਮਾਜ ਬਾਰੇ ਜਾਨਣਾ ਚਾਹੀਦਾ ਹੈ। ਅਸਲ ਵਿਚ ਗੋਆਰ ਭਾਰਤ ਦੇ ਮੂਲ ਨਿਵਾਸੀ ਹਨ। ਗੋਆਰ ਸਮਾਜ ਭਾਰਤ ਦੇ ਵੱਖ ਵੱਖ ਹਿੱਸਿਆਂ ਵਿਚ ਕੰਮਾਂ ਦੇ ਅਧਾਰ ਉਤੇ ਵੱਖ ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ, ਜਿਵੇਂ ਵਣਜਾਰੇ, ਨਟ, ਸਿਰਕੀਬੰਦ, ਭਗਤਾਵਾ, ਕਾਕਨੀਆ, ਕਾਕਸਰੀਆ, ਲੁਬਾਣਾ, ਲਾਵਾਨਾ, ਪੇਲੀਆ, ਗਵਾਰੀਆ, ਗਾਮਲੀਆ, ਗੌਰ, ਬਰਿਜਵਾਸੀ, ਨਾਇਕ, ਕਾਂਗੀ, ਧਨਕੁਟੇ, ਬੰਜਾਰੇ, ਲਾਖੋਰ, ਰਾਠੌਰ, ਗਵਾਲ, ਬਾਦੀ, ਬਾਜ਼ੀਗਰ, ਲੰਬਾਨੀ, ਲੰਬਾੜਾ ਆਦਿ। ਇਹ ਸਾਰੇ ਨਾਂ ਕੰਮ ਦੇ ਅਧਾਰ ਉਤੇ ਮਿਲੇ, ਜਿਸ ਤਰਾਂ ਵਿਉਪਾਰ ਕਰਨ ਵਾਲੇ ਵਣਜਾਰਾ, ਸਿਰਕੀ ਬੰਨਣ ਵਾਲੇ ਸਿਰਕੀਬੰਧ ਕਿਹਾ ਗਿਆ। ਇਸੇ ਤਰਾਂ ਬਾਜ਼ੀ ਦੀ ਕਲਾ ਦਿਖਾਉਣ ਵਾਲੇ ਨੂੰ ਬਾਜ਼ੀਗਰ ਕਿਹਾ ਗਿਆ ਹੈ। ਅਸਲ ਵਿਚ ਇਹ ਉਪਰੋਕਤ ਸਾਰੇ ਕਬੀਲੇ ਗੋਆਰ ਸਮਾਜ ਵਿੱਚੋਂ ਹਨ।

ਅਸਲ ਵਿਚ ਇਹ ਗੋਆਰ (ਗੌਰ) ਪੱਛਮੀ ਬੰਗਾਲ, ਰਾਜਸਥਾਨ ਅਤੇ ਕਈ ਹੋਰ ਪ੍ਰਾਂਤਾਂ ਵਿਚ ਰਾਜ ਕਰਦੇ ਸੀ। ਬੰਗਾਲ ਵਿਚ ਗੌਰ ਸਟੇਟ ਸੀ ਜਿਸ ਤੇ ਆਖਰੀ ਗੌਰ ਰਾਜੇ ਲਖਮਣ ਸੈਨ ਨੇ ਰਾਜ ਕੀਤਾ ਜਿਸ ਦੀ ਰਾਜਧਾਨੀ ਲਖਨਾਵਤੀ ķ ਲਖਨੋਤੀ ਕਹੀ ਜਾਂਦੀ ਸੀ, ਜੋ 1200 ਈ: ਤਕ ਰਹੀ। ਬਾਅਦ ਵਿੱਚ ਮੁਹੰਮਦ ਬਖਤਿਆਰ, ਜੋ ਕੁਤਬਦੀਨ ਐਬਕ ਦਾ ਸਿਪਾਹਸਲਾਰ ਸੀ, ਨੇ ਜਿੱਤ ਲਈ ਸੀ ਅਤੇ ਹੌਲੀ ਹੌਲੀ ਦਿੱਲੀ ਦੇ ਅਧੀਨ ਕਰ ਲਈ। ਇਨਟਰਨੈਟ ਸਾਈਟ ਬੰਜਾਰਾ ਟਾਈਮਜ਼ ਡਾਟ ਕਾਮ ਵਿਚ ਸਾਫ ਲਿਖਿਆ ਹੈ, "ਇਕ ਸਮੇਂ ਗੋਰ ਕਬੀਲਾ ਰਾਜਸਥਾਨ ਵਿਚ ਬਹੁਤ ਇੱਜ਼ਤ ਮਾਣ ਵਾਲਾ ਸੀ ਅਤੇ ਬੰਗਾਲ ਦੇ ਰਾਜੇ ਉਸੇ ਵੰਸ਼ ਵਿਚੋ ਸਨ। ਉਨ੍ਹਾਂ ਨੇ ਆਪਣੀ ਰਾਜਧਾਨੀ ਦਾ ਨਾਂ ਲਖਨੌਤੀ ਰੱਖਿਆ। ਇਸ ਰਾਜ ਦਾ ਨਾਂ ਗੌਰ ਰਾਜ ਸੀ, ਜੋ ਇਨ੍ਹਾਂ ਦੇ ਵੰਸ਼ ਦੇ ਨਾਂ ਤੇ ਰਖਿਆ ਗਿਆ ਮੰਨਿਆ ਜਾਂਦਾ ਸੀ। ਇਸੇ ਵੰਸ਼ ਦਾ ਆਖਰੀ ਰਾਜਾ ਲਖਮਣ ਸੈਨ ਹੋਇਆ, ਜਿਸ ਨੇ 1170-1200 ਈ: ਤਕ ਰਾਜ ਕੀਤਾ। ਇਕ ਪੁਰਾਣਾ ਇਤਿਹਾਸਕਾਰ ਪਾਨੀ ਆਪਣੀਆਂ ਕ੍ਰਿਤਾਂ ਵਿਚ ਇਸ ਨੂੰ ਗੌਰਪੁਰਾ ਦੱਸਦਾ ਹੈ।

ਮੋਤੀਰਾਜ ਰਾਠੌਰ ਨੇ ਆਪਣੀ ਕਿਤਾਬ "ਗੌਰ ਬਨਜਾਰਾ ਜਨਜਾਤੀ ਕਾ ਇਤਿਹਾਸ" ਵਿਚ ਸਫਾ 19 ਉਤੇ ਲਿਖਿਆ ਹੈ, "ਕਾਬਲ ਦੇ ਪੂਰਬ ਵਿਚ ਗੋਰ ਨਦੀ ਹੈ, ਗੋਰ ਘਾਟੀਆਂ ਹਨ, ਗੋਰ ਨਾਂ ਦਾ ਪਿੰਡ ਹੈ ਅਤੈ ਸਵਤੰਤਰ ਗੋਰ ਨਾਂ ਦਾ ਪ੍ਰਾਂਤ ਹੈ। ਪ੍ਰਾਚੀਨ ਕਾਲ ਵਿਚ ਇਸ ਸਥਾਨ ਨੂੰ ਗੋਰ ਸਥਾਨ ਕਿਹਾ ਜਾਂਦਾ ਸੀ।" ਸ੍ਰੀ ਮੋਤੀਰਾਜ ਰਾਠੌਰ ਦੇ ਇਸ ਵਿਚਾਰ ਦੀ ਪੁਸ਼ਟੀ ਉਦੋਂ ਹੋਈ, ਜਦ ਮੈਂ 19.6.2004 ਦੀ ਦੈਨਿਕ ਭਾਸਕਰ ਵਿਚ ਇਹ ਖਬਰ ਦੇਖੀ, ਜਿਸ ਦੇ ਅੰਸ਼ ਇਸ ਤਰਾਂ ਹਨ, "ਅਫਗਾਨਿਸਤਾਨ ਦੇ ਗੋਰ ਪ੍ਰਾਂਤ ਦੀ ਰਾਜਧਾਨੀ ਦੇ ਵੱਡੇ ਹਿੱਸੇ ਉਤੇ ਇਕ ਭਗੌੜੇ ਕਮਾਂਡਰ ਨੇ ਹਿੰਸਕ ਝੜਪਾਂ ਤੋਂ ਬਾਅਦ ਕਬਜ਼ਾ ਕਰ ਲਿਆ।"

ਭਾਈ ਕਾਹਨ ਸਿੰਘ ਸਿੱਖ ਵਿਦਵਾਨ ਨੇ ਅਪਣੇ ਮਹਾਨ ਸ਼ਬਦ ਕੋਸ਼ ਦੇ ਪੰਨਾ 431 ਤੇ ਗੋਰ ਸ਼ਬਦ ਬਾਰੇ ਲਿਖਿਆ ਹੈ, "ਗੋਰ ਗਜਨੀ ਅਤੇ ਹਰਾਤ ਦੇ ਵਿਚਕਾਰਲਾ ਦੇਸ ਹੈ।"

ਕਰਨਲ ਟਾਡ ਰਾਜਪੂਤ ਕਬੀਲਿਆਂ ਦੇ ਇਤਿਹਾਸ ਭਾਗ (1) ਸਫਾ 138 ਤੇ ਲਿਖਦਾ ਹੈ, "ਇਕ ਸਮੇਂ ਗੌਰ ਕਬੀਲਾ ਰਾਜਸਥਾਨ ਵਿਚ ਬਹੁਤ ਇੱਜ਼ਤਦਾਰ ਸੀ, ਭਾਵੇਂ ਇਸ ਨੇ ਮਨਭਾਉਂਦੀ ਉਚਾਈ ਹਾਸਲ ਨਹੀਂ ਕੀਤੀ। ਪੁਰਾਣੇ ਬੰਗਾਲ ਦੇ ਰਾਜੇ ਇਸੇ ਕਬੀਲੇ ਵਿਚੋਂ ਸਨ ਅਤੇ ਉਨ੍ਹਾਂ ਨੇ ਅਪਣੀ ਰਾਜਧਾਨੀ ਦਾ ਨਾਂ ਲਖਨੋਤੀ ਰਖਿਆ। ਕਰਨਲ ਟਾਡ ਇਸੇ ਪੰਨੇ ਤੇ ਅਗੇ ਲਿਖਦਾ ਹੈ, "ਮੈਨੂੰ ਪੂਰਾ ਯਕੀਨ ਹੈ ਕਿ ਇਹ ਗੋਰ ਉਸ ਧਰਤੀ ਦੇ ਮਾਲਕ ਸਨ, ਜਿਹੜੀ ਬਾਅਦ ਵਿਚ ਚੌਹਾਨਾਂ ਨੇ ਮੱਲ ਲਈ ਕਿਉਂਕਿ ਉਹ ਪੁਰਾਣੀਆਂ ਬੰਸਾਵਲੀਆਂ ਵਿਚ ਅਜਮੇਰ ਦੇ ਗੌਰ ਸਨ। ਪ੍ਰਿਥਵੀਰਾਜ ਦੀਆਂ ਲੜਾਈਆਂ ਵਿਚ ਵਾਰ ਵਾਰ ਇਨ੍ਹਾਂ ਦਾ ਹਵਾਲਾ ਆਉਂਦਾ ਹੈ ਕਿ ਇਹ ਅੱਛੀ ਸ਼ੋਹਰਤ ਦੇ ਮਾਲਕ ਸਨ। ਇਨ੍ਹਾਂ ਵਿਚੋ ਇਕ ਨੇ ਮੱਧ ਭਾਰਤ ਵਿਚ ਇਕ ਛੋਟੀ ਜਿਹੀ ਰਿਆਸਤ ਕਾਇਮ ਕੀਤੀ ਸੀ, ਜੋ 1809 ਵਿਚ ਮਰਹੱਟਿਆਂ ਦੀ ਜਿੱਤ ਤਕ ਰਹੀ।

ਮੋਤੀਰਾਜ ਰਾਠੋਰ ਨੇ ਅਪਣੀ ਕਿਤਾਬ, "ਗੋਰ ਬਨਜਾਰਾ ਜਨ ਜਾਤੀ ਕਾ ਇਤਿਹਾਸ" ਦੇ ਪੰਨਾ 16 ਤੇ ਜੋ ਮਾਨਚਿੱਤਰ ਦਿੱਤਾ ਹੈ ਉਸ ਅਨੁਸਾਰ ਛੇਵੀਂ ਸਦੀ ਤੋਂ ਨੌਵੀਂ ਸਦੀ ਤਕ ਬੂੰਦੀ, ਕੋਟਾ, ਰਾਣਾ ਪ੍ਰਤਾਪ, ਸਾਂਬਰ, ਚਿਤੋੜ, ਛੋਟੀ ਸਾਦੜੀ, ਉਦੇਪੁਰ, ਜਮਸ਼ੇਦਪੁਰ, ਸਲਾਹਰਗੜ੍ਹ, ਮੰਦਸੋਰ, ਡੂੰਗਰਪੁਰ, ਪ੍ਰਤਾਪਗੜ੍ਹ, ਬਾਂਸਵਾੜਾ ਅਤੇ ਰਤਲਾਮ ਇਲਾਕਿਆਂ ਉੱਤੇ ਗੋਰ ਵੰਸ਼ ਦਾ ਰਾਜ ਸੀ। ਸੁਆਮੀ ਗੋਕਲਦਾਸ ਜੀ ਨੇ "ਬਣਜਾਰਾ ਭਾਸਕਰ" ਦੇ ਪੰਨਾ 48 ਉਤੇ ਵੜਤੀਆ (ਯਾਦਵ) ਦੇ ਵੰਸ਼ ਬਾਰੇ ਦਸਿਆ ਹੈ ਕਿ "ਬੁੰਦੇਲਖੰਡ ਦਾ ਰਾਜਾ ਛਤਰਸਾਲ ਵੜਤੀਆਂ ਦਾ ਮੁੱਖ ਪੁਰਸ਼ ਸੀ। ਗੋਆਰ ਸਮਾਜ ਬਾਰੇ ਜਾਨਣ ਤੋਂ ਬਾਅਦ ਆਓ ਵਿਚਾਰ ਕਰਦੇ ਹਾਂ ਕਿ ਦਿਵਿਆ ਆਤਮਾ ਬਾਬਾ ਹਾਥੀ ਰਾਮ ਜੀ ਦਾ ਗੋਆਰ ਸਮਾਜ ਨਾਲ ਕਿੰਨਾ ਸੰਬੰਧ ਹੈ।

ਪੰਜਾਬ ਵਿੱਚ ਬਾਬਾ ਹਾਥੀ ਰਾਮ ਜੀ ਦਾ ਇਹ ਅਸਥਾਨ ਇਸ ਵੇਲੇ ਸ਼ਹੀਦ ਭਗਤ ਸਿੰਘ ਨਗਰ ਜ਼ਿਲੇ ਵਿਚ ਬੰਗੇ ਲਾਗੇ ਗੁਣਾਚੌਰ ਵਿਚ ਹੈ। ਇਸ ਅਸਥਾਨ ਬਾਰੇ ਕੋਈ ਲਿਖਤੀ ਜਾਣਕਾਰੀ ਨਹੀਂ ਹੈ। ਮੌਖਿਕ ਆਧਾਰ ਉਤੇ ਜੋ ਜਾਣਕਾਰੀ ਦਾਸ ਨੇ ਭਗਤ ਭਜਨਾ ਰਾਮ ਤੋਂ ਪਰਾਪਤ ਕੀਤੀ, ਇਥੇ ਪੇਸ਼ ਕਰ ਰਿਹਾ ਹਾਂ। ਭਗਤ ਭਜਨਾ ਰਾਮ ਨੇ ਅਪਣੇ ਆਖਰੀ ਸਮੇਂ ਤੱਕ ਬਾਬਾ ਹਾਥੀ ਰਾਮ ਜੀ ਦੇ ਅਸਥਾਨ ਦੀ ਸੇਵਾ ਕੀਤੀ ਸੀ। ਭਗਤ ਭਜਨਾ ਰਾਮ ਜੀ ਦੇ ਦੱਸਣ ਅਨੁਸਾਰ ਬਾਬਾ ਹਾਥੀ ਰਾਮ ਜੀ ਦਾ ਅਸਲੀ ਨਾਂ ਆਸਾ ਰਾਮ ਜੀ ਸੀ ਜੋ ਕਿ ਦੇਸਰਾਜਕੇ ਵਲਜੋਤ ਗੋਆਰ ਵੰਸ਼ ਵਿਚੋਂ ਦੱਸੇ ਜਾਂਦੇ ਹਨ। ਆਪਣੇ ਕਬੀਲੇ ਨਾਲ ਉਹ ਉੱਤਰ ਤੋਂ ਊਨੇ ਦੀਆਂ ਪਹਾੜੀਆਂ ਵਿੱਚੋਂ ਇਥੇ ਆਏ। ਬਾਬਾ ਆਸਾ ਰਾਮ ਜੀ ਦੇ ਪ੍ਰੀਵਾਰ ਦੇ ਕਈ ਜੀਆਂ ਨੇ ਰਾਜੇ ਗੋਪੀ ਚੰਦ ਦੇ ਹਾਥੀਆਂ ਨੂੰ ਨਹਾਉਣ ਦੀ ਨੌਕਰੀ ਕਰ ਲਈ। ਉਹ ਇਕ ਇਕ ਕਰਕੇ ਹਾਥੀਆਂ ਨੂੰ ਨਦੀ ਤੇ ਲੈ ਕੇ ਜਾਂਦੇ ਅਤੇ ਨਹਾ ਕੇ ਵਾਪਸ ਲੈ ਆਉਂਦੇ। ਇਸ ਤਰਾਂ ਬਹੁਤ ਸਮਾਂ ਲੱਗਣਾ ਅਤੇ ਬਾਬਾ ਜੀ ਦੇ ਪ੍ਰੀਵਾਰ ਦੇ ਜੀਅ ਬਹੁਤ ਤਕਲੀਫ ਉਠਾਉਂਦੇ। ਬਾਬਾ ਆਸਾ ਰਾਮ ਜੀ ਨੇ ਇਹ ਕੰਮ ਆਪਣੇ ਜਿੰਮੇ ਲੈ ਲਿਆ ਅਤੇ ਹਾਥੀ ਨਹਾਉਂਦੇ ਰਹੇ। ਕਿਹਾ ਜਾਂਦਾ ਹੈ ਕਿ ਬਾਬਾ ਆਸਾ ਰਾਮ ਜੀ ਹਾਥੀ ਨੂੰ ਚੁੱਕ ਕੇ ਲੈ ਜਾਂਦੇ ਅਤੇ ਹਾਥੀ ਨੂੰ ਨੁਹਾ ਕੇ ਵਾਪਸ ਹਾਥੀਆਂ ਦੇ ਤਬੇਲੇ ਵਿਚ ਖੜਾ ਕਰ ਦਿੰਦੇ ਸਨ। ਚਰਚਾ ਚਲਦੀ ਚਲਦੀ ਰਾਜੇ ਗੋਪੀ ਚੰਦ ਕੋਲ ਪਹੁੰਚ ਗਈ। ਰਾਜੇ ਨੇ ਇਸ ਨੂੰ ਹੈਰਾਨੀ ਵਾਲੀ ਗੱਲ ਮੰਨਿਆ ਅਤੇ ਇਕ ਦਿਨ ਛੁਪ ਕੇ ਇਹ ਕੌਤਕ ਦੇਖਿਆ ਅਤੇ ਬਾਬਾ ਜੀ ਦੇ ਚਰਨੀਂ ਪੈ ਗਿਆ ਅਤੇ ਬਾਬਾ ਜੀ ਕੋਲੋਂ ਮੁਆਫੀ ਮੰਗੀ। ਇਸੇ ਦੰਤ ਕਥਾ ਅਨੁਸਾਰ ਬਾਬਾ ਜੀ ਨੇ 21 ਹਾਥੀ ਖੜੇ ਕਰਕੇ ਛਾਲ ਮਾਰੀ ਅਤੇ ਜਿਸ ਅਸਥਾਨ ਤੇ ਬਾਬਾ ਜੀ ਦਾ ਅੱਜ ਅਸਥਾਨ ਹੈ, ਉਥੇ ਪਹੁੰਚ ਗਏ ਅਤੇ ਬਾਬਾ ਹਾਥੀ ਰਾਮ ਕਹਿਲਾਏ। ਰਾਜੇ ਗੋਪੀ ਚੰਦ ਨੇ ਬਾਬਾ ਜੀ ਤੋਂ ਪ੍ਰਭਾਵਤ ਹੋ ਕੇ 12 ਖੇਤਾਂ ਦੀ ਜਗੀਰ ਬਾਬਾ ਜੀ ਦੇ ਨਾਂ ਕਰ ਦਿੱਤੀ ਜੋ ਬਾਅਦ ਵਿਚ ਲੋਕਾਂ ਨੇ ਦੱਬ ਲਈ ਅਤੇ ਇਸ ਵੇਲੇ 10-12 ਕਨਾਲ ਜ਼ਮੀਨ ਹੀ ਬਾਬਾ ਜੀ ਦੇ ਮੰਦਰ ਨਾਲ ਹੈ। ਹਾਥੀਆਂ ਨੂੰ ਛਾਲ ਮਾਰ ਕੇ ਟੱਪਣ ਕਾਰਨ ਬਾਜ਼ੀਗਰ ਸਮਾਜ ਬਾਬਾ ਜੀ ਨੂੰ ਬਾਜ਼ੀ ਕਲਾ ਦਾ ਮੋਢੀ ਮੰਨਦਾ ਹੈ ਅਤੇ ਉਨ੍ਹਾਂ ਦੀ ਯਾਦ ਵਿਚ 3-5 ਹਾੜ ਨੂੰ ਭਾਰੀ ਮੇਲਾ ਲੱਗਦਾ ਹੈ। ਅੱਜ ਵੀ ਬਾਬਾ ਜੀ ਦੀ ਯਾਦ ਵਿਚ ਬਾਜ਼ੀ ਕਲਾ ਦੇ ਮੁਕਾਬਲੇ ਕਰਵਾਏ ਜਾਂਦੇ ਹਨ ਤੇ ਮੁਕਾਬਲਾ ਜਿੱਤਣ ਵਾਲੇ ਨੂੰ ਯੋਗ ਇਨਾਮ ਦਿੱਤਾ ਜਾਂਦਾ ਹੈ। ਭਾਵੇਂ ਬਾਬਾ ਜੀ ਬਾਰੇ ਕੋਈ ਲਿਖਤੀ ਇਤਿਹਾਸ ਨਹੀH, ਪਰ ਪੀੜੀ ਦਰ ਪੀੜੀ ਸੇਵਾਦਾਰ ਹੀ ਸੰਗਤਾਂ ਨੂੰ ਬਾਬਾ ਜੀ ਦੀ ਮਹਿਮਾ ਦੱਸਦੇ ਹਨ। ਮੈਂ ਵੀ ਮਹਿਮਾ ਭਗਤ ਭਜਨਾ ਰਾਮ ਕੋਲੋਂ ਸੁਣੀ। ਸੇਵਾਦਾਰ ਭਜਨਾ ਰਾਮ ਨਹੀਂ ਦੱਸ ਸਕਿਆ ਕਿ ਬਾਬਾ ਜੀ ਇਥੇ ਕਦੋਂ ਆਏ ਤੇ ਕਿੰਨਾ ਚਿਰ ਇਥੇ ਰਹੇ, ਨਾ ਹੀ ਸਬੂਤ ਵਜੋਂ ਕੋਈ ਕਾਗਜ਼, ਗ੍ਰੰਥ ਜਾਂ ਪੋਥੀ ਹੀ ਮਿਲੀ ਕਿ ਇਹ ਰਾਜੇ ਗੋਪੀ ਚੰਦ ਦੀ ਰਾਜਧਾਨੀ ਧਾਰਾ ਨਗਰੀ ਸੀ। ਮੇਰੇ ਅਨੁਸਾਰ ਧਾਰਾ ਨਗਰੀ ਮੱਧ ਪ੍ਰਦੇਸ਼ ਵਿਚ ਸੀ। ਰਾਜਾ ਗੋਪੀ ਚੰਦ ਬੰਗਾਲ ਦੇ ਗੋਰ ਪ੍ਰਦੇਸ ਵਿਚ ਹੋਇਆ। ਅੱਜ ਵੀ ਗੋਆਰ ਵਣਜਾਰੇ ਰਾਜੇ ਗੋਪੀ ਚੰਦ ਦੇ ਗੀਤ ਗਾਉਂਦੇ ਹਨ :

"ਗੋਪੀ ਚੰਦਰ ਰੋ ਰਾਜਾ ਜੋਗ ਲੀਓ, ਗੋਪੀ ਚੰਦਰ ਰਾਜਾ ਰੀ
ਮਾੜੀ ਹਵੇਲੀ,
ਮਾੜੀ ਹਵੇਲੀ ਛੋੜ ਦੀਓ, ਗੋਪੀ ਚੰਦਰ ਰੋ ਰਾਜਾ ਜੋਗ ਲੀਓ।

ਪ੍ਰਿਥਵੀ ਰਾਜ, ਕ੍ਰਿਤ ਸਿਰੀ ਗੋਗਾ ਪੁਰਾਣ (ਸਚਿਤਰ) ਦੇ ਗਿਆਰਵੇਂ ਅਧਿਆਏ (ਜਲੰਧਰ ਨਾਥ ਜੋਗੀ ਹੈਲਾਪਟਨ ਵਿਚ) ਕਿ ਜਲੰਧਰ ਨਾਥ ਘੁੰਮਦੇ ਘੁੰਮਾਂਦੇ ਰਾਜਾ ਗੋਪੀ ਚੰਦ ਦੇ ਗੌਰ ਬੰਗਾਲਾ ਪ੍ਰਦੇਸ਼ ਹੈਲਾਪਟਨ ਨਗਰੀ ਵਿਚ ਪਹੁੰਚ ਕੇ ਇਕਾਂਤ ਜਗਾ ਤੇ ਡੇਰਾ ਲਾਇਆ। ਰਾਜਾ ਗੋਪੀ ਚੰਦ ਯੁਵਕ ਰਾਜਾ ਸੀ ਅਤੇ ਉਸ ਦੇ ਪਿਤਾ ਦਾ ਨਾਂ ਰਾਜਾ ਤ੍ਰਿਲੋਚਨ ਚੰਦ ਅਤੇ ਮਾਤਾ ਦਾ ਨਾਂ ਰਾਣੀ ਮੈਨਾਵਤੀ ਸੀ। ਇਸ ਦੀ ਪੁਸ਼ਟੀ ਸਾਹਿਬ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਸਿੱਧ ਗੋਸ਼ਟ ਤੋਂ ਹੁੰਦੀ ਹੈ। ਜਦੋਂ ਗੁਰੂ ਨਾਨਕ ਦੇਵ ਜੀ ਸਿੱਧਾਂ ਨੂੰ ਮਿਲੇ, ਰਾਜਾ ਗੋਪੀ ਚੰਦ ਸਿੱਧਾਂ ਦੇ ਨਾਲ ਸੀ। ਰਾਜਾ ਗੋਪੀ ਚੰਦ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਹੋ ਸਕਦੇ ਹਨ।

ਮੈਨੂੰ ਗੁਣਾਚੌਰ ਕਿਲੇ ਬਾਰੇ ਖੋਜ ਕਰਨ ਤੇ ਪਤਾ ਲੱਗਿਆ ਕਿ ਇਹ ਕਿਲਾ ਅਤੇ ਊਨੇ ਦਾ ਕਿਲਾ ਸਾਹਿਬ ਸਿੰਘ ਬੇਦੀ ਦੇ ਪੁਰਖਿਆਂ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਜਾਗੀਰ ਵਜੋਂ ਦਿੱਤਾ ਸੀ। ਮੈਂ ਬੇਦੀ ਕਲਾਥ ਹਾਉਸ ਨਵਾਂ ਸ਼ਹਿਰ ਗਿਆ ਅਤੇ ਇਸ ਦੇ ਮਾਲਕ ਸਰਦਾਰ ਜਸਪਾਲ ਸਿੰਘ ਬੇਦੀ ਨੂੰ ਮਿਲਿਆ। ਉਸ ਦੇ ਦੱਸਣ ਅਨੂਸਾਰ ਇਹ ਕਿਲਾ ਉਨ੍ਹਾਂ ਦੇ ਪ੍ਰੀਵਾਰ ਦੇ ਵੰਡੇ ਆਇਆ ਅਤੇ ਊਨੇ ਦਾ ਕਿਲਾ ਬਾਬਾ ਸਾਹਿਬ ਸਿੰਘ ਬੇਦੀ ਦੇ ਪ੍ਰੀਵਾਰ ਦੇ ਵੰਡੇ ਆਇਆ। ਸਰਦਾਰ ਜਸਪਾਲ ਸਿੰਘ ਬੇਦੀ ਅਨੁਸਾਰ ਗੁਣਾਚੌਰ ਦਾ ਕਿਲਾ ਸਰਕਾਰੀ ਰਿਕਾਰਡ ਵਿਚ ਗੋਪੀ ਚੰਦ ਦਾ ਟਿੱਲਾ ਵੱਜਦਾ ਹੈ। ਮੰਦਰ ਦੇ ਸਰੋਵਰ ਵਿੱਚ ਲਗਿਆ ਪੱਥਰ ( ਹੁਣ ਨਹੀਂ ਹੈ) ਲਾਲਾ ਠਾਕਰ ਦਾਸ ਸੰਨ 8-5-1913 ਇਹ ਦਰਸਾਉਂਦਾ ਹੈ ਕਿ ਇਹ ਮੰਦਰ ਬਹੁਤ ਪੁਰਾਤਨ ਹੈ।

ਪਰਮ ਪੂਜਨੀਕ ਸੰਤ ਲਕਸ਼ਮਣ ਚੇਤੰਨਿਆ ਬਾਪੂ ਅਨੂਸਾਰ ਬਾਬਾ ਹਾਥੀ ਰਾਮ ਜੀ ਤਿਰੂਪਤੀ (ਕਰਨਾਟਕਾ) ਵਿਚ ਤਿਰੂਪਤੀ ਭਗਵਾਨ (ਬਾਲਾਜੀ) ਜਿਸ ਨੂੰ ਵਿਸ਼ਣੂ ਭਗਵਾਨ ਕਿਹਾ ਜਾਂਦਾ ਹੈ, ਨਾਲ ਰਾਤ ਦੇ ਸਮੇਂ ਚੌਪੜ ਖੇਡਦੇ ਸਨ। ਉਨ੍ਹਾਂ ਦੇ ਦੱਸਣ ਅਨੁਸਾਰ ਅੱਜ ਵੀ ਬਾਬਾ ਹਾਥੀ ਰਾਮ ਜੀ ਦਾ ਮੱਠ ਬਾਲਾ ਜੀ ਭਗਵਾਨ ਦੇ ਮੰਦਰ ਕੋਲ ਹੈ। ਵਾਈ ਰੂਪਲਾ ਨਾਇਕ ਨੇ ਅਪਣੀ ਕਿਤਾਬ "ਕਲਰਫੁੱਲ ਬਣਜਾਰਾ (ਲਬਾਨੀ) ਟਰਾਈਬ ਥਰੂ ਦੀ ਏਜਜ਼" ਦੇ ਸਫਾ 221 ਤੇ ਲਿਖਿਆ ਹੈ, "ਤਿਰੂਪਤੀ ਕਰਨਾਟਕਾ ਵਿਚ ਇਕ ਵਣਜਾਰਾ ਸੰਤ ਹਾਥੀ ਰਾਮ ਬਾਬਾ ਹੋਇਆ, ਜੋ ਵੈਂਕਟੇਸ਼ਵਰ ਸਵਾਮੀ (ਬਾਲਾ ਜੀ) ਦਾ ਬਹੁਤ ਵੱਡਾ ਭਗਤ ਸੀ। ਕਿਹਾ ਜਾਂਦਾ ਹੈ ਕਿ ਭਗਵਾਨ ਬਾਲਾ ਜੀ ਉਨ੍ਹਾਂ ਨਾਲ ਰਾਤ ਦੇ ਸਮੇਂ ਚੈਸ (ਚੌਪੜ) ਖੇਡਦਾ ਸੀ। ਇਹ ਦੂਸਰੇ ਲੋਕਾਂ ਨੇ ਵੀ ਦੇਖਿਆ ਤੇ ਉਹ ਬਾਬਾ ਜੀ ਨੂੰ ਮਹਾਨ ਸੰਤ ਕਹਿਣ ਲੱਗ ਪਏ। ਮਹੰਤਾ ਮੱਠ ਬਿਲਡਿੰਗ ਮੰਦਰ ਦੇ ਲਾਗੇ ਬਾਬਾ ਹਾਥੀ ਰਾਮ ਜੀ ਦਾ ਸਥਾਨ ਹੈ। ਬਾਲਾ ਜੀ ਹਜ਼ਾਰਾਂ ਵਣਜਾਰਿਆਂ ਦਾ ਦੱਖਣੀ ਭਾਰਤ ਵਿਚ ਪ੍ਰੀਵਾਰਕ ਦੇਵਤਾ ਹੈ। ਦਾਸ ਨੇ ਇਸ ਮੱਠ ਦੇ ਦਰਸ਼ਨ ਅਪਣੀ ਤਿਰੂਪਤੀ ਯਾਤਰਾ ਤੇ ਕੀਤੇ ਅਤੇ ਦੇਖਿਆ ਅੱਜ ਵੀ ਤਿਰੂਪਤੀ ਮੰਦਰ ਵਿੱਚ ਬਾਬਾ ਹਾਥੀ ਰਾਮ ਜੀ ਦੇ ਮੱਠ ਤੋਂ ਸਮੱਗਰੀ ਤਿਆਰ ਹੋ ਕੇ ਜਾਂਦੀ ਹੈ ਅਤੇ ਤਿਰੂਪਤੀ ਮੰਦਰ ਦੇ ਮਹੰਤ ਦਾ ਆਸਣ ਅਤੇ ਦਫਤਰ ਇਸੇ ਮੱਠ ਵਿੱਚ ਹੈ।

ਤਾਮਰਕ ਜੋ ਅਪਣੇ ਆਪ ਨੂੰ ਬਾਬਾ ਹਾਥੀ ਰਾਮ ਜੀ ਦੇ ਵੰਸ਼ਜ ਦਸਦੇ ਹੱਨ ਅਤੇ ਗੋਰ ਬ੍ਰਾਹਮਣ ਦਸਦੇ ਹਨ, ਨੇ ਮੈਨੂੰ ਆਗਰਮਲ ਸ਼ਰਮਾ ਦੁਆਰਾ ਲਿਖਤ ਪੁਸਤਕ "ਚਿੜਾਵਾ ਅਤੀਤ

(ਬਾਕੀ ਅਗਲੇ ਸਫੇ ਤੇ)



ਬਾਬਾ ਹਾਥੀ ਰਾਮ ਜੀ ਭਗਵਾਨ ਤਿਰੂਪਤੀ ਬਾਲਾਜੀ ਵੈਂਕਟੇਸ਼ ਦੇ ਨਾਲ ਚੌਪੜ ਦੀ ਖੇਡ ਖੇਡਦੇ ਹੋਏ।



ਪਿੰਡ ਗੁਣਾਚੌਰ (ਨੇੜੇ ਬੰਗਾ) ਵਿੱਚ ਬਾਬਾ ਹਾਥੀ ਰਾਮ ਜੀ ਦੇ ਦਰਬਾਰ ਦੇ ਦਰਸ਼ਨ ਕਰਦੇ ਹੋਏ ਆਨਲਾਈਨ ਮੈਗਜ਼ੀਨ ਬੰਜਾਰਾ ਟਾਈਮਜ਼ ਡਾਟ ਕਾਮ ਦੇ ਸੰਪਾਦਕ ਕਮਲ ਧਰਮਸੋਤ



ਪਿੰਡ ਗੁਣਾਚੌਰ (ਨੇੜੇ ਬੰਗਾ) ਵਿੱਚ ਬਾਬਾ ਹਾਥੀ ਰਾਮ ਜੀ ਦੇ ਦਰਬਾਰ ਦੇ ਦਰਸ਼ਨ ਕਰਦੇ ਹੋਏ ਆਨਲਾਈਨ ਮੈਗਜ਼ੀਨ ਬੰਜਾਰਾ ਟਾਈਮਜ਼ ਡਾਟ ਕਾਮ ਦੇ ਸੰਪਾਦਕ ਕਮਲ ਧਰਮਸੋਤ ਅਤੇ ਸਮਾਜ ਸੁਧਾਰ ਲਹਿਰ ਗੋਰ ਸਿਕਵਾੜੀ ਦੇ ਫੁੱਲ ਟਾਈਮ ਪ੍ਰਚਾਰਕ ਅਰੁਣ ਦਿਗਾਂਬਰ ਚਵਾਨ ਦਰਬਾਰ ਦੇ ਮੌਜੂਦਾ ਸੇਵਕ ਨਾਲ।

# ਸਾਹਿਤਕ, ਪ੍ਰਗਤੀਸ਼ੀਲ ਤੇ ਇਮਾਨਦਾਰ ਸੋਚ ਦਾ ਮਾਲਕ-ਇੰਜ.ਅਰਵਿੰਦਰ ਸਿੰਘ 'ਸਹੋਤਾ'



ਸੱਚ ਇਹ ਹੈ ਕਿ ਜਦੋਂ ਦੁਨੀਆਂ 'ਚ ਵਿਸ਼ਵਾਸ ਮੁੱਕ ਗਿਆ ਤਾਂ ਰੱਬ ਵੀ ਧਰਤੀ ਤੇ ਨਹੀਂ ਰਹਿਣਾ। ਅਸਮਾਨ ਤੇ ਧਰਤੀ ਰੱਬ ਦੇ ਆਸਰੇ ਨਹੀਂ, ਵਿਸ਼ਵਾਸ ਦੇ ਆਸਰੇ ਖੜ੍ਹੇ ਹਨ। ਝੂਠ ਤੇ ਅਪਰਾਧ ਦਾ ਜਿੰਨਾ ਮਰਜ਼ੀ ਅੰਧਕਾਰ ਫੈਲ ਜਾਵੇ, ਪਰ ਫਿਰ ਵੀ ਕਈ ਸ਼ਖ਼ਸ ਆਪਣੇ ਇਮਾਨਦਾਰੀ ਦੇ ਸੂਰਜੀ ਅਕਸ ਨਾਲ ਇਸ ਅੰਧਕਾਰ ਨੂੰ ਘੱਟ ਕਰਨ ਦੀ ਕੋਸ਼ਿਸ਼ 'ਚ ਹਮੇਸ਼ਾ ਯਤਨਸ਼ੀਲ ਹਨ। ਅਜਿਹੇ ਹੀ ਇਕ ਸਖਸ਼ ਦਾ ਨਾਮ ਹੈ ਇੰਜੀ. ਅਰਵਿੰਦਰ ਸਿੰਘ ਸਹੋਤਾ, ਜੋ ਕਿ ਇਸ ਵਕਤ ਬਤੌਰ ਐਸ. ਡੀ. ਓ. ਪਾਵਰਕਾਮ ਮਹਿਕਮੇ 'ਚ ਮੁਕੰਦਪੁਰ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਤਾਇਨਾਤ ਹਨ। ਅਰਵਿੰਦਰ ਸਿੰਘ ਦਾ ਪਿੰਡ ਗੁਰਾਇਆਂ ਨੇੜੇ, ਬੜਾ ਪਿੰਡ। ਪਿਤਾ ਦਾ ਨਾਂ ਰਿਟਾਇਰਡ ਪ੍ਰਿੰਸੀਪਲ ਸ. ਬਲਵੀਰ ਸਿੰਘ ਤੇ ਮਾਤਾ ਦਾ ਨਾਂ ਸ੍ਰੀਮਤੀ ਜਗੀਰ ਕੌਰ। ਜੀਵਨ ਸਾਥਣ ਦਾ ਨਾਂ ਜਸਵਿੰਦਰ ਕੌਰ, ਇਕ ਬੇਟੀ ਤੇ ਇਕ ਬੇਟਾ। ਰਾਮਗੜ੍ਹੀਆ ਕਾਲਜ ਫਗਵਾੜਾ ਤੋਂ ਤਿੰਨ ਸਾਲਾ ਡਿਪਲੋਮਾ (ਇਲੈਕਟ੍ਰੀਕਲ ਇੰਜੀਨੀਅਰਿੰਗ) ਇਹ ਸਖਸ਼ 1984 ਵਿਚ ਬਤੌਰ ਲਾਈਨਮੈਨ ਨੁਗਰੀਆਂ ਲੱਗਾ। ਡੇਢ ਸੌ ਖੇਤ ਦਾ ਮਾਲਿਕ ਤੇ ਕੁੱਤੇ, ਘੋੜੇ, ਘੋੜੀਆਂ ਤੇ ਆਪਣੇ ਕਲਚਰ ਨੂੰ ਪਿਆਰ ਕਰਨ ਵਾਲਾ ਸਹੋਤਾ, ਸਿਆਸਤ ਨਾਲ ਵੀ ਨਹੁੰ-ਮਾਸ ਦਾ ਰਿਸ਼ਤਾ ਰੱਖਦੈ। ਪੰਜਾਬ ਦੇ ਵਿੱਤ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਦਾ ਉਹ ਖੱਬਾ ਹੱਥ ਹੈ। ਬੇਵਫਾਈ ਸ਼ਬਦ ਸਹੋਤੇ ਦੀ ਡਿਕਸ਼ਨਰੀ ਵਿਚ ਨਹੀਂ ਹੈ। ਉਹ ਸ਼ੁਰੂ ਤੋਂ ਲੈ ਕੇ ਹੁਣ ਤੱਕ ਚੰਗੇ ਮਾੜੇ ਦਿਨਾਂ ਵਿਚ ਮਨਪ੍ਰੀਤ ਬਾਦਲ ਦੇ ਨਾਲ ਹੀ ਰਿਹੈ। 2004 ਤੋਂ 207 ਤੱਕ ਕੁਝ ਸਿਆਸੀ ਦਬਾਅ ਦੇ ਕਾਰਨ ਅਰਵਿੰਦਰ ਸਿੰਘ ਸੜਕਾਂ ਤੇ ਹੀ ਇਮਾਨਦਾਰੀ ਨਾਲ ਆਪਣੇ ਕੰਮ ਨੂੰ ਅੰਜਾਮ ਤੱਕ ਪਹੁੰਚਾਉਂਦਾ ਰਿਹੈ। ਉਹ ਹਰ ਭੁਚਾਲ ਝੱਲਣ ਦੇ ਸਮਰੱਥ ਹੈ। ਸਹੋਤੇ ਦੀ ਸੋਚ ਹੈ ਕਿ ਜਦ ਇਮਾਨਦਾਰੀ ਨਾਲ ਆਪਾਂ ਆਪਣਾ ਕੰਮ ਹੀ ਕਰਨਾ ਹੈ, ਫਿਰ ਪਸ਼ੂਆਂ ਦੇ ਵਾਂਗੇ 'ਚ ਇਤਰ ਫੁਲੇਲਾਂ ਦਾ ਕੀ ਕੰਮ। ਇਕ ਵਾਰ ਉਹ ਰਾਤ ਨੂੰ ਡਿਊਟੀ ਤੋਂ ਘਰ ਨੂੰ ਆ ਰਿਹਾ ਸੀ ਕਿ ਨਾਕੇ ਤੇ ਖੜ੍ਹੇ ਪੁਲਿਸ ਮੁਲਾਜ਼ਮਾਂ ਨੇ ਉਹਨੂੰ ਪਛਾਨਣ ਤੋਂ ਹੀ ਇਨਕਾਰ ਕਰ ਦਿੱਤਾ। ਉਹਨੇ ਬਹੁਤ ਸਮਝਾਇਆ ਕਿ ਮੈਂ ਤੁਹਾਡੇ ਇੱਥੋਂ ਪਾਵਰਕਾਮ ਮਹਿਕਮੇ 'ਚ ਐਸ. ਡੀ. ਓ. ਹਾਂ ਪਰ ਮੁਲਾਜ਼ਮਾਂ ਦਾ ਕਹਿਣਾ ਸੀ ਕਿ ਨਹੀਂ ਅਸੀਂ ਤੇਰੀ ਗੱਡੀ ਦੀ ਡਿੱਕੀ ਚੈਕ ਕਰਨੀ ਐ। ਦੂਸਰੇ ਦਿਨ ਜਦ ਸਹੋਤੇ ਨੇ ਥਾਣੇ 'ਚ ਜਾ ਕੇ ਆਪਣੀ ਪਾਵਰ ਦਿਖਾਈ, ਮਤਲਬ ਥਾਣੇ ਨੂੰ 17 ਹਜ਼ਾਰ ਰੁਪਏ ਜੁਰਮਾਨਾ ਕੀਤਾ ਤਾਂ ਪੁਲਿਸ ਮੁਲਾਜ਼ਮਾਂ ਨੂੰ ਰਾਤ ਦੀ ਗਲਤੀ ਦਾ ਅਹਿਸਾਸ ਹੋਇਆ ਕਿ ਇਹ ਤਾਂ ਸੇਰ ਨੂੰ ਸਵਾ ਸੇਰ ਟੱਕਰ ਪਿਆ।

ਉਹਦਾ ਹਰ ਮੁਲਾਜ਼ਮ ਉਹਦੇ ਸੁਭਾਅ ਤੋਂ ਖੁਸ਼ ਹੈ। ਬੰਦਾ ਸਿਆਣਾ ਹੋਵੇ ਤਾਂ ਹਰ ਦਾਅਵਾ ਹਿੱਕ ਠੋਕ ਕੇ ਕਰ ਹੀ ਸਕਦਾ ਹੈ। ਉਹਨੇ ਕਿਹਾ ਹੋਇਆ ਹੈ ਕਿ ਮੇਰੀ ਗੈਰ ਹਾਜ਼ਰੀ ਵਿਚ ਵੀ ਦਫਤਰ 'ਚ ਆਉਣ ਵਾਲੇ ਦਾ ਕੰਮ ਹੋਣਾ ਚਾਹੀਦਾ ਹੈ। ਦਸਤਖਤ ਮੈਂ ਬਾਅਦ ਵਿਚ ਕਰ ਦੇਵਾਂਗਾ। ਕਿਸੇ ਦੀਆਂ ਨਜ਼ਰਾਂ ਵਿਚ ਉਤਰਨਾ ਸੌਖਾ ਨਹੀਂ ਹੁੰਦਾ, ਪਰ ਨਜ਼ਰਾਂ 'ਚੋਂ ਗਿਰ ਜਾਣਾ ਮੌਤ ਤੋਂ ਪਹਿਲਾਂ ਹੀ ਮਰ ਜਾਣ ਦਾ ਅਹਿਸਾਸ ਹੁੰਦਾ ਹੈ। ਕਈ ਲੋਕ ਉਚੀਆਂ ਕੁਰਸੀਆਂ 'ਤੇ ਬੈਠ ਕੇ ਵੀ ਜਨਤਾ ਦਾ ਵਿਸ਼ਵਾਸ ਨਹੀਂ ਜਿੱਤ ਸਕਦੇ। ਪਰ ਜਦੋਂ ਦਾ ਉਹ ਯਾਨਿ ਕਿ 18 ਦਸੰਬਰ 2014 ਨੂੰ ਉਸ ਸਖਸ਼ ਨੇ ਦਸਤਕ ਦਿੱਤੀ ਹੈ, ਆਮ ਲੋਕ ਖੁਸ਼ ਹਨ ਤੇ ਕਿਸਾਨ ਖੁਸ਼ ਹਨ। ਥੋੜ੍ਹਾ ਸਮਾਂ ਪਹਿਲਾਂ ਕੁਝ ਲੋਕ ਟਰਾਲੀ ਭਰ ਕੇ ਆ ਗਏ।

ਸਹੋਤੇ ਦਾ ਸਵਾਲ ਸੀ, ਕਿਵੇਂ ਆਏ ਹੋ? ਅੱਗੋਂ ਜਵਾਬ ਸੀ ਪਿੰਡ 'ਚ ਚੰਗੀ ਤਰ੍ਹਾਂ ਬਿਜਲੀ ਨਹੀਂ ਆਉਂਦੀ, ਟਰਾਂ-ਸਫਾਰਮਰ ਖਰਾਬ ਰਹਿੰਦੈ, ਅਸੀਂ ਧਰਨਾ ਦੇਣ ਆਏ ਹਾਂ। ਸਹੋਤੇ ਦਾ ਜਵਾਬ ਸੀ ਕਿ ਜਿੰਨੇ ਟਰਾਸਫਾਰਮਰ ਚਾਹੀਦੇ ਹਨ, ਚੁੱਕ ਕੇ ਹੁਣੇ ਹੀ ਟਰਾਲੀ 'ਚ ਰੱਖੋ। ਸਹੋਤਾ ਦਾ ਕਹਿਣਾ ਹੈ ਕਿ ਜਿਹਨੂੰ ਵੀ ਕੋਈ ਸਮੱਸਿਆ ਹੈ, ਉਹ ਸਿੱਧਾ ਆ ਕੇ ਮੈਨੂੰ ਮਿਲੇ। ਪੈਸਾ ਹਰ ਸਮੱਸਿਆ ਦਾ ਹੱਲ ਨਹੀਂ ਹੈ, ਕਿਉਂਕਿ ਕਈ ਜ਼ਰੂਰਤਾਂ ਪੈਸੇ ਤੋਂ ਵੀ ਵੱਡੀਆਂ ਹਨ।



ਪੰਮੀ ਲਾਲੋ ਮਜਾਰਾ
91-95011-43755

ਕੰਮ ਕਰਵਾਉਣ ਆਏ ਉਹ ਸਖਸ਼ ਦੀ ਫਾਈਲ ਵੀ ਨਹੀਂ ਵੇਖਣੀ ਪਸੰਦ ਕਰਦਾ, ਕਿਉਂਕਿ ਜੇ ਮੈਂ ਫਾਈਲ ਦੇ ਸਫੇ ਫਰੋਲਣ ਦੀ ਕੋਸ਼ਿਸ਼ ਕਰਾਂਗਾ ਤਾਂ ਮੇਰੇ ਸਾਹਮਣੇ ਖੜ੍ਹਾ ਸਖਸ਼ ਅੰਦਰੋਂ ਕਿੰਨਾ ਟਾਰਚਰ ਹੋ ਜਾਵੇਗਾ, ਇਹ ਅੰਦਾਜ਼ਾ ਨਾ ਤੁਸੀਂ ਲਾ ਸਕੋਂ ਹੋ ਤੇ ਨਾ ਮੈਂ। ਇਸ ਫਿਲਾਸਫਰ ਸਖਸ਼ ਦੀਆਂ ਗੱਲਾਂ ਸੁਣ ਕੇ ਲੋਕ ਆਪਣਾ ਕੰਮ ਭੁੱਲ ਜਾਂਦੇ ਹਨ। ਅਰਵਿੰਦਰ ਸਿੰਘ ਦੀ ਆਪਣੀ ਇਕ ਸੋਚ ਹੈ, ਆਪਣੀ ਇਕ ਅਲੱਗ ਪਹਿਚਾਣ ਹੈ। ਵੱਗਦੇ ਪਾਣੀਆਂ ਦੇ ਸੁਭਾਅ ਵਰਗਾ ਤੇ ਗੰਗਾਜਲ ਦੀ ਪਵਿੱਤਰ ਆਸਥਾ ਵਰਗਾ ਇਹ ਇਨਸਾਨ ਸਦਾ ਆਪਣੇ ਤੇਜ਼-ਤਰਾਰ ਇਮਾਨਦਾਰੀ ਜਜ਼ਬੇ ਨਾਲ ਆਮ ਜਨਤਾ ਦੀ ਸੇਵਾ ਕਰਦਾ ਰਹੇ। ਤੇ ਉਥੇ ਸਰਕਾਰ ਦਾ ਵੀ ਫਰਜ਼ ਬਣਦਾ ਹੈ ਕਿ ਇਹੋ ਜਿਹੇ ਇਮਾਨਦਾਰ ਅਫਸਰਾਂ ਨੂੰ 26 ਜਨਵਰੀ ਤੇ 15 ਅਗਸਤ ਨੂੰ ਸਨਮਾਨਿਤ ਕਰਨ ਦਾ ਹੌਸਲਾ ਵੀ ਕਰੇ।

# ਕਿਸਾਨੀ ਮਸਲਿਆਂ ਬਾਰੇ ਗੰਭੀਰ ਨਹੀਂ ਰਹੀਆਂ ਭਾਰਤ ਦੀਆਂ ਸਰਕਾਰਾਂ

**ਚੰਡੀਗੜ੍ਹ** – ਸਰਕਾਰਾਂ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਪ੍ਰਤੀ ਅਵੇਸਲੀਆਂ ਹਨ। ਖੇਤੀ ਪ੍ਰਧਾਨ ਪੰਜਾਬ ਵਰਗੇ ਸੂਬੇ ਦੇ ਛੋਟੇ, ਦਰਮਿਆਨੇ 98 ਫੀਸਦੀ ਕਿਸਾਨ ਖੇਤੀ ਕਾਰਨ ਬੈਂਕਾਂ, ਸ਼ਾਹੂਕਾਰਾਂ, ਆੜ੍ਹਤੀਆਂ ਦਾ 35000 ਕਰੋੜ ਦਾ ਕਰਜ਼ਈ ਹਨ। ਪੰਜਾਬ ਦੀਆਂ ਪਿਛਲੀਆਂ ਲਗਭਗ ਪੰਜ ਫਸਲਾਂ ਸੋਕੇ, ਗੈਰ ਮੌਸਮੀ, ਵੱਧ-ਘੱਟ ਬਰਸਾਤ ਤੇ ਨਕਲੀ ਕੀਟਨਾਸ਼ਕਾਂ ਦੀ ਭੇਟ ਚੜ੍ਹੀਆਂ ਹਨ। ਸਾਲ 2015 ਵਿਚ ਕਪਾਹ ਦੀ ਦੋ ਤਿਹਾਈ ਫਸਲ ਪੰਜਾਬ ਵਿਚ ਇਸੇ ਕਾਰਨ ਤਬਾਹ ਹੋ ਗਈ ਤੇ ਕਿਸਾਨਾਂ ਦਾ 4200 ਕਰੋੜ ਦਾ ਨੁਕਸਾਨ ਹੋਇਆ। ਇਹੋ ਜਿਹੀਆਂ ਸਮੱਸਿਆਵਾਂ ਵਿਚੋਂ ਲੰਘਦਿਆਂ ਸਨ 2000 ਤੋਂ ਸੰਨ 2010 ਤੱਕ 5000 ਕਿਸਾਨ ਤੇ ਖੇਤ ਮਜ਼ਦੂਰ ਖੁਦਕੁਸ਼ੀਆਂ ਕਰ ਗਏ ਅਤੇ ਇਨ੍ਹਾਂ ਲੰਘਦੇ ਦਿਨਾਂ ਵਿਚ ਹਰ ਰੋਜ਼ ਦੋ ਤੋਂ ਤਿੰਨ ਕਿਸਾਨ ਖੁਦਕੁਸ਼ੀਆਂ ਕਰਨ ਲਈ ਮਜਬੂਰ ਹਨ। ਕੇਂਦਰ ਦੀ ਮੌਜੂਦਾ ਮੋਦੀ ਸਰਕਾਰ ਵੱਲੋਂ ਕਿਸਾਨਾਂ ਦੀ ਆਮਦਨ ਵਰ੍ਹਾ ਪਹਿਲਾਂ ਪੰਜ ਸਾਲਾਂ ਵਿਚ ਦੁੱਗਣੀ ਕਰਨ ਦੀ ਗੱਲ ਤਾਂ ਜ਼ੋਰ-ਸ਼ੋਰ ਨਾਲ ਕੀਤੀ ਗਈ, ਪ੍ਰਚਾਰੀ ਵੀ ਬਹੁਤ ਗਈ, ਪਰ ਇਸ ਵਰ੍ਹੇ ਦੇ ਬਜਟ ਵਿਚ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਲਈ ਕੋਈ ਠੋਸ ਸਕੀਮ ਨਹੀਂ ਲਿਆਂਦੀ ਗਈ, ਸਿਰਫ ਕੁਝ ਕਰੋੜ ਵਿਆਜ ਰਹਿਤ ਕਰਜ਼ੇ ਦਾ ਐਲਾਨ ਜ਼ਰੂਰ ਕੀਤਾ ਗਿਆ, ਪਰ ਇਸ ਨਾਲ ਕਿੰਨੇ ਛੋਟੇ, ਸੀਮਾਂਤ ਕਿਸਾਨ ਫਾਇਦਾ ਲੈ ਸਕਣਗੇ, ਇਸ ਬਾਰੇ ਚੁੱਪ ਸਾਧੀ ਰੱਖੀ। ਦੇਸ਼ ਦੀ 58 ਫੀਸਦੀ ਆਬਾਦੀ ਖੇਤੀ ਉਤੇ ਨਿਰਭਰ ਹੈ। ਦੇਸ਼ ਦੀ 75 ਫੀਸਦੀ ਪੇਂਡੂ ਅਬਾਦੀ ਦੇ ਸਾਹਮਣੇ ਰੋਟੀ ਦੀ ਸਮੱਸਿਆ ਹੈ। ਕਿਸਾਨ ਨੂੰ ਉਸ ਦੀ ਖੇਤੀ ਪੈਦਾਵਾਰ ਦਾ ਸਹੀ ਮੁੱਲ ਨਹੀਂ ਮਿਲਦਾ। ਆਲੂ ਦੋ ਰੁਪਏ ਕਿਲੋ ਤੱਕ ਵਿਕਦਾ ਹੈ।



**ਕਿਸਾਨ ਨੂੰ ਹੁਨਰਮੰਦ ਕਾਮਾ ਮੰਨ ਕੇ ਤੈਅ ਹੋਣ ਜਿਣਸਾਂ ਦੇ ਭਾਅ**

ਪੰਜਾਬ ਸਰਕਾਰ ਨੇ ਖੇਤੀ ਲਾਗਤ ਅਤੇ ਮੁੱਲ ਕਮਿਸ਼ਨ ਵੱਲੋਂ ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਲਈ ਮਾਪਦੰਡਾਂ ਨੂੰ ਤਬਦੀਲ ਕੀਤੇ ਜਾਣ ਦੀ ਮੰਗ ਕਰਦਿਆਂ ਕਿਸਾਨ ਨੂੰ ਮਾਹਰ ਕਾਮਾ ਮੰਨ ਕੇ ਉਸ ਦੀ ਮਿਹਨਤ ਉਤਪਾਦਨ ਲਾਗਤ ਵਿਚ ਸ਼ਾਮਲ ਕਰਨ ਦੀ ਮੰਗ ਕੀਤੀ ਹੈ। ਖੇਤੀ ਲਾਗਤ ਤੇ ਮੁੱਲ ਕਮਿਸ਼ਨ ਦੀ ਉਤਰੀ ਰਾਜਾਂ ਦੇ ਅਧਿਕਾਰੀਆਂ ਦੀ ਮੀਟਿੰਗ ਵਿਚ ਪੰਜਾਬ ਸਰਕਾਰ ਨੇ ਕਿਹਾ ਕਿ ਖੇਤੀ ਬਿਨਾਂ ਮੁਹਾਰਤ ਤੋਂ ਸੰਭਵ ਨਹੀਂ ਹੈ। ਕਮਿਸ਼ਨ ਕਿਸਾਨਾਂ ਦੀ ਮਿਹਨਤ ਨੂੰ ਆਮ ਕਾਮੇ ਦੀ ਦਿਹਾੜੀ ਦੇ ਤੌਰ 'ਤੇ ਉਤਪਾਦਨ ਲਾਗਤ ਵਿਚ ਜੋੜਦਾ ਹੈ। ਘੱਟੋ ਘੱਟ ਸਮਰਥਨ ਮੁੱਲ ਤੈਅ ਕਰਨ ਲਈ ਕਿਸਾਨ ਦੀ ਮਿਹਨਤ ਨੂੰ ਮਾਹਰ ਕਾਮੇ ਵਜੋਂ ਸ਼ਾਮਲ ਕੀਤਾ ਜਾਵੇ।

**ਬਰਾੜ ਨੇ ਮੁੜ ਦਿੱਤੀ ਅਫੀਮ ਦੀ ਖੇਤੀ ਬਾਰੇ ਸਲਾਹ**

ਤ੍ਰਿਣਮੂਲ ਕਾਂਗਰਸ ਪੰਜਾਬ ਇਕਾਈ ਦੇ ਪ੍ਰਧਾਨ ਜਗਮੀਤ ਸਿੰਘ ਬਰਾੜ ਨੇ ਮੁੜ ਮੰਗ ਕੀਤੀ ਹੈ ਕਿ ਵਿਧਾਨ ਸਭਾ ਦੇ ਸੈਸ਼ਨ ਤੋਂ ਪਹਿਲਾਂ ਪੰਜਾਬ ਵਿਚ ਅਫੀਮ ਦੀ ਖੇਤੀ ਕਰਾਉਣ ਬਾਰੇ ਸਰਬ ਪਾਰਟੀ ਮੀਟਿੰਗ ਬੁਲਾਈ ਜਾਵੇ, ਜਿਸ ਵਿਚ ਇਸ ਮੁੱਦੇ 'ਤੇ ਸਹਿਮਤੀ ਬਣਾਈ ਜਾਵੇ। ਉਨ੍ਹਾਂ ਆਖਿਆ ਕਿ ਸਿਆਸੀ ਵਖਰੇਵਿਆਂ ਤੋਂ ਉਪਰ ਉਠ ਕੇ ਸਭ ਸਿਆਸੀ ਧਿਰਾਂ ਅਫੀਮ ਦੀ ਖੇਤੀ ਲਈ ਸਾਂਝੇ ਤੌਰ 'ਤੇ ਕੇਂਦਰ ਸਰਕਾਰ ਕੋਲ ਮਾਮਲਾ ਉਠਾਉਣ। ਪੰਜਾਬ ਦੀ ਕਿਸਾਨੀ ਨੂੰ ਸੰਕਟ ਵਿਚੋਂ ਕੱਢਣ ਲਈ ਕਾਨੂੰਨੀ ਤੌਰ 'ਤੇ ਅਫੀਮ ਦੀ ਖੇਤੀ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਕਿਸਾਨਾਂ ਨੂੰ ਕਾਨੂੰਨੀ ਦਾਇਰੇ ਵਿਚ ਰਹਿ ਕੇ ਅਫੀਮ ਦੀ ਖੇਤੀ ਕਰਨ ਦੀ ਖੁੱਲ੍ਹ ਹੈ ਅਤੇ ਇਸੇ ਤਰਜ਼ 'ਤੇ ਪੰਜਾਬ ਦੇ ਕਿਸਾਨਾਂ ਨੂੰ ਵੀ ਪ੍ਰਵਾਨਗੀ ਦਿੱਤੀ ਜਾਵੇ। ਅਫੀਮ ਦੀ ਖੇਤੀ ਪੰਜਾਬ ਦੇ ਕਿਸਾਨਾਂ ਦਾ ਸੰਕਟ ਨਿਵਾਰਨ ਲਈ ਮਦਦਗਾਰ ਹੋ ਸਕਦੀ ਹੈ।

# ਅਲੌਕਿਕ ਸੰਤ ਬਾਬਾ ਹਾਥੀ ਰਾਮ ਜੀ

ਸੇ ਆਜ ਤੱਕ" ਦੇ ਅੰਸ਼ ਮੈਨੂੰ ਭੇਜੇ, ਜੋ ਇਸ ਤਰਾਂ ਹਨ, "ਸੋਲਵੀ ਸਦੀ ਤੋਂ ਪਹਿਲਾਂ ਪੰਡਤ ਰੂਪਰਾਮ ਸ਼ਰਮਾ ਸੋਨਬਲੀ ਤੋਂ ਆ ਕੇ ਚਿੜਾਵਾ ਵਸੇ ਸੀ ਆਪ ਦੇਵੀ ਭਗਤ ਸਿੱਧ ਪੁਰਸ਼ ਸਨ। ਉਨ੍ਹਾਂ ਦਾ ਇੱਕ ਹੋਰ ਭਰਾ ਸੀ ਜੋ ਬਚਪਨ ਵਿੱਚ ਹੀ ਵਿਰਕਤ ਹੋ ਗਿਆ ਸੀ। ਵਿਰਕਤਤਾ ਵਿੱਚ ਹੀ ਘੁੰਮਦੇ ਹੋਏ ਆਪ ਤਿਰੁਪਤੀ ਨਰੇਸ਼ ਦੇ ਪਹੁੰਚ ਗਏ। ਰਾਜੇ ਨੇ ਉਨ੍ਹਾਂ ਦੇ ਚਮਤਕਾਰਿਕ ਜੀਵਨ ਤੋਂ ਪਰਭਾਵਤ ਹੋ ਕੇ ਉਨ੍ਹਾਂ ਦਾ ਸ਼ਿਸ਼ ਬਣਨਾ ਸਵੀਕਾਰ ਲਿਆ ਅਤੇ ਉਨ੍ਹਾਂ ਦਾ ਉਥੇ ਹੀ ਮੱਠ ਬਣਵਾ ਦਿੱਤਾ ਜੋ ਅੱਜ ਵੀ ਤਿਰੁਪਤੀ ਵਿੱਚ ਬਾਲਾ ਜੀ ਦੇ ਪਰਿਸਪਰ ਵਿੱਚ ਹਾਥੀ ਜਾਮ ਬਾਬਾ ਦੇ ਮੱਠ ਦੇ ਨਾਂ ਨਾਲ ਪ੍ਰਸਿਧ ਹੈ।"

ਤਾਮਰਕ ਅਨੁਸਾਰ ਗੋਰ ਬ੍ਰਾਹਮਣਾਂ ਦੀ ਉਤਪਤੀ ਇਕ ਛੋਟੇ ਜਹੇ ਪਿੰਡ ਗਾਰK ਗੋਰ, ਜੋ ਕਿ ਪਛਮੀ ਬੰਗਾਲKਬੰਗਲਾ ਦੇਸ਼ ਭਾਰਤ ਦੀ ਅੰਤਰਰਾਸ਼ਟਰੀ ਸੀਮਾ ਤੇ ਸਥਿਤ ਹੈ, ਵਿੱਚ ਹੋਈ। ਇਹ ਗਾਂਵ ਅਸਲ ਵਿੱਚ ਇੱਕ ਮਹਾਨ ਵਿਅਕਤੀ ਲਛਮਣ ਦੁਆਰਾ ਸਥਾਪਿਤ ਕੀਤਾ ਗਿਆ ਜੋ ਸਦੀਆਂ ਤੋਂ ਬਾਦ ਗੌੜਾ ਫਿਰ ਗੋਰ ਬਣਿਆ। ਗਿਆਰਵੀਂ ਸਦੀ ਵਿੱਚ ਮੁਸਲਮਾਨਾਂ ਨੇ ਬੰਗਾਲ ਤੇ ਕਬਜ਼ਾ ਕਰ ਲਿਆ ਅਤੇ ਬ੍ਰਾਹਮਣਾਂ ਨੂੰ ਉਤਰ ਭਾਰਤ ਵਿੱਚ ਪਲਾਇਨ ਕਰਨ ਲਈ ਮਜਬੂਰ ਹੋਣਾ ਪਿਆ। ਉਤਰ ਭਾਰਤ ਦੇ ਰਾਜੇ ਗੋਰ ਬ੍ਰਾਹਮਣਾਂ ਦੇ ਧਾਰਮਿਕ ਗਿਆਨ ਨੂੰ ਦੇਖ ਕੇ ਇਤਨੇ ਪਰਭਾਵਤ ਹੋਏ ਕਿ ਰਾਜਿਆਂ ਨੇ ਉਨ੍ਹਾਂ ਨੂੰ ਅਪਣੇ ਸਾਮਰਾਜ ਵਿੱਚ ਜ਼ਮੀਨ ਅਤੇ ਘਰ ਵਸਣ ਲਈ ਦਿੱਤੇ ਅਤੇ ਇਹ ਗੋਰ ਬ੍ਰਾਹਮਣ ਉਤਰ ਭਾਰਤ (ਰਾਜਸਥਾਨ ) ਦੇ ਵਸਨੀਕ ਬਣ ਗਏ। ਧਿਆਨ ਦਿੱਤਾ ਜਾਵੇ ਕਿ ਅੱਜ ਜਿਤਨੇ ਵੀ ਭਾਟ ਗੋਆਰਾਂ ਦੀਆਂ ਬੰਸਾਵਲੀਆਂ ਲਿਖਦੇ ਹਨ/ਸਨ ਇਹ ਸਾਰੇ ਗੋਰ ਬ੍ਰਾਹਮਣ ਹਨ। ਸਾਡਾ ਵੀ ਇਹ ਮੱਤ ਹੈ ਕਿ ਗੋਆਰ ਗੋਰ ਦੇਸ਼ ਤੋਂ ਹੀ ਸਾਰੇ ਭਾਰਤ ਵਿੱਚ ਬੁਰੇ ਹਾਲਾਤਾਂ ਕਾਰਣ ਰੋਟੀ ਰੋਜ਼ੀ ਲਈ ਖਿੱਲਰੇ ਅਤੇ ਕੰਮ ਦੇ ਅਧਾਰ ਤੇ ਵੱਖ ਵੱਖ ਨਾਂ ਨਾਲ ਵੱਖ ਵੱਖ ਰਾਜਾਂ ਵਿੱਚ ਜਾਣੇ ਜਾਣ ਲੱਗੇ। ਬੰਗਾਲ ਵਿਚ ਇਨ੍ਹਾਂ ਦੀ ਗੌਰ ਸਟੇਟ ਸੀ ਜਿਸ ਤੇ ਆਖਰੀ ਗੌਰ ਰਾਜੇ ਲਖਮਣ ਸੈਨ ਨੇ ਰਾਜ ਕੀਤਾ ਜਿਸ ਦੀ ਰਾਜਧਾਨੀ ਨੂੰ ਲਖਨਾਵਤੀ/ ਲਖਨੋਤੀ ਕਿਹਾ ਜਾਂਦਾ ਸੀ, ਜੋ 1200 ਈ: ਤਕ ਰਹੀ। ਮੁਹੰਮਦ ਬਖਤਿਆਰ, ਜੋ ਕੁਤਬਦੀਨ ਐਬਕ ਦਾ ਸਿਪਾਹਸਲਾਰ ਸੀ, ਨੇ ਜਿੱਤ ਲਈ ਸੀ।

ਕਿਹਾ ਜਾਂਦਾ ਹੈ ਕਿ ਜਦੋਂ ਬਾਬਾ ਜੀ ਤਿਰੁਪਤੀ ਪਹੁੰਚੇ ਉਸ ਸਮੇਂ ਬਾਲਾ ਜੀ ਮੰਦਰ ਦਾ ਪ੍ਰਬੰਧ ਸਵਾਮੀ ਨਾਮਾਨੁਜਾ ਅਚਾਰੀਆ ਦੇ ਚੇਲਿਆਂ ਦੇ ਹੱਥਾਂ ਵਿੱਚ ਸੀ ਜੋ ਅਪਣੀ ਲਿਆਕਤ ਅਤੇ ਗਿਆਨ ਕਾਰਣ ਬੜੇ ਘੁਮੰਡੀ ਸਨ। ਬਾਬਾ ਹਾਥੀ ਰਾਮ ਜੀ ਦੀ ਬੇਨਤੀ ਤੇ ਉਨ੍ਹਾਂ ਨੇ ਬਾਬਾ ਜੀ ਨੂੰ ਜੰਗਲ ਵਿੱਚੋਂ ਲੱਕੜਾਂ ਲਿਆਉਣ ਦਾ ਕੰਮ ਦਿੱਤਾ। ਇੱਕ ਦਿਨ ਜਦੋਂ ਬਾਬਾ ਜੀ ਜੰਗਲ ਵਿੱਚੋਂ ਲੱਕੜਾਂ ਇਕੱਠੀਆਂ ਕਰ ਰਹੇ ਸਨ, ਉਨ੍ਹਾਂ ਦਾ ਪੈਰ ਵੱਡੀ ਕਾਂਟੇਦਾਰ ਝਾੜੀ ਵਿੱਚ ਫਸ ਗਿਆ ਅਤੇ ਦਰਦ ਨਾਲ ਕਰਾਹੁਣ ਲੱਗੇ, ਉਸ ਸਮੇਂ ਭਗਵਾਨ ਬਾਲਾ ਜੀ ਵਿਸ਼ਣੂ ਵੈਂਕਟੇਸ਼ਵਰ ਸਵਾਮੀ ਬੰਜਾਰਾ ਵੇਸ਼ਭੂਸ਼ਾ ਵਿੱਚ ਬਾਬਾ ਹਾਥੀ ਰਾਮ ਜੀ ਦੇ ਸਾਹਮਣੇ ਆਏ ਅਤੇ ਦਰਦ ਤੋਂ ਛੁਟਕਾਰਾ ਪਾਉਣ ਵਿੱਚ ਮਦਦ ਕੀਤੀ। ਬਾਬਾ ਹਾਥੀ ਰਾਮ ਜੀ ਦੇ ਪ੍ਰਸ਼ਨ ਦੇ ਉਤਰ ਵਿੱਚ ਬਾਲਾ ਜੀ ਭਗਵਾਨ ਨੇ ਦਸਿਆ ਕਿ ਉਹ ਬੰਜਾਰਾ ਹੈ ਅਤੇ ਅਸ਼ੀਰਵਾਦ ਦਿੱਤਾ ਕਿ ਉਹ ਵੀ ਬੰਜਾਰਿਆਂ ਦੀ ਇਸੇ ਤਰਾਂ ਮਦਦ ਕਰੇਗਾ। ਬਾਬਾ ਹਾਥੀ ਰਾਮ ਜੀ ਚੌਪੜ ਖੇਲਣ ਦੇ ਸ਼ੌਕੀਨ ਸਨ ਅਤੇ ਇਕੱਲੇ ਹੀ ਖੇਲਦੇ ਸਨ। ਜਦੋਂ ਬਾਬਾ ਜੀ ਚੌਪੜ ਖੇਲਦੇ ਉਹ ਇਕ ਚਾਲ ਅਪਣੀ ਵਲੋਂ ਅਤੇ ਦੂਸਰੀ ਚਾਲ ਬਾਲਾ ਜੀ ਭਗਵਾਨ ਵਲੋਂ ਚਲਦੇ। ਇਕ ਦਿਨ ਜਦੋਂ ਬਾਬਾ ਹਾਥੀ ਰਾਮ ਜੀ ਚੌਪੜ ਖੇਲ ਰਹੇ ਸਨ ਦਰਵਾਜ਼ੇ ਤੇ ਤੇਜ਼ ਰੋਸ਼ਨੀ ਹੋਈ ਅਤੇ ਦੇਖਿਆ ਬਾਲਾ ਜੀ ਭਗਵਾਨ ਦਰਵਾਜ਼ੇ ਤੇ ਖੜੇ ਸਨ। ਬਾਬਾ ਹਾਥੀ ਰਾਮ ਜੀ ਨੇ ਬਾਲਾ ਜੀ ਨਾਲ ਚੌਪੜ ਖੇਲਣਾ ਸ਼ੁਰੂ ਕੀਤਾ। ਇਹ ਖੇਲ ਕਈ ਦਿਨ ਚਲਦਾ ਰਿਹਾ ਇਕ ਦਿਨ ਭਗਵਾਨ ਬਾਲਾ ਜੀ ਨੇ ਬਾਬਾ ਹਾਥੀ ਰਾਮ ਜੀ ਦੀ ਪ੍ਰੀਖਿਆ ਲੈਣ ਲਈ ਜਦੋਂ ਖੇਲ ਦੀ ਜਗ੍ਹਾ ਤੇ ਅਪਣੀ ਹੀਰਿਆਂ ਜੜਤ ਕੰਠ ਮਾਲਾ ਛੱਡ ਕੇ ਅਲੋਪ ਹੋ ਗਏ ।ਬਾਬਾ ਜੀ ਲੰਮੇ ਸਮੇਂ ਤੱਕ ਬਾਲਾ ਜੀ ਭਗਵਾਨ ਦਾ ਇੰਤਜਾਰ ਕਰਨ ਤੋਂ ਬਅਦ ਬਾਬਾ ਜੀ ਉਹ ਹੀਰਿਆਂ ਦੀ ਮਾਲਾ ਮੰਦਰ ਪ੍ਰਬੰਧਕਾਂ ਨੂੰ ਦੇਣ ਲਈ ਚੱਲ ਪਏ। ਹਾਲੇ ਉਹ ਰਸਤੇ ਵਿੱਚ ਹੀ ਸਨ ਮੰਦਰ ਪ੍ਰਬੰਧਕਾਂ ਨੇ ਬਾਬਾ ਜੀ ਨੂੰ ਹੀਰਿਆਂ ਦੀ ਮਾਲਾ ਨਾਲ ਪਕੜ ਲਿਆ ਅਤੇ ਚੋਰੀ ਦਾ ਇਲਜ਼ਾਮ ਲਗਾਇਆ। ਬਾਬਾ ਜੀ ਨੇ ਮੰਦਰ ਪ੍ਰਬੰਧਕਾਂ ਨੂੰ ਸਮਝੌਣ ਦਾ ਹਰ ਸੰਭਵ ਯਤਨ ਕੀਤਾ ਪਰ ਮੰਦਰ ਪ੍ਰਬੰਧਕ ਨਾ ਮੰਨੇ ਅਤੇ ਬਾਬਾ ਜੀ ਨੂੰ ਰਾਜਾ ਰੰਗਨਾਥ ਯਾਦਵ ਰਾਏ ਦੇ ਸਾਹਮਣੇ ਪੇਸ਼ ਕੀਤਾ ਗਿਆ। ਰਾਜਾ ਰੰਗਨਾਥ ਯਾਦਵ ਨੇ ਵੀ ਬਾਬਾ ਜੀ ਤੇ ਵਿਸ਼ਵਾਸ ਨਹੀਂ ਕੀਤਾ ਅਤੇ ਇਕ ਕੋਠੜੀ ਵਿੱਚ ਬੰਦ ਕਰ ਦਿੱਤਾ। ਰਾਜਾ ਨੇ ਇਕ ਬੈਲ ਗੜੀ ਗੰਨਾ ਅਤੇ ਦਸ ਸੇਰ ਚਾਵਲ ਬਾਬਾ ਜੀ ਦੇ ਅੱਗੇ ਰੱਖ ਦਿੱਤੇ ਅਤੇ ਹੁਕਮ ਦਿੱਤਾ ਕਿ ਬੁਲਾ ਅਪਣੇ ਭਗਵਾਨ ਨੂੰ ਅਤੇ ਦਿਨ ਚੜਣ ਤੋਂ ਪਹਿਲਾਂ ਚਾਵਲ ਅਤੇ ਗੰਨਾ ਖਤਮ ਕਰੇ। ਰਾਜਾ ਨੇ ਕੋਠੜੀ ਦੇ ਚਾਰ ਚੁਫੇਰੇ ਅਪਣੇ ਅੰਗਰਖਿਅਕਾਂ ਦਾ ਸਖਤ ਪਹਿਰਾ ਬਿਠਾ ਦਿੱਤਾ। ਬਾਬਾ ਜੀ ਅਪਣੇ ਆਪ ਨੂੰ ਅਪਮਾਨਿਤ ਸਮਝਣ ਲੱਗੇ ਅਤੇ ਬਾਲਾ ਜੀ ਭਗਵਾਨ ਵੈਂਕਟੇਸ਼ਵਰ ਦੀ ਭਗਤੀ ਵਿੱਚ ਲੀਨ ਹੋ ਗਏ ਅਤੇ ਬਾਲਾ ਜੀ ਨੂੰ ਸਹਾਇਤਾ ਲਈ ਪੁਕਾਰਨ ਲੱਗੇ। ਸਾਰੇ ਲੋਕ ਅਤੇ ਅੰਗਰਖਿਅਕ ਹੈਰਾਨ ਹੋ ਗਏ ਜਦੋਂ ਦਿਨ ਚੜਣ ਤੋਂ ਕੁਝ ਹੀ ਦੇਰ ਪਹਿਲਾਂ ਭਗਵਾਨ ਵੈਂਕਟੇਸ਼ਵਰ ਜੀ ਹਾਥੀ ਦੇ ਰੂਪ ਵਿੱਚ ਕੋਠੜੀ ਵਿੱਚ ਪਰਗਟ ਹੋਏ ਅਤੇ ਸਾਰਾ ਗੰਨਾ ਅਤੇ ਚਾਵਲ ਮਿੰਟਾਂ ਵਿੱਚ ਖਤਮ ਕਰ ਦਿੱਤਾ ਅਤੇ ਚਿੰਗਾੜ ਮਾਰ ਕੇ ਕੋਠੜੀ ਦਾ ਦਰਵਾਜ਼ਾ ਤੋੜ ਕੇ ਬਾਬਾ ਜੀ ਨੂੰ ਆਜ਼ਾਦ ਕਰਾ ਦਿੱਤਾ। ਅੰਗਰਖਿਅਕਾਂ ਨੇ ਸਾਰਾ ਹਾਲ ਰਾਜਾ ਰੰਗਨਾਥ ਯਾਦਵ ਨੂੰ ਸੁਣਾਇਆ। ਰਾਜੇ ਨੂੰ ਅਪਣੀ ਗਲਤੀ ਦਾ ਅਹਿਸਾਸ ਹੋਇਆ ਅਤੇ ਬਾਬਾ ਜੀ ਪਾਸੋਂ ਮੁਆਫੀ ਮੰਗੀ। ਰਾਜਾ ਨੇ ਭਗਵਾਨ ਵੈਂਕਟੇਸ਼ਵਰ ਦੇ ਮੰਦਰ ਲਾਗੇ ਇਕ ਸੁੰਦਰ ਮੱਠ ਬਨਵਾਇਆ ਜੋ ਬਾਬਾ ਹਾਥੀ ਰਾਮ ਜੀ ਦੇ ਮੱਠ ਨਾਲ ਮਸ਼ਹੂਰ ਹੋਇਆ।

ਮਹੰਤ ਅਰਜੁਨ ਦਾਸ ਜੀ ਨੇ ਮੇਰੀ ਤਿਰੁਪਤੀ ਯਾਤਰਾ ਸਮੇਂ ਦੱਸਿਆ ਕਿ ਬਾਬਾ ਹਾਥੀ ਰਾਮ ਜੀ ਬਹੁਤ ਦਿਆਲੂ ਸਨ ਅਤੇ ਗਰੀਬਾਂ ਦੀ ਬਹੁਤ ਮਦਦ ਕਰਦੇ ਸਨ ਅਤੇ ਉਨ੍ਹਾਂ ਦਾ ਬੰਜਾਰਿਆਂ ਨਾਲ ਖਾਸ ਲਗਾਵ ਸੀ। ਉਸ ਸਮੇਂ ਰਾਜੇ ਦੇ ਨੌਕਰਾਂ ਨੂੰ ਸਿਰ ਤੇ ਪਗੜੀ ਬੰਨਣ ਦੀ ਆਗਿਆ ਨਹੀਂ ਸੀ। ਬਾਬਾ ਜੀ ਨੇ ਰਾਜੇ ਦੇ ਸਾਰੇ ਨੌਕਰਾਂ ਦੇ ਸਿਰ ਤੇ ਪਗੜੀ ਸਜਾਈ ਅਤੇ ਰਾਜੇ ਦੇ ਮਨਾਂ ਕਰਨ ਤੇ ਵੀ ਪਗੜੀ ਨਾ ਉਤਾਰਨ ਲਈ ਕਿਹਾ। ਜੇ ਰਾਜਾ ਨੇ ਪਗੜੀ ਉਤਾਰਨ ਲਈ ਕਿਹਾ ਤਾਂ ਕਹਿਣਾ ਕਿ ਇਹ ਪਗੜੀ ਸਾਡੇ ਗੁਰੂ ਨੇ ਸਜਾਈ ਹੈ।

ਜਦੋਂ ਰਾਜੇ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਸ ਨੇ ਬਾਬਾ ਜੀ ਦੇ ਇਸ ਯਤਨ ਦੀ ਸਰਾਹਨਾ ਕੀਤੀ ਅਤੇ ਬੰਜਾਰਿਆਂ ਨੂੰ ਪਗੜੀ ਬੰਨਣ ਦੀ ਆਗਿਆ ਦੇ ਦਿੱਤੀ।

ਮਹੰਤ ਅਰਜੁਨ ਦਾਸ ਨੇ ਦੱਸਿਆ ਕਿ ਅੱਜ ਵੀ ਗਰੀਬ ਬੰਜਾਰਿਆਂ ਦਾ ਬਾਬਾ ਜੀ ਦੇ ਮੱਠ ਵਿੱਚ ਸਤਿਕਾਰ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੇ ਭੋਜਨ ਅਤੇ ਰਹਿਣ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਸ ਮੱਠ ਤੋਂ ਬਿਨਾਂ ਬਾਬਾ ਜੀ ਦੇ ਭਾਰਤ ਵਿੱਚ (ਕਰਨਾਟਕਾ ,ਮਹਾਰਾਸ਼ਟਰਾ) ਵਿੱਚ ਕਈ ਮੱਠ K ਜਾਇਦਾਦਾਂ ਹਨ। ਬਾਬਾ ਮਹੇਸ਼ ਦਾਸ, ਬਾਬਾ ਹਾਥੀ ਰਾਮ ਜੀ ਦੇ ਖਾਸ ਸ਼ਿਸ਼ਾਂ ਵਿੱਚੋਂ ਸਨ ਜੋ ਪੰਡੋਰੀ ਗਾਂਵ ਗੁਰਦਾਸਪੁਰ ਦੇ ਕੋਲ (ਪੰਜਾਬ) ਵਿੱਚ ਰਹਿੰਦੇ ਸਨ। ਕਹਿੰਦੇ ਹਨ , ਇਕ ਵਾਰ ਸ਼ਹਿਨਸ਼ਾਹ ਜਹਾਂਗੀਰ ਨੇ ਬੜੇ ਘੁਮੰਡ ਨਾਲ ਬਾਬਾ ਮਹੇਸ਼ ਦਾਸ ਜੀ ਨੂੰ ਅਫੀਮ ਖਾਣ ਲਈ ਕਿਹਾ।

ਬਾਬਾ ਜੀ ਸਮਝ ਗਏ ਕਿ ਉਨ੍ਹਾਂ ਨੂੰ ਜਾਣਬੁਝ ਕੇ ਮਜਬੂਰ ਕੀਤਾ ਜਾ ਰਿਹਾ ਹੈ ਤਾਂ ਕਿ ਉਹ ਅਪਣੀ ਸ਼ਕਤੀ ਦਿ-ਖਾਉਣ। ਬਾਬਾ ਜੀ ਨੇ ਬੜੀ ਨਿਮਰਤਾ ਨਾਲ ਕਿਹਾ ਕਿ ਉਹ ਉਸ ਦੀ ਕੁੱਤੀ ਨੂੰ ਅਫੀਮ ਨਾਲ ਸੰਤੁਸ਼ਟ ਕਰ ਦੇਣ। ਸਿਪਾਹੀਆਂ ਨੇ ਕੁੱਤੀ ਨੂੰ ਅਫੀਮ ਪਾਉਣੀ ਸ਼ੁਰੂ ਕੀਤੀ। ਸਾਰਿਆਂ ਨੂੰ ਇਹ ਦੇਖ ਕੇ ਹੈਰਾਨੀ ਹੋਈ ਕਿ ਕੁੱਤੀ 1.5 ਮਣ (ਕੱਚਾ) ਅਫੀਮ ਖਾ ਕੇ ਹੋਰ ਅਫੀਮ ਵਾਸਤੇ ਅਪਣੀ ਪੂਛ ਹਿਲਾ ਰਹੀ ਸੀ। ਇਹ ਦੇਖ ਕੇ ਸਿਪਾਹੀ ਹੈਰਾਨ ਰਹਿ ਗਏ ਅਤੇ ਬਾਬਾ ਜੀ ਪਾਸੋਂ ਮੁਆਫੀ ਮੰਗੀ। ਅੱਜ ਵੀ ਇਸ ਘਟਨਾ ਕਰਕੇ ਪਿੰਡ ਪੰਡੋਰੀ ਵਿੱਚ ਹਰ ਸਾਲ ਮੇਲਾ ਲਗਦਾ ਹੈ ।

ਜਿਸ ਤਰਾਂ ਦਾਸ ਨੇ ਉਪਰ ਲਿਖਿਆ ਹੈ ਕਿ ਬਾਬਾ ਹਾਥੀ ਰਾਮ ਜੀ ਗੋਰ (ਗੋਆਰ) ਸਮਾਜ ਵਿਚੋਂ ਸਨ ਅਤੇ ਇਹ ਗੋਰ (ਗੋਆਰ) ਸਮਾਜ ਵੱਖ ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ, ਜਿਵੇਂ ਵਣਜਾਰੇ, ਨਟ, ਸਿਰਕੀਬੰਦ, ਭਗਤਾਵਾ, ਕਾਕਨੀਆ, ਕਾਕਸਰੀਆ, ਲੁਬਾਣਾ, ਲਾਵਾਨਾ, ਪੇਲੀਆ, ਗਵਾਰੀਆ, ਗਾਮਲੀਆ, ਗੌਰ, ਬਰਿਜਵਾਸੀ, ਨਾਇਕ, ਕਾਂਗੀ, ਧਨਕੁਟੇ, ਬੰਜਾਰੇ, ਲਾਖੋਰ, ਰਾਠੌਰ, ਗਵਾਲ, ਬਾਦੀ, ਬਾਜ਼ੀਗਰ, ਲੰਬਾਨੀ, ਲੰਬਾੜਾ ਆਦਿ ।

ਇਸ ਲਈ ਬਾਬਾ ਹਾਥੀ ਰਾਮ ਜੀ ਗੋਆਰ ਸਮਾਜ ਦੇ ਲਈ ਪਰਮ ਪੂਜਨੀਕ ਹਨ।

# ਬਾਲੀਵੁੱਡ ਹਲਚਲ

ਤਰਸੇਮ ਬੱਧਣ
097796-27888



### ਮਨਮੋਹਨ ਸਿੰਘ ਦਾ ਕਿਰਦਾਰ ਨਿਭਾਉਣਗੇ ਅਨੁਪਮ ਖੇਰ

ਸਾਬਕਾ ਪ੍ਰਧਾਨ ਮੰਤਰੀ ਤੇ ਮੰਨੇ ਪ੍ਰਮੰਨੇ ਅਰਥ ਸ਼ਾਸਤਰੀ ਮਨਮੋਹਨ ਸਿੰਘ 'ਤੇ ਬਾਲੀਵੁੱਡ 'ਚ ਇੱਕ ਫ਼ਿਲਮ ਬਣਨ ਜਾ ਰਹੀ ਹੈ ਸੰਜੇ ਬਾਰੂ ਦੀ ਪੁਸਤਕ 'ਦੀ ਐਕਸੀਡੈਂਸ਼ਲ



ਪ੍ਰਾਈਮ ਮਿਨਿਸਟਰ' 'ਤੇ ਆਧਾਰਿਤ ਇਸ ਫ਼ਿਲਮ 'ਚ ਮਨ-ਮੋਹਨ ਸਿੰਘ ਦਾ ਕਿਰਦਾਰ ਬਾਲੀਵੁੱਡ ਦੇ ਮਸ਼ਹੂਰ ਅਦਾਕਾਰ ਅਨੁਪਮ ਖੇਰ ਨਿਭਾਉਣਗੇ। ਫ਼ਿਲਮ ਦਾ ਪਹਿਲਾ ਲੁੱਕ ਸਾਹਮਣੇ ਆ ਚੁੱਕਾ ਹੈ ਜਦਕਿ ਬਾਲੀਵੁੱਡ ਸਮੀਖਿਅਕ ਤਰਨ ਆਦਰਸ਼ ਨੇ ਟਵੀਟ ਕਰ ਫ਼ਿਲਮ ਦਾ ਪੋਸਟਰ ਸ਼ੇਅਰ ਕੀਤਾ ਹੈ। ਇਹ ਫ਼ਿਲਮ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾ ਦਸੰਬਰ 2018 'ਚ ਰਿਲੀਜ਼ ਹੋ ਸਕਦੀ ਹੈ। ਫ਼ਿਲਮ ਦੇ ਨਿਰਮਾਤਾ ਸੁਨੀਲ ਵੋਹਰਾ ਮੁਤਾਬਿਕ ਇਹ ਫ਼ਿਲਮ ਇੱਕ ਪੋਲੀਟੀਕਲ ਡਰਾਮਾ ਹੋਵੇਗੀ। ਓਧਰ ਫ਼ਿਲਮ 'ਚ ਮਨਮੋਹਨ ਸਿੰਘ ਦਾ ਕਿਰਦਾਰ ਨਿਭਾ ਰਹੇ ਅਨੁਪਮ ਖੇਰ ਇਹ ਰੋਲ ਕਰਕੇ ਬਹੁਤ ਹੀ ਖ਼ੁਸ਼ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਰੋਲ ਕਾਫ਼ੀ ਚੁਨੌਤੀ ਪੂਰਨ ਹੋਵੇਗਾ ਕਿਉਂਕਿ ਜਿਸ ਵੀ ਸ਼ਖ਼ਸੀਅਤ ਦਾ ਕਿਰਦਾਰ ਤੁਸੀਂ ਨਿਭਾਉਂਦੇ ਹੋ ਦਰਸ਼ਕ ਤੁਹਾਡੀ ਤੁਲਨਾ ਉਸ ਨਾਲ ਕਰਦੇ ਹਨ।

### ਡਾਂਸ ਫ਼ਿਲਮ ਕਰਨਗੇ ਸਲਮਾਨ ਖ਼ਾਨ

ਮਸ਼ਹੂਰ ਅਦਾਕਾਰ ਸਲਮਾਨ ਖ਼ਾਨ ਡਾਂਸ ਫ਼ਿਲਮ ਦੀ ਤਿਆਰੀ ਕਰ ਰਹੇ ਹਨ। ਕੁੱਝ ਦਿਨ ਪਹਿਲਾ ਮੀਡੀਆ 'ਚ ਖ਼ਬਰ ਆਈ ਸੀ ਕਿ ਸਲਮਾਨ ਖ਼ਾਨ ਕੋਰਿਓਗ੍ਰਾਫਰ ਤੇ ਨਿ-ਰਦੇਸ਼ਕ ਰੈਮੋ ਡਿਸੂਜਾ ਦੀ ਫ਼ਿਲਮ 'ਚ ਕੰਮ ਕਰ ਰਹੇ ਹਨ। ਸਲਮਾਨ ਖ਼ਾਨ ਦਾ ਕਹਿਣਾ ਹੈ ਕਿ ਉਹ ਰੈਮੀ ਡਿਸੂਜਾ ਦੀ ਫ਼ਿਲਮ ਕਰ ਰਹੇ ਹਨ ਪਰੰਤੂ ਇਹ ਫ਼ਿਲਮ ਉਨ੍ਹਾਂ ਦੀ ਸਫਲ ਸੀਰੀਜ਼ 'ਏ.ਬੀ.ਸੀ.ਡੀ' ਦਾ ਤੀਸਰਾ ਪਾਰਟ ਨਹੀਂ ਹੈ।ਸਲਮਾਨ ਖ਼ਾਨ ਦਾ ਕਹਿਣਾ ਹੈ ਕਿ 'ਏ.ਬੀ.ਸੀ.ਡੀ' ਡਿਜ਼ਨੀ ਦੀ ਪ੍ਰਾਪਰਟੀ ਹੈ ਜਦਕਿ ਰੈਮੋ ਦੀ ਜਿਸ ਫ਼ਿਲਮ 'ਚ ਉਹ ਕੰਮ ਕਰਨ ਜਾ ਰਹੇ ਹਨ ਉਹ ਉਨ੍ਹਾਂ ਦੇ ਬੈਨਰ ਹੇਠ ਬਣਨ ਜਾ ਰਹੀ ਹੈ ਤੇ ਉਸ ਦਾ ਪ੍ਰੋਡਕਸ਼ਨ ਵੀ ਉਹ ਖ਼ੁਦ ਕਰਨ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਫ਼ਿਲਮ ਡਾਂਸ ਬੇਸੰਕ



ਫ਼ਿਲਮ ਹੋਵੇਗੀ ਪਰੰਤੂ ਹਰ ਡਾਂਸ ਬੇਸੰਕ ਫ਼ਿਲਮ 'ਏ.ਬੀ.ਸੀ.ਡੀ' ਨਹੀਂ ਹੁੰਦੀ। ਇਸ ਫ਼ਿਲਮ ਨੂੰ ਲੈ ਕੇ ਸਲਮਾਨ ਖ਼ਾਨ ਬਹੁਤ ਨਰਵਸ ਹਨ। ਹਾਲਾਂਕਿ ਮਜ਼ਾਕੀਆ ਲਹਿਜ਼ੇ 'ਚ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਲੱਗਾ ਕਿ ਇਹ ਸਹੀ ਹੈ।

### ਮਹਾਂਭਾਰਤ 'ਤੇ 1000 ਕਰੋੜ ਦੀ ਲਾਗਤ ਨਾਲ ਬਣ ਰਹੀ ਫ਼ਿਲਮ

ਇੱਕ ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ ਬਣ







ਰਹੀ ਫ਼ਿਲਮ ਦਾ ਇੰਤਜ਼ਾਰ ਸਾਰੇ ਕਰ ਰਹੇ ਹਨ। ਇੱਕ ਮ-ਲਿਆਲਮ ਅਖ਼ਬਾਰ ਅਨੁਸਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫ਼ਿਲਮ ਦੇ ਨਿਰਮਾਤਾ ਬੀ. ਆਰ ਸ਼ੈਟੀ ਨੂੰ ਚਿੱਠੀ ਲਿਖ ਕੇ ਕਿਹਾ ਹੈ ਕਿ ਉਹ ਇਹ ਫ਼ਿਲਮ ਦੇਖਣਾ ਚਾਹੁੰਦੇ ਹਨ। ਮਹਾਂਭਾਰਤ 'ਤੇ ਫ਼ਿਲਮ ਬਣਨਾ ਦੇਸ਼ ਲਈ ਮਾਣ ਦੀ ਗੱਲ ਹੋਵੇਗੀ। ਪ੍ਰਧਾਨ ਮੰਤਰੀ ਦੀ ਚਿੱਠੀ ਤੋਂ ਬਾਅਦ ਬੀ. ਆਰ ਸ਼ੈਟੀ ਨੇ ਪ੍ਰਧਾਨ ਮੰਤਰੀ ਨੂੰ ਮਿਲਣ ਦਾ ਸਮਾਂ ਮੰਗਿਆ ਹੈ ਤੇ 7 ਜੁਲਾਈ ਨੂੰ ਉਹ ਫ਼ਿਲਮ ਦੀ ਟੀਮ ਨਾਲ ਪ੍ਰਧਾਨ ਮੰਤਰੀ ਨੂੰ ਮਿਲਣ ਜਾ ਰਹੇ ਹਨ। ਸ਼ੈਟੀ ਨੇ ਦੱਸਿਆ ਕਿ ਮਲਿਆਲਮ 'ਚ ਇਹ ਫ਼ਿਲਮ 'ਰੰਦਮੁਜਹਮ' ਦੇ ਨਾਂਅ 'ਤੇ ਰਿਲੀਜ਼ ਹੋਵੇਗੀ ਜਦਕਿ ਬਾਕੀ ਭਾਸ਼ਾਵਾਂ 'ਚ ਇਹ ਫ਼ਿਲਮ ਮਹਾਂਭਾਰਤ ਦੇ ਨਾਂਅ 'ਤੇ ਰਿਲੀਜ਼ ਹੋਵੇਗੀ। ਹਾਲਾਂਕਿ ਫ਼ਿਲਮ ਬਣਨ ਤੋਂ ਪਹਿਲਾ ਹੀ ਵਿਵਾਦਾਂ 'ਚ ਆ ਚੁੱਕੀ ਹੈ ਕਿਉਂਕਿ ਪਿਛਲੇ ਦਿਨੀਂ ਕੇਰਲ ਦੇ ਇੱਕ ਸੰਗਠਨ ਨੇ ਧਮਕੀ ਦਿੱਤੀ ਸੀ ਕਿ ਜੇਕਰ ਫ਼ਿਲਮ ਦਾ ਨਾਮ ਨਾ ਬਦਲਿਆ ਗਿਆ ਤਾਂ ਉਹ ਕਿਸੇ ਵੀ ਕੀਮਤ 'ਤੇ ਫ਼ਿਲਮ ਨੂੰ ਰਿਲੀਜ਼ ਨਹੀਂ ਹੋਣ ਦੇਣਗੇ। ਤਿੰਨ-ਤਿੰਨ ਘੰਟੇ ਦੀ ਦੇ ਦੋ ਭਾਗਾਂ 'ਚ ਬਣਾਈ ਜਾਣ ਵਾਲੀ ਰਾਜਕੁਮਾਰ ਮੇਨਨ ਨਿਰਦੇਸ਼ਤ ਇਸ ਫਿਲਮ ਦੀ ਸ਼ੂਟਿੰਗ ਅਗਲੇ ਸਾਲ ਆਬੂ ਧਾਬੀ 'ਚ ਸ਼ੁਰੂ ਹੋਵੇਗੀ। ਫ਼ਿਲਮ 'ਚ ਭੀਮ ਦਾ ਰੋਲ ਮੋਹਨ ਲਾਲ ਕਰਨਗੇ ਜੋ ਕਿ ਕੁੱਝ ਸਮਾਂ ਪਹਿਲਾ ਮਹਾਂਭਾਰਤ ਨੂੰ ਲੈ ਕੇ ਐਮ.ਟੀ ਵਾਸੂਦੇਵਨ ਨਈਅਰ ਦੇ ਨਾਵਲ 'ਰੰਦਮੁਜਹਮ' 'ਤੇ ਇੱਕ ਫ਼ਿਲਮ ਬਣਾਉਣ ਦੀ ਘੋਸ਼ਣਾ ਕਰ ਚੁੱਕੇ ਹਨ ਜਿਸ ਦੀ ਲਾਗਤ 1000 ਕਰੋੜ ਰੁਪਏ ਦੱਸੀ ਗਈ ਹੈ। ਇਹ ਫ਼ਿਲਮ ਭੀਮ ਦੀ ਇੱਕ ਅਲੱਗ ਕਥਾ ਨੂੰ ਦਿਖਾਏਗੀ।

### ਸੁਸ਼ਾਂਤ ਦੇ ਨਾਲ ਡੈਬਿਊ ਕਰੇਗੀ ਸਾਰਾ ਅਲੀ ਖ਼ਾਨ

ਸੈਫ ਅਲੀ ਖ਼ਾਨ ਦੀ ਬੇਟੀ ਸਾਰਾ ਅਲੀ ਖ਼ਾਨ ਫ਼ਿਲਮਾਂ 'ਚ ਡੈਬਿਊ ਨੂੰ ਲੈ ਕੇ ਕਈ ਦਿਨਾਂ ਤੋਂ ਚਰਚਾ 'ਚ ਹੈ। ਹੁਣ ਇਹ ਖ਼ਬਰਾਂ ਆ ਰਹੀਆਂ ਹਨ ਕਿ ਸਾਰਾ ਨਿਰਦੇਸ਼ਕ ਅਭਿਸ਼ੇਕ ਕਪੂਰ ਦੀ ਆਉਣ ਵਾਲੀ ਫ਼ਿਲਮ 'ਕੇਦਾਰਨਾਥ' ਨਾਲ ਡੈਨਬਊ ਕਰਨ ਜਾ ਰਹੀ ਹੈ। ਇਸ ਫ਼ਿਲਮ 'ਚ ਸਾਰਾ ਦੇ ਨਾਲ ਲੀਡ ਐਕਟਰ ਸੁਸ਼ਾਂਤ ਸਿੰਘ ਰਾਜਪੂਤ ਹੋਣਗੇ। ਇਸ ਤੋਂ ਪਹਿਲਾ ਅਭਿਸ਼ੇਕ ਕਪੂਰ ਸੁਸ਼ਾਂਤ ਸਿੰਘ ਰਾਜਪੂਤ ਨੂੰ ਲੈ ਕੇ ਫ਼ਿਲਮ ਕਾਯ ਪੋ ਛੇ' ਬਣਾ ਚੁੱਕੇ ਹਨ ਤੇ ਹੁਣ ਉਹ 'ਕੇਦਾਰਨਾਥ' ਬਣਾਉਣ ਜਾ ਰਹੇ ਹਨ।



# ਪ੍ਰੇਮ ਤੇ ਫਰੇਬ ਤੱਕ ਦੀ ਗਾਥਾ ਸੱਜਣ ਅਦੀਬ ਦਾ "ਛੱਲਾ"



ਨਵਜੋਤ ਬਜਾਜ (ਗੱਗੂ)

ਪੰਜਾਬੀਆ ਦੇ ਚਹੇਤੇ ਗਾਈਕ ਸੱਜਣ ਅਦੀਬ ਨੇ ਆਪਣੇ ਸਿਗਲ ਟਰੈਕ 'ਆਹ ਚੱਕ ਛੱਲਾ' ਰਾਹੀ ਪ੍ਰੇਮ ਤੋ ਫਰੇਬ ਤੱਕ ਦੀ ਕਹਾਣੀ ਨੂੰ ਲੋਕਾਂ ਅੱਗੇ ਪੇਸ ਕੀਤਾ ਹੈ।ਜਿਥੇ ਸੱਜਣ ਅਦੀਬ ਨੇ ਇਸ ਗੀਤ ਨੂੰ ਆਪਣੀ ਸੁਰੀਲੀ ਅਵਾਜ ਦਿੱਤੀ ਹੈ, ਉਸੇ ਤਰਾਂ ਸੰਜਮ ਤੇ ਸਾਦਗੀ ਨਾਲ ਬਣਾਈ, ਇਸ ਦੀ ਵੀਡੀਓ ਨੂੰ ਲੱਚਰਤਾ ਤੋ ਕੋਹਾ ਦੂਰ ਰੱਖਿਆ ਹੈ ਅਤੇ ਇਹ ਵੀ ਸਾਬਿਤ ਕਰ ਦਿੱਤਾ ਕਿ ਨੰਗੇਜ-ਪੁਣੇ, ਬੋਲਟ, ਦੋਨਾਲੀ, ਪਸਤੋਲ ਤੇ ਮਹਿੰਗੀਆ ਕਾਰਾ ਤੋ ਬਿਨਾਂ ਵੀ ਗੀਤ ਹਿਟ ਹੋ ਸਕਦੇ ਹਨ। ਸਪੀਡ ਰਿਕਾਡਿੰਗ ਵੱਲੋ ਫਿਲਮਾਏ ਇਸ ਗੀਤ ਨੂੰ ਯੁ-ਟਿਉਬ ਤੇ ਲੱਖਾ ਲੋਕ ਵੇਖ ਚੁੱਕੇ ਹਨ ਤੇ ਵੇਖਣ ਵਾਲਿਆ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਟੀ.ਵੀ. ਚੈਨਲਾ ਤੇ ਚੱਲਣ ਵਾਲੇ ਇਸ ਗੀਤ ਨੂੰ ਲੋਕ ਆਪਣੀ ਜੁਬਾਨ ਨਾਲ ਗੁਣ ਗਣਾਉਣ ਲੱਗੇ ਹਨ।ਆਪਣੇ ਚਾਰ ਮਿੰਟ ਬਾਈ ਸਕਿੰਟ ਦੇ ਇਸ ਗੀਤ ਨੇ ਸਰੋਤਿਆ ਦੀਆ ਅੱਖਾ ਵਿੱਚ ਪਾਣੀ ਭਰ ਦਿੱਤਾ ਤੇ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਵਿਆਹ ਮੌਕੇ ਕਈ ਕਸਮਾਂ ਖਾਂ ਕੇ ਪਤੀ ਪਤਨੀ ਦੇ ਰਿਸ਼ਤੇ ਦੀ ਸੁਰੂ ਆਤ ਕਰਨ ਵਾਲਾ ਇਨਸਾਨ ਕਿਸੇ ਹੋਰ ਦੇ ਹੁਸ਼ਨ ਨੂੰ ਦੇਖ ਕੇ ਫਿਸਲ ਕਿਉ ਜਾਦਾ ਹੈ। ਅੱਜ ਕੱਲ ਅਸੀ ਛੱਕ ਦੇ ਅਧਾਰ ਤੇ ਹੋ ਰਹੀਆ ਮੌਤਾਂ ਬਾਰੇ ਅਕਸਰ ਹੀ ਅਖਬਾਰਾ ਵਿੱਚ ਪੜਦੇ ਸੁਣਦੇ



ਹਾਂ, ਇਹ ਘਰ-ਘਰ ਦੀ ਕਹਾਣੀ ਹੈ। ਪਤੀ-ਪਤਨੀ ਦੋਹਾਂ ਜੀਆ ਵਿੱਚੋ ਕਿਸੇ ਇੱਕ ਵੱਲੋ ਕੀਤਾ ਗਿਆ ਧੋਖਾ ਦੂਸਰੇ ਦੀ ਜਾਨ ਵੀ ਲੈ ਸਕਦਾ ਹੈ ਤੇ ਘਰ ਨੂੰ ਬਰਬਾਦ ਵੀ ਕਰ ਸਕਦਾ ਹੈ। ਕਿਉਂਕਿ ਇਹ ਪਵਿੱਤਰ ਰਿਸਤਾ, ਸੱਚ ਤੇ ਵਿਸਵਾਸ ਦੀਆਂ ਨੀਹਾ ਤੇ ਟਿਕਿਆ ਹੁੰਦਾ ਹੈ। ਇਸ ਗੀਤ ਰਾਹੀ ਹਰ ਨਾਗਰਿਕ ਨੂੰ ਇਹ ਫੁੱਲਾ ਜਿਹਾ ਰਿਸਤਾ ਸਹੀ ਢੰਗ ਨਾਲ ਨਿਭਾਉਣ ਪ੍ਰਤੀ ਸੁਚੇਤ ਕੀਤਾ ਹੈ।ਲੋਕਾ ਵੱਲੋ ਇਸ ਗੀਤ ਨੂੰ ਪਸੰਦ ਕਰਨਾ ਸੱਜਣ ਅਦੀਬ ਦੀ ਸਫਲਤਾ ਤੇ ਪੱਕੀ ਮੋਹਰ ਹੈ। ਅਨੇਕਾ ਗਾਇਕਾ ਨੇ 'ਛੱਲੇ' ਨੂੰ ਬਦਲ-ਬਦਲ ਕੇ ਗਾਇਆ, ਪਰ ਸੱਜਣ ਅਦੀਬ ਵੱਲੋ ਮਿੱਠੀ ਆਵਾਜ ਵਿੱਚ ਗਾਇਆ ਗੀਤ 'ਆਹ ਚੱਕ ਆਪਣਾ ਛੱਲਾ ਵੇ ਜਾ ਪਾ ਦੇ ਜਾ ਕੇ ਗੈਰਾ ਨੂੰ' ਸਭ ਤੋ ਵੱਖਰਾ ਹੈ। ਇਹ ਗੀਤ ਹਰ ਇੱਕ ਲਈ ਸੁਣਨਾ ਤੇ ਦੇਖਣਾ ਇਸ ਲਈ ਜਰੂਰੀ ਬਣਦਾ ਹੈ ਕਿਉਕਿ ਇਸ ਗੀਤ ਵਿੱਚ ਦੋ ਜੀਆ ਨੂੰ ਅਟੁੱਟ ਰਿਸ਼ਤੇ ਦੀਆਂ ਨੈਤਿਕ ਕਦਰਾ ਕੀਮਤਾ ਸਮਝਾਉਣ ਦੀ ਸਫਲ ਕੋਸਿਸ਼ ਕੀਤੀ ਗਈ ਹੈ।

## ਸੁਣੋ ਸੱਜਣ ਜੀ..

ਕਵਿਤਾ ਇੰਝ ਵੀ ਲਿਖਦੇ ਨੇ..
ਜਿਸ ਚ ਗੱਲ ਮੁਹੱਬਤ ਦੀ ਹੁੰਦੀ..
ਜ਼ਰੂਰੀ ਨਹੀਂ ਕਿ ਤੇਰੀ ਮੇਰੀ ਮੁਹੱਬਤ..
ਮੁਹੱਬਤ ਦੇਸ ਲਈ..
ਮੁਹੱਬਤ ਕੌਮ ਲਈ..
ਮੁਹੱਬਤ ਖ਼ੁਦ ਲਈ..
ਮੁਹੱਬਤ ਮਾਂ ਲਈ..
ਮੁਹੱਬਤ ਸਮੇਂ ਦੇ ਅਣਮੋਲ ਪਲਾਂ ਦੀ..
ਮੁਹੱਬਤ ਉਸ ਜ਼ਮੀਨ ਲਈ ਜਿਸ ਨੇ ਸਾਨੂੰ ਜੀਵਨ ਦਿੱਤਾ..
ਮੁਹੱਬਤ ਜੋ ਜ਼ਿੰਦਾਬਾਦ ਹੁੰਦੀ ਹੈ..
ਸੁਣੋ ਸੱਜਣ ਜੀ ..
ਕਵਿਤਾ ਇੰਝ ਵੀ ਲਿਖਦੇ ਨੇ..
ਜਿਸ ਚ ਦੁਆ ਹੁੰਦੀ ਜ਼ਰੂਰੀ ਨਹੀਂ ਤੇਰੇ ਮੇਰੇ ਲਈ..
ਕਿਸੇ ਅਹਿਸਾਨ ਕਰਨ ਵਾਲੇ ਲਈ..
ਕਿਸੇ ਅਪਣੇ ਜਿਹੇ ਅਜ਼ਨਬੀ ਲਈ..
ਕਿਸੇ ਦੁੱਖ ਦੇ ਪਹਾੜ ਹੇਠ ਦਬੇ ਲਈ..
ਕਿਸੇ ਦੁਖੀ ਮਾਂ ਬਾਪ ਲਈ..
ਕਿਸੇ ਚੰਗੇ ਪਲ ਦੇ ਆਉਣ ਦੀ..
ਕਿਸੇ ਦੇ ਵਤਨ ਲਈ..
ਸੁਣੋ ਸੱਜਣ ਜੀ ..
ਕਵਿਤਾ ਇੰਝ ਵੀ ਲਿਖਦੇ ਨੇ..
ਜਿਸ ਚ ਨਫ਼ਰਤ ਹੂੰਦੀ...
ਸਮਾਜ ਦੀ ਕੁਰੀਤੀ ਲਈ..
ਕਿਸੇ ਜੁਲਮ ਲਈ..
ਕਿਸੇ ਧੱਕੇਸ਼ਾਹੀ ਲਈ..
ਕਿਸੇ ਸ਼ੋਸਣ ਲਈ..
ਕਿਸੇ ਦੇ ਦੋਮੂੰਹੇ ਕਿਰਦਾਰ ਲਈ..
ਕਿਸੇ ਭਰੂਣ ਦੇ ਕਾਤਿਲ ਲਈ..
ਕਿਸੇ ਜਿਸਮ ਵਪਾਰੀ ਲਈ..
ਕਿਸੇ ਜ਼ਖਮਾਂ ਦੇ ਸੌਦਾਗਰ ਲਈ..
ਕਵਿਤਾ ਬਹੁਤ ਕੁਝ ਹੁੰਦੀ..
ਇਹ ਸੀਮਤ ਨਹੀਂ ਤੇਰੀ ਮੇਰੀ ਗੱਲ ਤੱਕ..
ਕਵਿਤਾ ਅਸੀਮ ਆਕਾਸ਼ ਹੁੰਦੀ..
ਸਭ ਕੁਝ ਸਮਾ ਲੈਂਦੀ ਅਪਣੇ ਚ..



**ਹਰਦੀਪ ਬਿਰਦੀ** (91-9041600900)

## ਤੇਰਾ ਨਾਮ



ਜਦੋਂ ਸਾਨੂੰ ਕਿਸੇ ਤੇਰਾ ਨਾਮ ਦੱਸਿਆ,
ਅਸਾਂ ਦਿਲ ਹੱਥਾਂ ਵਿਚ ਮਸਾਂ ਕੱਸਿਆ।
ਇਕ ਤੇਰੀ ਗੱਲ ਜਦੋਂ ਕੰਨ ਪੈ ਗਈ,
ਬਾਕੀ ਗੱਲ-ਬਾਤ ਸਾਰੀ ਵਿੱਚੇ ਰਹਿ ਗਈ।
ਭਰਿਆ-ਭਰਾਇਆ ਘੜਾ ਜਦੋਂ ਭੰਨਿਆ,
ਦੁਨੀਆਂ ਨੇ ਉਦੋਂ ਸਾਨੂੰ ਰੱਬ ਮੰਨਿਆ।
ਭੁਲੇਖਿਆਂ 'ਚ ਲੋਕੀਂ ਮੱਥੇ ਟੇਕਦੇ ਰਹੇ,
ਐਵੇਂ ਤਾਂ ਨਈਂ 'ਜੁਤਲਾ' ਤੈਨੂੰ ਵੇਖਦੇ ਰਹੇ।

**- ਸਿਮਰਨਜੀਤ ਜੁਤਲਾ**
91-8528145550


# ਮੁੰਬਈ ਤੇ ਕੋਟਾ ਦੁਨੀਆ ਦੇ ਸਭ ਤੋਂ ਵੱਧ ਭੀੜ ਵਾਲੇ ਸ਼ਹਿਰਾਂ ਵਿੱਚ ਸ਼ਾਮਲ

**ਨਵੀਂ ਦਿੱਲੀ** - ਭਾਰਤ ਦੇ ਦੋ ਸ਼ਹਿਰ ਮੁੰਬਈ ਅਤੇ ਕੋਟਾ ਦੁਨੀਆ ਦੇ ਸਭ ਤੋਂ ਵੱਧ ਭੀੜ ਵਾਲੇ ਸ਼ਹਿਰਾਂ ਵਿੱਚ ਸ਼ਾਮਲ ਹੋ ਗਏ ਹਨ। ਇਸ ਵਿੱਚ ਬੰਗਲਾ ਦੇਸ਼ ਦੀ ਰਾਜਧਾਨੀ ਢਾਕਾ ਸਭ ਤੋਂ ਉੱਤੇ ਹੈ। ਵਿਸ਼ਵ ਆਰਥਿਕ ਮੰਚ (ਡਬਲਯੂ ਈ ਐੱਫ) ਨੇ ਯੂ ਐੱਨ ਓ ਦੇ ਰਿਹਾਇਸ਼ੀ ਅੰਕੜਿਆਂ ਦੇ ਆਧਾਰ 'ਤੇ ਇਹ ਗੱਲ ਕਹੀ ਹੈ। ਇਨ੍ਹਾਂ ਅੰਕੜਿਆਂ ਮੁਤਾਬਕ ਬੰਗਲਾ ਦੇਸ਼ ਦੀ ਰਾਜਧਾਨੀ ਢਾਕਾ ਸਭ ਤੋਂ ਵੱਧ ਭੀੜ ਵਾਲੀ ਹੈ, ਓਥੇ ਪ੍ਰਤੀ ਵਰਗ ਕਿ-ਲੋਮੀਟਰ ਵਿੱਚ 44,500 ਲੋਕ ਰਹਿੰਦੇ ਹਨ। ਇਸ ਤੋਂ ਬਾਅਦ ਭਾਰਤ ਦੀ ਆਰਥਿਕ ਰਾਜਧਾਨੀ ਕਹੇ ਜਾਂਦੇ ਮੁੰਬਈ ਸ਼ਹਿਰ ਦਾ ਨੰਬਰ ਹੈ, ਜਿੱਥੇ 31,700 ਲੋਕਾਂ ਦੀ ਪ੍ਰਤੀ ਵਰਗ ਕਿਲੋਮੀਟਰ ਰਿਹਾਇਸ਼ ਹੈ। ਇਸ ਸੂਚੀ ਵਿੱਚ ਰਾਜਸਥਾਨ ਦਾ ਕੋਟਾ ਸ਼ਹਿਰ ਵੀ ਸ਼ਾਮਲ ਹੈ, ਜਿੱਥੇ ਪ੍ਰਤੀ



ਵਰਗ ਕਿਲੋਮੀਟਰ ਵਿੱਚ 12,100 ਲੋਕ ਹਨ। ਸਭ ਤੋਂ ਵੱਧ ਭੀੜ ਵਾਲੇ ਸ਼ਹਿਰਾਂ ਦੀ ਸੂਚੀ ਵਿੱਚ ਕੋਟਾ 7ਵੇਂ ਨੰਬਰ ਉੱਤੇ ਹੈ। ਇਸ ਸੂਚੀ ਵਿੱਚ ਕੋਲੰਬੀਆ ਦਾ ਮੈਡੇਲਿਨ ਸ਼ਹਿਰ ਪ੍ਰਤੀ ਵਰਗ ਕਿਲੋਮੀਟਰ 19,700 ਲੋਕਾਂ ਨਾਲ ਤੀਸਰੇ ਤੇ ਮਨੀਲਾ (ਫਿਲੀਪੀਨਸ) 14,800 ਲੋਕਾਂ ਨਾਲ ਚੌਥੇ ਸਥਾਨ ਉੱਤੇ ਰਿਹਾ। ਮੋਰੱਕੋ ਦਾ ਕਾਸਾ ਬਲਾਂਕਾ ਪ੍ਰਤੀ ਵਰਗ ਕਿਲੋਮੀਟਰ 14,200 ਲੋਕਾਂ ਦੇ ਨਾਲ ਪੰਜਵੇਂ, ਨਾਈਜੀਰੀਆ ਦਾ ਲਾਗੋਸ 13,300 ਲੋਕਾਂ ਨਾਲ ਛੇਵੇਂ ਸਥਾਨ, ਸਿੰਗਾਪੁਰ 10,200 ਲੋਕਾਂ ਨਾਲ 8ਵੇਂ ਅਤੇ ਇੰਡੋਨੇਸ਼ੀਆ ਦਾ ਜਕਾਰਤਾ ਸ਼ਹਿਰ ਪ੍ਰਤੀ ਵਰਗ ਕਿਲੋਮੀਟਰ 9,600 ਲੋਕਾਂ ਦਾ ਨਿਵਾਸ ਸਥਾਨ ਹੋਣ ਨਾਲ 9ਵੇਂ ਨੰਬਰ 'ਤੇ ਰਿਹਾ।

# ਸਾਹਿਤਕ ਪੈੜ੍ਹਾਂ- ਇਸ ਹਫਤੇ ਦੇ ਸ਼ਾਇਰ




## ‘ਦੇਸ਼ ਦੁਆਬਾ’ ਦੇ 6ਵੇਂ ਵਰ੍ਹੇ ’ਤੇ ਹਾਰਦਿਕ ਵਧਾਈ

### ਜਨਾਬ ਪ੍ਰੇਮ ਕੁਮਾਰ ਚੁੰਬਰ ਜੀ- ਆਦਾਬ

‘ਦੇਸ਼ ਦੁਆਬਾ’ ਅਖਬਾਰ ਨੇ ਪੰਜ ਸਾਲ ਪੂਰੇ ਕਰਕੇ ਛੇਵੇਂ ਸਾਲ ਵਿਚ ਕਦਮ ਰੱਖ ਲਿਆ ਹੈ। ਸਾਰੇ ਸੰਪਾਦਕੀ ਮੰਡਲ ਅਤੇ ਪ੍ਰਬੰਧਕ ਬੋਰਡ ਨੂੰ ਬਹੁਤ-ਬਹੁਤ ਵਧਾਈ ਹੋਵੇ। ਚੁੰਬਰ ਸਾਹਿਬ ਤੁਸਾਂ ਦੇਸ਼ ਦੁਆਬਾ ਅਖਬਾਰ ਨੂੰ ਸਾਂਝੀਵਾਲਤਾ ਦਾ ਪ੍ਰਤੀਕ ਬਣਾਇਆ ਹੈ। ਸਾਰੇ ਧਰਮਾਂ ਨੂੰ ਬਰਾਬਰ ਮੰਨਿਆ ਅਤੇ ਇਕੱਤਰ ਕੀਤਾ ਹੈ। ਕਿਸੇ ਨੇ ਵੀ ਇਸ਼ਤਿਹਾਰ ਜਾਂ ਖਬਰ ਅਦਾਰੇ ਨੂੰ ਭੇਜੀ ਤੁਸੀਂ ਉਹਨੂੰ ਬੜੇ ਪਿਆਰ ਨਾਲ ਛਾਪਿਆ, ਕਦੇ ਵੀ ਕਿਸੇ ਨੂੰ ਨਿਰਾਸ਼ ਨਹੀਂ ਕੀਤਾ, ਬਲਕਿ ਮਿੱਠੀ ਬੋਲੀ ਬੋਲ ਕੇ ਆਪਣੇ ਦੋਸਤ ਬਣਾਇਆ ਹੈ। ਚੁੰਬਰ ਸਾਹਿਬ ਅੱਛੇ ਅਖਬਾਰ ਨਵੀਸ ਦਾ ਇਹੋ ਜਿਹਾ ਹੀ ਕਿਰਦਾਰ ਹੋਣਾ ਚਾਹੀਦਾ ਹੈ। ਅੱਜਕਲ੍ਹ ਜ਼ਿਆਦਾਤਰ ਅਖਬਾਰ ਇਸ਼ਤਿਹਾਰਾਂ ਦੀ ਆਮਦਨੀ ਨਾ ਚੱਲ ਰਹੇ ਹਨ ਪਰ ਚੁੰਬਰ ਸਾਹਿਬ ਤੁਹਾਡੇ ਨਾਲ ਐਸਾ ਨਹੀਂ ਹੋਇਆ। ਇਸ਼ਤਿਹਾਰ ਅਤੇ ਖਬਰਾਂ ਛਪ ਜਾਣ ਤੋਂ ਬਾਅਦ ਵੀ ਕੁਝ ਲੋਕਾਂ ਨੇ ਤੁਹਾਨੂੰ ਮਾਇਕ ਸਹਾਇਤਾ ਘੱਟ ਦਿੱਤੀ ਹੈ। ਬਹੁਤ ਸਾਰੇ ਵੀਰ ਤਾਂ ਕੰਮ ਕਰਵਾ ਕੇ ਭੁੱਲ ਹੀ ਜਾਂਦੇ ਹਨ, ਇਹ ਮਾੜੀ ਗੱਲ ਹੈ।

ਇਹ ਤੁਹਾਡੀ ਹਿੰਮਤ ਅਤੇ ਸੱਚੀ ਲਗਨ ਦਾ ਨਤੀਜਾ ਹੈ ਕਿ ਤੁਸੀਂ ਰਾਤ ਦਿਨ ਕੰਮ ਕਰਕੇ (ਦੋ ਬੱਚੇ ਅਤੇ ਧਰਮ ਪਤਨੀ) ਨੂੰ ਇਸ ਤੇਜ਼ ਰਫਤਾਰ ਮੁਲਕ ਅਮਰੀਕਾ ਵਿਚ ਸੈਟਲ ਕਰਨ ਦੇ ਨਾਲ ਨਾਲ ’ਦੇਸ਼ ਦੁਆਬਾ’ ਅਖਬਾਰ ਦੀ ਪ੍ਰਕਾਸ਼ਨਾ ਬਕਾਇਦਾ ਕਰ ਰਹੇ ਹੋ। ਅੱਜਕਲ੍ਹ ਤੁਸੀਂ ਵਿਸ਼ਵ ਦੇ ਵੱਡੇ ਵੱਡੇ ਅਖਬਾਰ ਨਵੀਸਾਂ ਨਾਲ ਕਦਮ ਮਿਲਾ ਕੇ ਚੱਲ ਰਹੇ ਹੋ। ਇਹ ਤੁਹਾਡੀ ਹਿੰਮਤ ਦਾ ਨਤੀਜਾ ਹੈ।

**ਤੁਮ ਕਰੋ ਤਿਨਕੇ ਇਕੱਠੇ**
**ਆਸ਼ੀਆ ਬਨ ਜਾਏਗਾ।**

**ਲੋਗ ਮਿਲਤੇ ਜਾਏਂਗੇ ਔਰ**
**ਕਾਰਵਾਂ ਬਨ ਜਾਏਗਾ।**

**ਤੁਮ ਬੜੋ ‘ਆਜ਼ਾਦ’ ਲੇਕਰ**
**ਖ਼ੂਬਸੂਰਤ ਸੇ ਖਿਆਲ**

**ਇਕ ਮੁਹੱਬਤ ਕਾ ਪਿਆਰਾ ਸਾ**
**ਜਹਾਂ ਬਨ ਜਾਏਗਾ।**

## ਗੀਤ

ਹੋਸ਼ ਕਰੋ ਪੰਜਾਬੀ ਵੀਰੋ
ਫਿਰ ਪਿੱਛੋਂ ਪਛਤਾਇਓ ਨਾ

ਵਿਚ ਪਰਦੇਸਾਂ ਆ ਕੇ
ਆਪਣੀ ਮਾਂ ਬੋਲੀ ਭੁੱਲ ਜਾਇਓ ਨਾ

ਮੰਨਿਆ ਕਿ ਰੁਜ਼ਗਾਰ ਲਈ
ਅੱਜ ਇੰਗਲਿਸ਼ ਬਹੁਤ ਜ਼ਰੂਰੀ ਏ

ਪਰ ਆਪਣੀ ਬੋਲੀ ਭੁੱਲ ਜਾਣਾ
ਕਿੱਥੇ ਦੀ ਮਜਬੂਰੀ ਏ

ਆਪਣੀ ਮਾਂ ਨੂੰ ਛੱਡ ਕੇ ਗੀਤ
ਪਰਾਈ ਮਾਂ ਦੇ ਗਾਇਓ ਨਾ

ਮਾਂ ਬੋਲੀ ਪੰਜਾਬੀ ਸਾਡੀ
ਜੇ ਇਸ ਨੂੰ ਭੁੱਲ ਜਾਵਾਂਗੇ

ਇਕ ਦਿਨ ਸ਼ੱਖਾਂ ਵਾਂਗਰ ਸਾਰੇ
ਗਲੀਆਂ ਵਿਚ ਰੁਲ ਜਾਵਾਂਗੇ

ਆਪਣੇ ਵਿਰਸੇ ਦਾ ਸਰਮਾਇਆ
ਮਿੱਟੀ ਵਿਚ ਮਿਲਾਇਓ ਨਾ

ਜਿਸ ਬੋਲੀ ਨੂੰ ਗੁਰੂਆਂ
ਮਹਾਂਪੁਰਸ਼ਾਂ ਨੇ ਭਾਗ ਲਗਾਇਆ ਏ

ਜਿਸ ਬੋਲੀ ਦਾ ਬੁੱਲ੍ਹੇ ਸ਼ਾਹ
ਵਾਰਿਸ ਨੇ ਮਾਣ ਵਧਾਇਆ ਏ

ਭੁੱਲ ਕੇ ਭੀ ਉਸ ਬੋਲੀ ਨੂੰ
ਇੰਗਲਿਸ਼ ਦੀ ਭੇਟ ਚੜ੍ਹਾਇਓ ਨਾ।

ਡਾਲਰ ਬਹੁਤ ਕਮਾ ਲਏ ਆਪਾਂ
ਥੋੜ੍ਹਾ ਹੋਰ ਸੰਘਰਸ਼ ਕਰੋ

ਆਪਣੀ ਤੇ ’ਆਜ਼ਾਦ’ ਬੀਤ ਗਈ
ਬੱਚਿਆਂ ਤੇ ਕੁਛ ਤਰਸ ਕਰੋ

ਮਾਂ ਬੋਲੀ ਤੋਂ ਵੱਖ ਕਰਕੇ
ਔਲਾਦ ਆਪਣੀ ਭਟਕਾਇਓ ਨਾ।

**– ਆਜ਼ਾਦ ਜਲੰਧਰੀ**

## ਗੀਤ

ਅੱਖਾਂ ਰੋਨੀਆਂ ਤਾਂ ਦੇਖਦਾ ਜ਼ਮਾਨਾ
ਦਿਲਾਂ ਨੂੰ ਰੋਂਦੇ ਕੌਣ ਦੇਖਦਾ
ਅੱਖਾਂ ਲੱਭ ਲੈਣ ਰੋਣ ਦਾ ਬਹਾਨਾ
ਦਿਲਾਂ ਨੂੰ ਰੋਂਦੇ ਕੌਣ ਦੇਖਦਾ।

ਅੱਖੀਆਂ ਤਾਂ ਰੋ ਕੇ ਕੱਢ ਲੈਂਦੀਆਂ ਗੁਬਾਰ ਨੇ
ਚੁੱਪ ਕੀਤੇ ਦੁੱਖ ਪੈਂਦੇ ਦਿਲਾਂ ਨੂੰ ਸਹਾਰਨੇ
ਸਾਂਭੀ ਰੱਖਦੇ ਨੇ ਪੀੜਾਂ ਦਾ ਖਜ਼ਾਨਾ
ਦਿਲਾਂ ਨੂੰ ਰੋਂਦੇ ਕੌਣ ਦੇਖਦਾ।

ਦਿਲ ਤਾਂ ਬੇਚਾਰਾ ਹੁੰਦਾ ਸਦਾ ਮਜਬੂਰ ਏ
ਪਿਆਰ ਵਿਚ ਹੁੰਦਾ ਸਾਰਾ ਅੱਖਾਂ ਦਾ ਕਸੂਰ ਏ
ਦਿਲ ਬਣ ਜਾਂਦਾ ਕੈਹਰ ਦਾ ਨਸ਼ਾਨਾ
ਦਿਲਾਂ ਨੂੰ ਰੋਂਦੇ ਕੌਣ ਦੇਖਦਾ।

ਦਿਲਾਂ ਦੇ ਇਹ ਖੋਟੇ ਲੋਕੀ ਵੈਰੀ ਨੇ ਪਿਆਰ ਦੇ
ਆਸ਼ਿਕਾਂ ਦੇ ਸੀਨਿਆਂ ਤੇ ਠੋਕਰਾਂ ਨੇ ਮਾਰਦੇ
ਦਿਲ ਤੋੜਨਾ ਤੇ ਖੇਲ ਹੈ ਪੁਰਾਨਾ
ਦਿਲਾਂ ਨੂੰ ਰੋਂਦੇ ਕੌਣ ਦੇਖਦਾ।

ਟੁੱਟੇ ਦਿਲ ਜੋੜਨੇ ਦਾ ਏਥੇ ਕੋਈ ਰਿਵਾਜ਼ ਨਹੀਂ
ਸੁਣਦਾ ’ਆਜ਼ਾਦ’ ਕੋਈ ਦਿਲਾਂ ਦੀ ਆਵਾਜ਼ ਨਹੀਂ
ਚੁੱਪ ਕਰ ਜਾ ਦਿਲਾ ਤੂੰ ਬੇਈਮਾਨਾ
ਦਿਲਾਂ ਨੂੰ ਰੋਂਦੇ ਕੌਣ ਦੇਖਦਾ।

**– ਆਜ਼ਾਦ ਜਲੰਧਰੀ**

## ਧਰਮ ਦੇ ਰਾਖੇ

ਧਰਮ ਦੇ ਦੋਖੀ ਮਿਲਨ ਹਜ਼ਾਰਾਂ
ਧਰਮ ਦੇ ਰਾਖੇ ਘੱਟ ਮਿਲਦੇ ਨੇ।

ਬਾਹਰੋਂ ਦਾਨੇ ਸਾਨੇ ਸਾਊ
ਅੰਦਰੋਂ ਚੌੜ ਚੁਪੱਟ ਮਿਲਦੇ ਨੇ।

ਇਕ ਅੱਖਰ ਤਬਦੀਲ ਨਾ ਕੀਤਾ
ਗੁਰੂ ਅਰਜਨ ਕੁਰਬਾਨ ਹੋ ਗਏ।

ਉਸ ਬਾਣੀ ਦੀ ਅਜ਼ਮੱਤ ਨੂੰ ਅੱਜ
ਲੋਕ ਮਾਰਦੇ ਸੱਟ ਮਿਲਦੇ ਨੇ।

ਕੌਣ ਕਰੇ ਦਸਮੇਸ਼ ਪਿਤਾ ਦੇ
ਵਾਂਗਰ ਅੱਜ ਮਜ਼ਲੂਮ ਦੀ ਰਾਖੀ।

ਅੱਜਕਲ੍ਹ ਤੇ ਮਜ਼ਲੂਮਾਂ ਦੇ
ਜ਼ਖਮਾਂ ਨੂੰ ਡੂੰਘੇ ਫੱਟ ਮਿਲਦੇ ਨੇ।

ਦੇਸ਼ ਧਰਮ ਦਾ ਨਾਂ ਚਮਕਾ ਗਏ
ਪੱਥਰਾਂ ਵਿਚੋਂ ਰੱਬ ਨੂੰ ਪਾ ਗਏ।

ਨਲੂਏ ਤੇ ਰੰਜੀਤ ਯਾ
ਧੰਨੇ ਵਰਗੇ ਕਿੱਥੇ ਜੱਟ ਮਿਲਦੇ ਨੇ।

ਗੱਲਾਂ ਦੇ ਅੱਜ ਲੋਕ ਧਨੀ ਨੇ
ਪਰ ਆਚਾਰ ਬਿਹਾਰੋਂ ਖਾਲੀ।

ਬਿਨਾ ਵਜ੍ਹਾ ਆਪਿਸ ਵਿਚ ਪਾਈ
ਲੋਕੀ ਬੈਠੇ ਵੱਟ ਮਿਲਦੇ ਨੇ।

ਗੁਰੂ ਨਾਨਕ ਦੇ ਵਾਂਗਰ ਅੱਜਕਲ੍ਹ
ਸੱਚਾ ਸੌਦਾ ਕੋਈ ਨਾ ਕਰਦਾ।

ਕਈ ਪਾਖੰਡੀ ਖੋਹਲ ਕੇ ਓਹਦੇ
ਨਾਂ ਤੇ ਬੈਠੇ ਹੱਟ ਮਿਲਦੇ ਨੇ।

ਪੂਰਬ ਪੱਛਮ ਉਤਰ ਦੱਖਣ
ਕਣ ਕਣ ਵਿਚ ਸਮਾਇਆ ਬਾਬਾ।

ਸੱਚੇ ਦਿਲ ਨਾਲ ਅਗਰ ਬੁਲਾਈਏ
ਗੁਰੂ ਨਾਨਕ ਤੇ ਝੱਟ ਮਿਲਦੇ ਨੇ।

ਬਾਬੇ ਨਾਨਕ ਨੇ ਜੋ ਪੀਤੀ
ਲੋਕੀ ਭੁੱਲ ਗਏ ਨਾਮ ਖੁਮਾਰੀ।

ਨਾਮ ਖੁਮਾਰੀ ਦੀ ਥਾਂ ਅੱਜਕਲ੍ਹ
ਥਾਂ ਥਾਂ ਉੜਦੇ ਡਟ ਮਿਲਦੇ ਨੇ।

ਦੇਸ਼ ਧਰਮ ਤੇ ਕੌਮ ਦੇ ਰਾਖੇ
ਨਜ਼ਰ ਕਿਤੇ ’ਆਜ਼ਾਦ’ ਨਹੀਂ ਆਉਂਦੇ।

ਕੁਰਸੀ ਲਈ ਜੋ ਪਾਉਣ ਬਾਜੀਆਂ
ਬਾਜ਼ੀਗਰ ਤੇ ਨੱਟ ਮਿਲਦੇ ਨੇ।

**–ਆਜ਼ਾਦ ਜਲੰਧਰੀ**

## ਗੀਤ

ਆਪਣੇ ਪੰਜਾਬ ਨੂੰ ਸਮਾਹਲ ਓਹ ਪੰਜਾਬੀਆ
ਦੇਖ ਮੰਦਾ ਹੋਇਆ ਇਹਦਾ ਹਾਲ ਓਹ ਪੰਜਾਬੀਆ।

ਬੜੇ ਘਰਾਂ ਦੇ ਪੁੱਤ ਲਾਡਲੇ ਕੰਮ ਨੂੰ ਹੱਥ ਨਾ ਲਾਉਂਦੇ
ਦਿਨ ਨੂੰ ਸੜਕਾਂ ਨਾਪਣ ਰਾਤੀ ਘੁੱਟ ਲਾ ਕੇ ਨੇ ਸਾਉਂਦੇ
ਮੁੰਡੇ ਖਾਣ ਜੈਹਰ ਦੀਆਂ ਪੁੜੀਆਂ ਅੱਜਕਲ੍ਹ ਮਾਡਲ ਬਣੀਆਂ ਕੁੜੀਆਂ
ਕੀਤਾ ਨਸ਼ਿਆਂ ਨੇ ਸਭ ਨੂੰ ਬੇਹਾਲ ਓਹ ਪੰਜਾਬੀਆ।

ਅਜਕਲ ਦੇ ਹੀਰਾਂ ਤੇ ਰਾਂਝੇ ਰੰਗ ਫਿਲਮਾਂ ਦੇ ਰੰਗੇ
ਜਾ ਕੇ ਵਿਚ ਕਲੱਬਾਂ ਨੱਚਣ ਇਹ ਹੋ ਕੇ ਅੱਧ-ਨੰਗੇ
ਮੁੰਡੇ ਕੁੜੀਆਂ ਨੇ ਬੇਕਾਬੂ ਕੀਤਾ ਅੱਜ ਡਿਸਕੋ ਨੇ ਜਾਦੂ
ਭੁੱਲੇ ਆਪਣਾ ਇਹ ਵਿਰਸਾ ਕਮਾਲ ਓਹ ਪੰਜਾਬੀਆ।

ਮੰਨਿਆ ਤੈਂ ਅਮ੍ਰੀਕਾ ਜਾ ਕੇ ਡਾਲਰ ਖੂਬ ਕਮਾਏ
ਪਰ ਤੇਰੀ ਇਸ ਧਰਤੀ ਉਤੇ ਬੈਹਿ ਗਏ ਲੋਕ ਪਰਾਏ
ਭੁੱਖੇ ਮਰਨ ਜ਼ਮੀਨਾਂ ਵਾਲੇ ਲੱਗੇ ਅੱਜ ਘਰਾਂ ਨੂੰ ਤਾਲੇ
ਦੱਬੇ ਵੀਰ ਤੇਰੇ ਕਰਜ਼ੇ ਦੇ ਨਾਲ ਓਹ ਪੰਜਾਬੀਆ।

ਬੁੱਲ੍ਹੇਸ਼ਾਹ ਨਾਨਕ ਦੀ ਧਰਤੀ ਤੈਨੂੰ ਅੱਜ ਪੁਕਾਰੇ
ਭਗਤ ਸਿੰਘ ਦੀ ਰੂਹ ਪਈ ਤੈਨੂੰ ਅੱਜ ਅਵਾਜ਼ਾਂ ਮਾਰੇ
ਕਿੱਥੇ ਗਈ ਤੇਰੀ ਸਰਦਾਰੀ। ਤੇਰੀ ਮੱਤ ਡਾਲਰਾਂ ਨੇ ਮਾਰੀ
ਆਜਾ ਕੱਟ ਕੇ ’ਆਜ਼ਾਦ’ ਮਾਇਆ ਜਾਲ ਓਹ ਪੰਜਾਬੀਆ।

**– ਆਜ਼ਾਦ ਜਲੰਧਰੀ**

## ਲੁੱਕਣ ਮਿੱਚੀਆਂ

**ਗੁਰਦਿਆਲ ਸਿੰਘ ਨੂਰਪੁਰੀ**
**(408-659-5880)**



ਸਥਾਈ–
ਚੰਦ ਮਾਮੇ ਦੀ ਚਾਂਦਨੀ
ਬੱਦਲਾਂ ਦੀਆਂ ਛਾਵਾਂ
ਖੇਡਦੇ ਸਾਂ ਲੁੱਕਣ ਮਿੱਚੀਆਂ
ਵਾਂਗੂੰ ਭੈਣ ਭਰਾਵਾਂ
ਮੈਨੂੰ ਅਜੇ ਵੀ ਚੇਤੇ ਆਉਂਦੀਆਂ
ਉਹ ਕੱਚੀਆਂ ਰਾਵਾਂ ....

ਅੰਤਰਾ–
ਬੱਲਦਾਂ ਨਾ ਵਾਹੀਆਂ ਕਰਦੇ ਸੀ
ਲੋਕੀ ਸਖਤ ਕਮਾਈਆਂ ਕਰਦੇ ਸੀ
ਕਦੇ ਪੋਹ ਮਾਘ ਦੀਆਂ ਰਾਤਾਂ ਨੂੰ
ਕਦੇ ਸਾਉਣ ਦੀਆਂ ਬਰਸਾਤਾਂ ਨੂੰ
ਕਦੇ ਜੇਠ ਹਾੜ ਦੀਆਂ ਧੁੱਪਾਂ ਨੂੰ
ਲੱਭਦੇ ਸਾਂ ਠੰਡੀਆਂ ਛਾਵਾਂ
ਮੈਨੂੰ ਅਜੇ ਵੀ ਚੇਤੇ ਆਉਂਦੀਆਂ ....

ਅੰਤਰਾ:–
ਬਾਂਦਰ ਕੀਲਾ ਗੁੱਲੀ ਡੰਡਾ ਤਾੜ ਮਤਾੜਾ
ਖੇਡ ਹੁੰਦੀ ਸੀ ਬੜੀ ਪਿਆਰੀ
ਸਣੇ ਕੱਪੜਿਆਂ ਲਾ ਲੈਂਦੇ
ਸਾਂ ਛੱਪੜਾਂ ਵਿਚ ਤਾਰੀ
ਜਦੋਂ ਮੈਰਾਂ ਦੇ ਵਿਚ ਚਾਰਦੇ
ਗਾਂ ਮੱਝੀਆਂ ਗਾਵਾਂ
ਮੈਨੂੰ ਅਜੇ ਵੀ ਚੇਤੇ ਆਉਂਦੀਆਂ ...

ਅੰਤਰਾ:–
ਖੁੱਦੋ ਖੂੰਡੀ ਫੁਟਬਾਲ ਕਬੱਡੀ
ਦੀ ਤਾਂ ਕੀ ਗੱਲ ਕਰਨੀ
ਪੋਹ ਮਾਘ ਦੀ ਰੁੱਤੇ ਵੀ
ਆ ਜਾਣੀ ਗਰਮੀ
ਅਖਾੜਿਆਂ ਦੇ ਵਿਚ ਨਿੱਤਰਦਾ
’ਨੂਰਪੁਰੀ’ ਕੋਈ ਟਾਂਵਾ ਟਾਂਵਾ
ਮੈਨੂੰ ਅਜੇ ਵੀ ਚੇਤੇ ਆਉਂਦੀਆਂ
ਉਹ ਕੱਚੀਆਂ ਰਾਵਾਂ।



### ਪਿਤਾ ਦਿਵਸ ਤੇ ਵਿਸ਼ੇਸ਼

## ਧੀ ਵਲੋਂ ਦਰਦਾਂ ਭਰਿਆ ਗੀਤ

ਅੱਜ ਮੈਨੂੰ ਯਾਦ ਮੇਰੇ, ਬਾਪ ਦੀ ਸਤਾਏ ਨੀ।

ਸੁਰਗਾਂ 'ਚ ਬੈਠੀ ਅੱਜ, ਮਾਂ ਵੀ ਯਾਦ ਆਏ ਨੀ।

ਵਿਹੜੇ ਵਿੱਚ ਬੈਠਾ ਬਾਪੂ, ਮੰਜੇ ਉੱਤੇ ਫੱਬਦਾ।

ਘਰ ਸਾਰਾ ਓਸ ਨਾਲ, ਭਰਿਆ ਸੀ ਲੱਗਦਾ।

ਉੱਠ ਗਏ ਅੱਜ ਸਿਰੋਂ, ਮਾਪਿਆਂ ਦੇ ਸਾਏ ਨੀ।

ਅੱਜ.........

ਸਿਰ ਉੱਤੇ ਹੱਥ ਧਰ, ਸੀਨੇ ਨਾਲ ਲਾਂਵਦਾ।

ਅਸੀਸ ਉਹਦੀ ਸੁਣ ਸੀ, ਕਲੇਜਾ ਠਰ ਜਾਂਵਦਾ।

ਦੁੱਖ ਸੁੱਖ ਪੁੱਛਦਾ ਤੇ ਆਪਣਾ ਸੁਣਾਏ ਨੀ।

ਅੱਜ........

ਪੇਕਿਆਂ ਦੇ ਮਹਿਲ ਹੁਣ, ਦਿੱਲ ਨੂੰ ਨਾ ਭਾਂਵਦੇ।

ਹੁਸਨ, ਜਵਾਨੀ, ਮਾਪੇ, ਮੁੜ ਨਹੀਉਂ ਆਂਵਦੇ।

ਮਾਪਿਆਂ ਦੀ ਦੇਣ ਕਦੇ, ਭੁੱਲੇ ਨਾ ਭੁਲਾਏ ਨੀ।

ਅੱਜ........

ਪੁੱਤਾਂ ਸਾਂਭ ਲੈਣੀਆਂ, ਜ਼ਮੀਨਾਂ ਜਾਇਦਾਦਾਂ ਨੀ।

ਧੀਆਂ ਕੋਲ ਰਹਿਣਗੀਆਂ, ਮਿੱਠੀਆਂ ਤਾਂ ਯਾਦਾਂ ਨੀ।

'ਦੀਸ਼' ਨੇ ਤਾਂ ਮਾਪੇ ਸਦਾ, ਦਿੱਲ 'ਚ ਵਸਾਏ ਨੀ।

ਅੱਜ........

**– ਗੁਰਦੀਸ਼ ਕੌਰ ਗਰੇਵਾਲ**
**403-404- 1450 (ਕੈਲਗਰੀ)**

## ਕਬਿੱਤ ਫੇਸ-ਬੁੱਕ ਦਾ



ਪਾਈ ਜਾਣ ਫੋਟੋ
ਬਹੁਤੇ ਟੌਹਰਾਂ ਕੱਢ ਕੇ
ਪੁੱਛੀ ਜਾਣ ਦੱਸੋ ਜੀ
ਕਿੱਦਾਂ ਦੀ ’ਲੁੱਕ’ ਜੀ।

ਟੋਟਕੇ ਪਾਉਂਦੇ ਨੇ ਬਹੁਤੇ
ਵਿਦਵਾਨਾਂ ਦੇ
ਦੋਸਤਾਂ ’ਚ ਆਪਣੀ ਬਣਾਉਂਦੇ ਠੁੱਕ ਜੀ।

ਕੇਕ ਵਾਲ਼ੀ ਫੋਟੋ ਪਾ ਅਸੀਸਾਂ ਮੰਗਦੇ
ਕੋਈ ਦੱਸੇ ਗਿਆ ਐ ਫਲਾਣਾ ਮੁੱਕ ਜੀ।

ਕਈਆਂ ਦੀਆਂ ਪੋਸਟਾਂ ਹਲੂਣਾ ਦਿੰਦੀਆਂ
ਕੁਝ ਤਾਂ ਪਰੋਸੀ ਜਾਂਦੇ ਨਿੱਕ-ਸੁੱਕ ਜੀ।

ਘੜੀ ਘੜੀ ਕਈ ਤਾਂ ਲਿਖੀ ਜਾਣ ’ਵਾਲ’ ’ਤੇ
ਭੁੱਲ ਜਾਂਦੇ ਹੋਣਗੇ ਉਹ ਰੋਟੀ-ਟੁੱਕ ਜੀ।

ਤਾਅਨੇ ਮਿਹਣੇ ਮਾਰਦੇ ਗੁਸੈਲੀ ਭਾਸ਼ਾ ’ਚ
ਕਈਆਂ ਨੇ ਬਣਾ ’ਤੀ ਐ ਕਲੇਸ਼-ਬੁੱਕ ਜੀ!

**– ਤਰਲੋਚਨ ਸਿੰਘ ’ਦੁਪਾਲਪੁਰ’**
**001-408-915-1268**

# Bharta Rattan Babasaheb Dr. Ambedkar's 126th birthday Celebration

**Hayward-** 126th Birthday of "Bharat Ratna" Dr. B.R. Ambedkar was celebrated on Sunday April 30, 2017 at Golden Peacock Banquets, in Hayward, California by Dr. Ambedkar Educational Aid Society and Ambedkar International Center, USA. Over 300 people enjoyed the celebrations. Function stared with nation anthems of USA and India function sung by Margaret Hurtado and Alka Bhatnagar.

Honorable Consul General Venkatesan Ashok ji was the Guest of Honor and Mr. Jai Pal Virdi from Canada was the Keynote speaker at this event. Consul Venkata Ramana, Mr. O.P. Balley and other speakers shared their views about Baba Sahib's life and achievements.

Alka Bhatnagar, U.P. "RATNA AWARDEE" and her young students sang 2 amazing songs. Jaya Sharma and her students' dance performance was excellent.

Special thanks to the following members of the team: Ram Saroay, Amrik Chand, Shashi Paul, Ramesh Suman, Ram Kumar, Tavinder Kazla, Vinod Chumber, Rama Krishna Bhopathi, Takshak Kumar, Kranthi Kumar.

We are thankful to all the participants and the promoters for their help and support: Ambedkar Times and Desh Doaba Newspapers, S. Ashok Bhaura, Faqira Mehmi, Banga Constructions, Majestic Homes Real Estate Services, Kewal Bolina, Hans Raj Kajla, Om Parkash Balley, RAM Brothers, Kashmiri Bhatia, Shinder Paul Narabat, Dr. Harmesh Kumar, Som Nath Bhatia, Major & Gina Bhatia, Dr. Gagan Deep Mall, Ram Nath Chamber, Harmesh Bangar, Narinder Chahal, Balbir Thind, Ram Labhaya ; Balbir Thind. We would like to have a larger event next year with the help and cooperation of the groups that believe in Baba Sahib's mission and vision.

**Dr. Ambedkar Educational Aid Society**
**Ambedkar International Center, USA**
***Report by- Ramesh Suman***






















(All pictures by Prem Kumar Chumber Ambedkar Times)




# Bharta Rattan Babasaheb Dr. Ambedkar's 126th birthday Celebration







(All pictures by Prem Kumar Chumber Ambedkar Times)






















# MAJESTIC HOMES



## JUST LISTED

**$728,888**

**2087 Bluerock Ct**
**CONCORD**

**4 Bedrooms and 3 Bathrooms - Home in Concord**

**LOCATION! LOCATION! LOCATION!!.** Beautiful split-level home with 4 Bedrooms and 3 bathrooms. Crown molding, stainless steel applianes. Deck in the back yard looking over the hills. Very well maintained home at the top of the hill with the view of Mt Diablo in exclusive quiet neighborhood.

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ਵੀ ਗੱਲ ਕਰ ਸਕਦੇ ਹੋ।



**Ramesh Suman, Broker**
BRE - 00871752 GRI, CDPE, RCS-D
RES.NET AMP REO Certified
HAFA Short Sale Specialist
Director - East Bay Regional Data, Inc.
925) 779-1234



**Deo Raj "Dave" Singh, Realtor**
BRE License - 01789784
Direct: (925)766-3280
E-mail:
Dave@MajesticHomes.us




**Rajbir S. Sarkaria, Realtor**
BRE License - 01499991
Direct: (925)766-5784
E-mail:
Raj@MajesticHomes.us

**2006 A Street, Suite 219, Antioch, CA 94509**

**Service Excellence - Experience the Difference**

WWW.MajesticHomes.US Email: Ramesh@RameshSuman.com



## JUST LISTED

**$438,888**

**848 Fan Palm Ct Brentwood**

**3 Bedroom, 2 Bathrooms & Huge loft - Home in Brentwood**

Almost new home home with 3 bedrooms and 2.5 bathrooms. Granite counters, pergo flooring in the living room. Water softner system for the whole house. Huge loft upstairs. Close to Shopping and schools.